# ਵਰਿਆਮ

ਤ੯ਵਾਂ ਸਾਲ

ਫਰਵਰੀ ੨੦੧੩



**ਸ੍ਰੀ ਸਤਿਗੁਰੂ ਰਾਮ ਸਿੰਘ ਜੀ**

ਪ੍ਰਕਾਸ਼ ੩ ਫਰਵਰੀ ੧੮੧੬ ਈ.

ਬਸੰਤ ਪੰਚਮੀ ੧੮੭੨ ਬਿ.

25/-

Namdhari Elibrary

NamdhariElibrary@gmail.com

ਕੋਟਲੇ ਦੀ ਧਰਤ ਦੀ ਕਿਆ ਸ਼ਾਨ ਹੈ, ਜੰਗੇ ਆਜ਼ਾਦੀ ਦਾ ਇਹ ਮੈਦਾਨ ਹੈ



ਸਤਿਗੁਰੂ ਰਾਮ ਸਿੰਘ ਦੇ ਲਾਡਲੇ ਸਿੰਘਾਂ ਦੀ ਨਿਰਾਲੀ ਸ਼ਾਨ

ਮਾਲੇਰ ਕੋਟਲਾ ਵਿਚ ਤੋਪਾਂ ਨਾਲ ਉਡਾਏ ਗਏ, ਤਲਵਾਰ ਨਾਲ ਸ਼ਹੀਦ ਹੋਏ ਡੀ.ਸੀ. ਕਾਵਨ ਨੂੰ ਦਾੜ੍ਹੀ ਤੋਂ ਝੰਜੋੜਦੇ ਹੋਏ ਜੁਆਨ ਕੂਕੇ



ਰਾਮ ਬਾਗ ਅੰਮ੍ਰਿਤਸਰ ਦੇ ਬੋਹੜ ਨਾਲ ਫਾਹੇ ਲਾਏ ਗਏ ਨਾਮਧਾਰੀ ਸਿੰਘ

Namdhari Elibrary NamdhariElibrary@gmail.com

# ਵਰਿਆਮ

ਫਰਵਰੀ -੨੦੧੩

ਜਿਲਦ-੩੮

ਅੰਕ- ੪


**ਸੰਪਾਦਕ**

**ਜਗਦੀਸ਼ ਸਿੰਘ 'ਵਰਿਆਮ'**

ਸ਼੍ਰੋਮਣੀ ਪੰਜਾਬੀ ਸਾਹਿਤਕ ਪੱਤਰਕਾਰ

ਦਫਤਰ ਦਾ ਪਤਾ:
ਮਾਸਿਕ ਵਰਿਆਮ
ਲਾਡੋਵਾਲੀ ਰੋਡ
(ਸਾਹਮਣੇ ਸੈਂਟਰਲ ਟਾਊਨ)
ਜਲੰਧਰ- ੧੪੪੦੦੧

Office Address :
Monthly WARIAM
Ladowali Road.
Opp. Central Town,
Jalandhar-144001

ਫੋਨ-:੦੧੮੧- ੨੨੨੨੫੪੩ Ph. :0181-2222543 (O)

ਘਰ : ੦੧੮੧-੨੪੫੬੨੮੯ 0181-2456289 (R)


**ਵਰਿਆਮ ਦੇ ਦਰ**

| | |
|---|---|
| ਇਹ ਅੰਕ | ੨੫-੦੦ |
| ਸਲਾਨਾ ਚੰਦਾ | ੨੫੦-੦੦ |
| ਪੰਜ ਸਾਲ ਲਈ | ੧੦੦੦-੦੦ |
| ਜੀਵਨ ਮੈਂਬਰ | ੨੫੦੦-੦੦ |
| ਵਿਦੇਸ਼ ਲਈ ਹਵਾਈ ਡਾਕ ਰਾਹੀਂ | ੩੦ ਪੌਂਡ ਜਾਂ ੪੦ ਡਾਲਰ ਅਮਰੀਕੀ (ਸਾਲਾਨਾ) |

ਚੈਕ ਡਰਾਫਟ ਕੇਵਲ Wariam ਦੇ ਨਾਂਅ ਤੇ ਹੀ ਭੇਜੇ ਜਾਣ

**ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ**

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰਬਰ ੩-੧-੭੭ ਐਡੀਟਰਜ਼, ਮਿਤੀ ੩-੩-੭੭ ਰਾਹੀਂ ਪੰਜਾਬ ਪੰਜਾਬ ਭਰ ਦੇ ਸਕੂਲਾਂ, ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

## ਤਤਕਰਾ


ਪ੍ਰਗਟਿਆ ਸਤਿਗੁਰੂ ਰਾਮ ਸਿੰਘ –ਸੰਪਾਦਕ ........ ੨
ਪਿਰ ਦੇਖਨ ਕੀ ਆਸ –ਸੁਵਰਨ ਸਿੰਘ ਵਿਰਕ ........ ੩
Homage to Sri Satguru Jagjit Singh ji Maharaj ........ ੫
ਸਤਿਗੁਰੂ ਜਗਜੀਤ ਸਿੰਘ ਦਾ ਅਕਾਲ ਚਲਾਣਾ ਸਾਰੇ ਸਮਾਜ ਲਈ ਨਾ ਪੂਰਾ ਹੋਣ ਵਾਲਾ ਘਾਟਾ –ਪੂਰਨਿਮਾ ਬੇਰੀ ........ ੬
ਕੂਕਾ ਲਹਿਰ ਦੇ ਨਾਇਕ ਮਾਝੇ ਦੇ ਮੋਢੀ ਕੂਕਾ-ਆਗੂ ਬਾਬਾ ਨੈਣਾ ਸਿੰਘ 'ਵਰਿਆਹ' –ਸੁਵਰਨ ਸਿੰਘ ਵਿਰਕ ........ ੭
ਸ਼ਹੀਦ ਸੁਖ ਦੇਵ ਦੀ ਜਨਮ ਤਰੀਕ? –ਮਲਵਿੰਦਰ ਜੀਤ ਸਿੰਘ ਵੜੈਚ ........ ੧੪
ਜੂਹ 'ਚ ਸਾਡੀ ਵੜੀਂ ਨਾ –ਚਰਨ ਸੀਚੇਵਾਲਵੀ ........ ੧੫
ਰਾਜੇ ਸ਼ੀਹ ਮੁਕਦਮ ਕੁਤੇ –ਡਾ: ਹਰਸ਼ਿੰਦਰ ਕੌਰ ........ ੧੬
ਭਰੂਣ ਹੱਤਿਆ – ਮਹਿੰਦਰ ਕੌਰ ਦਾਸੀ ........ ੧੭
ਮੇਰੀ ਸਾਹਿਤਕ ਜੀਵਨੀ-੧੫ ਮਨੁੱਖੀ ਰਿਸ਼ਤਿਆਂ ਦਾ ਤਾਣਾ-ਬਾਣਾ –ਵਰਿਆਮ ਸਿੰਘ ਸੰਧੂ ........ ੧੮
ਜਦੋਂ ਮੈਕਾਲਿਫ਼ ਮੇਰੇ ਪਿੰਡ ਰਿਹਾ –ਗੁਰਬਚਨ ਸਿੰਘ ਭੁੱਲਰ ........ ੨੩
ਸੁਨੇਹਾ ਨੂਰੇ ਮਾਹੀ ਦਾ –ਰਣਜੀਤ ਆਜ਼ਾਦ ਕਾਂਝਲਾ ........ ੨੫
ਨਵੇਂ ਵਰ੍ਹੇ ਦੀ ਪਹਿਲੀ ਕਿਰਨੇ! –ਪ੍ਰਿੰ. ਕਰਤਾਰ ਸਿੰਘ ਕਾਲੜਾ ........ ੨੬
ਨਵੇਂ ਵਰ੍ਹੇ ਤੇ ਦੁਆ –ਰਾਜਿੰਦਰ ਪਰਦੇਸੀ ........ ੨੬
ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਵਿਛੋੜੇ ਵਿਚ –ਲਖਵਿੰਦਰ ਸਿੰਘ ਬਾਜਵਾ ........ ੨੭
ਉਦੋ ਪ੍ਰਕਾਸ਼ ਹੋ ਗਿਆ –ਕਰਨੈਲ ਸਿੰਘ ਅਸਪਾਲ ........ ੨੭
ਦੋ ਗ਼ਜ਼ਲਾਂ/ –ਹਰਨੇਕ ਸਿੰਘ ਕੋਮਲ ........ ੨੮
ਗ਼ਜ਼ਲ –ਸਿਰੀ ਰਾਮ ਅਰਸ਼ ........ ੨੮
ਗ਼ਜ਼ਲ –ਨਿਰਮਲ ਸਿੰਘ ਭੰਡਾਲ ........ ੨੮
ਦੋ ਗ਼ਜ਼ਲਾਂ/ –ਪ੍ਰੋ. ਜਸਵੰਤ ਸਿੰਘ ਕੇਲਵੀ ........ ੨੯
ਦੋ ਗ਼ਜ਼ਲਾਂ/ –ਸੁਰਿੰਦਰ ਕੌਰ ਬਾੜਾ ........ ੨੯
ਬੜੇ ਹੀ ਪਿਆਰੇ ਨੇ –ਮਾਸਟਰ ਅਮਰੀਕ ਸਿੰਘ ........ ੩੦
ਲਾਂਵੀਂ ਬੇੜੇ ਪਾਰ ਆ ਕੇ –ਕਰਨੈਲ ਸਿੰਘ ਅਸਪਾਲ ........ ੩੦
ਸਤਿਗੁਰੂ ਜਗਜੀਤ ਸਿੰਘ ਕੁਝ ਅਭੁੱਲ ਯਾਦਾਂ –ਸੁਲੱਖਣ ਸਿੰਘ ਡਿੱਲੋਂ ........ ੩੧
ਭਾਰ ਨਾ ਬਣ ਜਾਵਾਂ –ਭੁਪਿੰਦਰ ਉਸਤਾਦ ........ ੩੨
ਖ਼ਬਰਨਾਮਾ ........ ੩੯
ਪ੍ਰਤੀਕਿਰਿਆ ........ ੪੪



ਰਚਨਾਵਾਂ ਭੇਜਣ ਲਈ ਈ-ਮੇਲ ਦਾ ਪਤਾ :
whitecrossprinters2012@gmail.com
whitecrossprinters@rediffmail.com





Namdhari Elibrary NamdhariElibrary@gmail.com

# ਪ੍ਰਗਟਿਆ ਸਤਿਗੁਰੂ ਰਾਮ ਸਿੰਘ

ਰਾਮ ਕਹਿਤ ਚਿਤ ਸ਼ਾਂਤ ਹੋਇ ਸਿੰਘ ਕਹਿਤ ਭੈ ਹਾਨਿ
ਤਾਤੇ ਨਿਤ ਨਿਤ ਸਿਮਰੀਐ ਰਾਮ ਸਿੰਘ ਭਗਵਾਨ —ਸੰਤ ਧਿਆਨ ਸਿੰਘ

ਸਤਿਗੁਰੂ ਰਾਮ ਸਿੰਘ ਜੀ ਦਾ ਮਹਾਤਮ, ਕੀਰਤੀ ਜੱਸ ਅੱਜ ਦੁਨੀਆ ਦੇ ਹਰ ਕੋਨੇ ਵਿਚ ਪ੍ਰਕਾਸ਼ਮਾਨ ਹੈ।

ਬਸੰਤ ਰੁੱਤ ਵਿਚ, ਮਾਘੀ ਸੁਦੀ ਪੰਚਮੀ ਸੰਮਤ ੧੮੭੨ ਬਿਕ੍ਰਮੀ (੩ ਫਰਵਰੀ ੧੮੧੬ ਈਸਵੀਂ ਸੰਨ) ਨੂੰ ਆਪ ਦਾ ਅਵਤਾਰ-ਪ੍ਰਕਾਸ਼ ਹੋਇਆ। ਇਸ ਕਰਕੇ ਸਤਿਗੁਰੂ ਰਾਮ ਸਿੰਘ ਜੀ ਦਾ ਗੁਰਪੁਰਬ ਅਤੇ ਬਸੰਤ ਸਮਅਰਥੀ ਹੀ ਹੋ ਗਏ ਹਨ। ਏਸ ਪੁਰਬ ਨੂੰ ਸੰਖੇਪ ਵਿਚ ਬਸੰਤ ਹੀ ਕਿਹਾ ਜਾਂਦਾ ਹੈ। ਬਸੰਤ ਰੁਤ ਨਾਲ ਫੁੱਲਾਂ, ਬਨਸਪਤੀ ਦੇ ਮੌਲਣ ਅਤੇ ਖਿੜਨ, ਖੁਸ਼ੀਆਂ ਅਤੇ ਸੁੰਦਰਤਾ ਦਾ ਸਬੰਧ ਹੈ। ਬਸੰਤੀ ਮੌਸਮ ਖਿੜੇ ਹੋਏ ਰੰਗ ਰੂਪ ਖੁਸ਼ਬੋਦਾਰ ਸੁਗੰਧੀਆਂ ਭਰਿਆ ਵਾਤਾਵਰਨ ਸਭ ਕੁਝ ਖੁਸ਼ੀਆਂ ਦਾ ਹੀ ਪ੍ਰਤੀਕ ਹੈ।

ਸੋ ਸਤਿਗੁਰੂ ਰਾਮ ਸਿੰਘ ਜੀ ਦੀ ਆਮਦ ਜਿਥੇ ਬਨਸਪਤੀ ਮੌਲਣ ਦਾ ਸੰਕੇਤ ਹੈ ਉਥੇ ਦੇਸ਼ਵਾਸੀਆਂ ਦੇ ਮਨਾਂ ਵਿਚ ਇਤਿਹਾਸ ਵਲੋਂ ਪਾਈ ਸਾਹ ਸਤ ਹੀਣਤਾ, ਮਾਯੂਸੀ ਅਤੇ ਢਹਿੰਦੀ ਕਲਾ ਨੂੰ ਬਲ ਦੇਣ ਅਤੇ ਪ੍ਰਫੁਲਤ ਕਰਨ ਦਾ ਵੀ ਆਰੰਭ ਹੈ। ਹਨੇਰਿਆਂ ਮਨਾਂ ਵਿਚ ਚਾਨਣ ਕਰਨ ਦੀ ਸ਼ੁਰੂਆਤ ਹੈ। ਇਹ ਇਤਿਹਾਸਕ ਤੱਥ ਹੈ ਕਿ ਗੁਰੂ ਰਾਮ ਸਿੰਘ ਜੀ ਨੇ ਸੁੱਤੀ ਹੋਈ ਕੌਮ ਦੀ ਆਤਮਾ ਨੂੰ ਮਾਯੂਸੀ ਦੇ ਘੁਪ ਹਨੇਰ 'ਚੋਂ ਕੱਢ ਕੇ ਆਜ਼ਾਦੀ ਸੱਚ ਅਤੇ ਸ੍ਵੈਮਾਨ ਦੇ ਸੂਰਜੀ ਚਾਨਣ ਵਿਚ ਲਿਆ ਖੜ੍ਹਾ ਕੀਤਾ ਅਤੇ ਗਿਆਨੀ ਗਿਆਨ ਸਿੰਘ ਦੇ ਸ਼ਬਦਾਂ ਵਿਚ ਸਤਿਜੁਗ ਆ ਗਿਆ। ਪੁਰਾਣੇ ਬਜ਼ੁਰਗ ਸ਼ਬਦ ਦੀਆਂ ਧਾਰਨਾ ਪੜ੍ਹਦੇ ਹੁੰਦੇ ਸਨ ਕਲਿਜੁਗ ਵਿਚ (ਘਰ ਘਰ ਵਿਚ) ਝੰਡਾ ਝੂਲ ਰਿਹਾ ਗੁਰੂ ਰਾਮ ਸਿੰਘ ਤੇਰਾ।

ਸਤਿਗੁਰੂ ਰਾਮ ਸਿੰਘ ਦੀ ਅਗਵਾਈ, ਆਦੇਸ਼ਾਂ ਅਤੇ ਸ਼ਖਸੀਅਤ ਦੇ ਸਾਏ ਹੇਠ, ਪ੍ਰੇਮ, ਭਗਤੀ ਬਲੀਦਾਨਾਂ ਕੁਰਬਾਨੀਆਂ ਸ਼ਹੀਦੀਆਂ ਦੀਆਂ ਅਤੇ ਸੰਘਰਸ਼ਾਂ ਦਾ ਇਕ ਅਟੁੱਟ ਸਿਲਸਲਾ ਚਲਿਆ। ਇਕ ਵਿਸਤ੍ਰਿਤ ਪ੍ਰੋਗਰਾਮ ਚਲਿਆ ਜਿਸ ਵਿਚ ਜਿਹਲਾਂ ਜੂਹ-ਬੰਦੀਆਂ ਨਜ਼ਰਬੰਦੀਆਂ, ਫਾਂਸੀਆਂ, ਤੋਪਾਂ ਨਾਲ ਉਡਦੀਆਂ ਜਵਾਨੀਆਂ, ਜਲਾਵਤਨੀਆਂ ਦੇਸ਼ਾਂ ਪ੍ਰਦੇਸਾਂ ਵਿਚ ਬਿਖੜੇ ਪੈਂਡਿਆਂ ਦੇ ਸਫਰਾਂ ਦਾ ਲੰਬਾ ਸਿਲਸਲਾ ਸ਼ੁਰੂ ਹੋਇਆ ਕਿ ਅੱਜ ਤੱਕ ਉਸ ਸਫਰ ਦੀਆਂ ਪੈੜਾਂ ਮੁੱਕੀਆਂ ਨਹੀਂ। ਭਾਰਤ ਆਜ਼ਾਦ ਹੋਇਆ, ਦੁਨੀਆ ਦੇ ਕਈ ਮੁਲਕਾਂ 'ਚੋਂ ਸਾਮਰਾਜ ਦਾ ਬੋਰੀਆ ਬਿਸਤਰਾ ਗੋਲ ਹੋਇਆ। ਗੁਰੂ ਰਾਮ ਸਿੰਘ ਦੇ ਮੰਤਰ ਦਾ ਜਾਦੂ ਵਿਆਪਕ ਰੂਪ ਵਿਚ ਚਲਿਆ।

ਸਤਿਗੁਰੂ ਰਾਮ ਸਿੰਘ ਵਲੋਂ ਸਥਾਪਤੀ ਦੀ ਵਿਰੋਧਤਾ ਅਤੇ ਸਥਾਪਤੀ ਵਲੋਂ ਗੁਰੂ ਸਾਹਿਬ ਦੇ ਪ੍ਰੋਗਰਾਮ, ਕਾਰਜ ਕਰਮ ਨੂੰ ਮਿਟਾਉਣ, ਖਤਮ ਕਰਨ ਦਾ ਸਿਲਸਲਾ ਆਪਣੇ ਅਤੇ ਬੇਗਾਨਿਆਂ ਵਲੋਂ ਨਾਲੋਂ ਨਾਲ ਹੀ ਚਲਦਾ ਰਿਹਾ। ਸਤਿਗੁਰੂ ਰਾਮ ਸਿੰਘ ਦਾ ਐਸਾ ਜਲਵਾ ਸੀ, ਚਮਤਕਾਰ ਸੀ ਕਿ ਹਰ ਦਬਾਅ, ਹਰ ਸੱਟ ਹਰ ਮਾਰ, ਵਾਰ ਨਾਲ ਉਹ ਵਾਰ ਵਾਰ ਉਭਰੇ। ਸਦਾ ਸਿਧੇ ਖੜੇ ਰਹੇ। ਹਰ ਸੰਗਲ ਉਹਨਾਂ ਤੋੜਿਆ ਅਤੇ ਹੈਰਾਨ ਕਰਨ ਵਾਲੀ ਜੁਰਅਤ ਨਾਲ ਉਹਨਾਂ ਦੇ ਪੈਰੋਕਾਰ ਖੜੇ ਰਹੇ। ਪੈਰਾਂ 'ਚ ਕੋਈ ਲਰਜ਼ਿਸ਼ ਨਹੀਂ, ਚਿਹਰੇ ਤੇ ਕੋਈ ਸ਼ਿਕਨ ਨਹੀਂ। ਇਸੇ ਕਰਕੇ ਅੱਜ ਘਰ ਘਰ ਬਾਬਾ ਗਾਵੀਐ ਵਜਣ ਤਾਲ ਮ੍ਰਿਦੰਗ ਰਬਾਬਾ ਵਾਲੀ ਗੱਲ ਹੈ।

ਸਤਿਗੁਰੂ ਰਾਮ ਸਿੰਘ ਜੀ ਦਾ ਪਾਵਨ ਪ੍ਰਕਾਸ਼ ਪੁਰਬ ਜਿਥੇ ਖੁਸ਼ੀਆਂ ਖੇੜਿਆਂ ਫੁਲਾਂ ਅਤੇ ਸੁਗੰਧੀਆਂ ਦਾ ਪੁਰਬ ਹੈ ਜਿਥੇ ਭਾਂਤ ਸੁਭਾਂਤੇ ਲੰਗਰਾਂ ਮਿਸ਼ਟਾਨਾਂ ਦਾ ਦਿਵਸ ਹੈ ਉਥੇ ਲਹੂ ਭਿੱਜੇ ਇਤਿਹਾਸ, ਸ਼ਹੀਦੀਆਂ, ਜਲਾਵਤਨੀਆਂ ਨੂੰ ਸਿਮਰਨ ਦਾ ਵੀ ਅਵਸਰ ਹੈ। ਬਹੁਤ ਗੰਭੀਰ ਚਿੰਤਨ ਅਤੇ ਸਿਮਰਨ ਦਾ ਵੀ ਅਵਸਰ ਹੈ।

ਇਹ ਅਵਸਰ ਤਾਂ ਬਹੁਤ ਭਾਰੀ ਅੰਕ ਦਾ ਹੈ ਪਰ ਅਸੀਂ ਵਰਿਆਮ ਦੇ ਪੰਨਿਆਂ ਤੇ ਸਤਿਗੁਰੂ ਜੀ ਦੇ ਆਦੇਸ਼ਾਂ ਅਤੇ ਉਦੇਸ਼ਾਂ ਨੂੰ, ਇਤਿਹਾਸ ਅਤੇ ਸਾਹਿਤ ਨੂੰ ਪਰੋਸਦੇ ਰਹਿੰਦੇ ਹਾਂ ਅਤੇ ਜੋ ਛਪਦਾ ਹੈ ਜਾਂ ਛਪ ਰਿਹਾ ਹੈ ਇਹ ਉਸੇ ਮਹਾਂ ਨੂਰ ਦਾ ਹੀ ਚਾਨਣ ਹੈ ਇਸ ਵਾਸਤੇ ਇਹ ਇਕ ਅਟੁੱਟ ਸਿਲਸਲਾ ਹੈ। ਆਓ ਸਾਰੇ ਰਲ ਕੇ ਇਹ ਮਹਾਂ ਨੂਰ ਸਾਰੇ ਸੰਸਾਰ ਵਿਚ ਵੰਡੀਏ।

ਪ੍ਰਗਟਿਆ ਸਤਿਗੁਰੂ ਰਾਮ ਸਿੰਘ ਪਰਿ ਪੂਰਨ ਅਵਤਾਰ
ਸੰਤ ਖਾਲਸਾ ਸਾਜਿਆ ਆਪਣੀ ਕਿਰਪਾ ਧਾਰ
ਵਜਿਆ ਧੌਸਾ ਧਰਮ ਦਾ ਸਤਿਗੁਰ ਦੇ ਦਰਬਾਰ
ਧਰਮ ਚਲੇਗਾ ਜਗਤ ਵਿਚ ਬੋਲੋ ਸਭ ਅਕਾਲ —ਬਾਰਾਂ ਮਾਹ ਬਾਬਾ ਚੰਦਾ ਸਿੰਘ

*—ਜਗਦੀਸ਼ ਸਿੰਘ ਵਰਿਆਮ*



Namdhari Elibrary NamdhariElibrary@gmail.com

# ਪਿਰ ਦੇਖਨ ਕੀ ਆਸ

*—ਸੁਵਰਨ ਸਿੰਘ ਵਿਰਕ*

੩ ਫਰਵਰੀ ੧੮੧੬ ਨੂੰ, ਜਿਸ ਦਿਨ ਬਸੰਤ ਪੰਚਮੀ ਵੀ ਸੀ, ਪ੍ਰਗਟ ਹੋਣ ਵਾਲੇ ਸਤਿਗੁਰੂ ਰਾਮ ਸਿੰਘ ਜੀ ਨੇ ਜਦੋਂ ਭੈਣੀ ਰਾਈਆਂ ਨਾਂ ਦੇ ਸੁੱਤ ਉਨੀਂਦੇ ਪਿੰਡ ਵਿਚ, ਆਪਣੇ ਨੇਤਰ ਉਘੇੜੇ ਤਾਂ ਇਸ ਕਿਰਤੀ ਗੁਰਸਿੱਖ ਪਰਿਵਾਰ, ਬਾਬਾ ਜੱਸਾ ਸਿੰਘ ਅਤੇ ਮਾਤਾ ਸਦਾ ਕੌਰ ਦੇ ਗ੍ਰਹਿ ਵਿਖੇ, ਹੱਕ, ਸੱਚ ਅਤੇ ਨਿਆਂ ਦੀ ਜਿਹੜੀ ਜੋਤ ਅਵਤਰੀ ਸੀ, ਉਸੇ ਦਾ ਜਲੌਅ ੧੨ ਅਪ੍ਰੈਲ ੧੮੫੭ ਦੇ ਵੈਸਾਖੀ ਵਾਲੇ ਦਿਨ, ਨਾਮਧਾਰੀ ਸੰਤ ਖਾਲਸਾ ਦੇ ਰੂਪ ਵਿਚ ਪ੍ਰਕਾਸ਼ਮਾਨ ਹੋਇਆ। ਪੰਜਾਬੀ ਜਨ ਸਾਧਾਰਨ ਨੇ ਇਸਨੂੰ, ਤਖਤ ਬਰਤਾਨੀਆ ਦੇ ਵਿਰੁੱਧ ਉੱਠਣ ਵਾਲੀ, ਇਕ ਸ਼ਕਤੀਸ਼ਾਲੀ ਕੂਕਾ ਲਹਿਰ ਦੇ ਰੂਪ ਵਿਚ ਵੇਖ ਕੇ, ਇਸ ਨਾਲ ਕਿਸੇ ਨਾ ਕਿਸੇ ਰੂਪ ਵਿਚ ਜੁੜਨ ਵਿਚ ਹੀ ਸੱਤ ਸਾਗਰ ਪਾਰੋਂ ਤਾਜਰਾਂ ਦੇ ਰੂਪ ਵਿਚ ਆਏ, ਜਾਬਰਾਂ ਦੇ ਲੋਟੂ ਅਤੇ ਫੁੱਟ ਪਾਊ ਰਾਜ ਹੱਥੋਂ, ਆਪਣੀ ਬੰਦ ਖਲਾਸੀ ਹੁੰਦੀ ਅਨੁਭਵ ਕੀਤੀ। ਇਹ ਸਤਿਗੁਰੂ ਜੀ ਦੀ ਜਲਾਲੀ ਸ਼ਖਸੀਅਤ ਦਾ ਕ੍ਰਿਸ਼ਮਾ ਸੀ ਕਿ ਲਹਿਰ ਦੇ ਪਹਿਲੇ ਦਹਾਕੇ ਵਿਚ ਹੀ ਇਸ ਦਾ ਇਕ ਸਿਰਾ ਮਹਾਰਾਜਾ ਰਣਜੀਤ ਸਿੰਘ ਨੂੰ ਰਾਹ ਦੇਣ ਵਾਲੇ ਦਰਿਆ ਅਟਕ ਨੂੰ ਛੋਹ ਰਿਹਾ ਸੀ ਅਤੇ ਦੂਜਾ ਸਿਰਾ, ਸ੍ਰੀ ਕ੍ਰਿਸ਼ਨ ਜੀ ਦੀਆਂ ਅਨੇਕ ਲੀਲ੍ਹਾਵਾਂ ਦੀ ਸ਼ਾਕਸ਼ੀ ਰਹੀ, ਜਮਨਾ ਨਦੀ ਤੱਕ ਫੈਲ ਚੁੱਕਾ ਸੀ।

ਸਤਿਗੁਰੂ ਜੀ ਦਾ ਬਚਪਨ ਅਤੇ ਜੁਆਨੀ, ਸਾਂਝੇ ਪੰਜਾਬੀ ਰਾਜ ਦੇ ਲਾਹੌਰ ਕਿਲ੍ਹੇ ਤੇ ਝੁਲਦੇ ਕੇਸਰੀ ਨਿਸ਼ਾਨ ਹੇਠ ਬਤੀਤ ਹੋਇਆ। ੧੮੩੭ ਤੋਂ ੧੮੪੫ ਈ. ਤਕ ਉਹ ਲਾਹੌਰ ਦਰਬਾਰ ਦੀ ਸੈਨਾ ਵਿਚ ਰਹੇ ਸਨ। ਉਹਨਾਂ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ, ਮਹਾਰਾਜਾ ਖੜਕ ਸਿੰਘ, ਮਹਾਰਾਣੀ ਚੰਦ ਕੌਰ, ਮਹਾਰਾਜਾ ਸ਼ੇਰ ਸਿੰਘ ਅਤੇ ਨਾਬਾਲਿਗ ਮਹਾਰਾਜਾ ਦਲੀਪ ਸਿੰਘ ਦੇ ਰਾਜ ਕਾਜ ਦਾ ਸਮਾਂ ਵੀ ਇੱਥੇ ਰਹਿੰਦਿਆਂ ਨੇਤਰੀਂ ਨਿਹਾਰਿਆ ਸੀ। ਮਹਾਰਾਜੇ ਤੋਂ ਬਾਅਦ ਜਿਹੜੀ ਭਰਾ ਮਾਰੂ ਅਤੇ ਭੀਤਰ ਘਾਤ ਦਾ ਸ਼ਿਕਾਰ ਲਾਹੌਰ ਦੀ ਸਿਆਸਤ ਰਹੀ ਸੀ, ਉਸਦਾ ਨੇੜਿਉਂ ਅਵਲੋਕਨ ਕਰਦਿਆਂ ਆਪ ਨੇ ਬਰਤਾਨਵੀ ਰਾਜ ਦੇ ਪੈਣ ਵਾਲੇ ਮਨਹੂਸ ਸਾਏ ਨੂੰ, ਆਪਣੀ ਦਿੱਬ ਦ੍ਰਿਸ਼ਟੀ ਨਾਲ ਭਾਂਪਦਿਆਂ, ਸੈਨਿਕ ਵਾਲੀ ਬੰਦੂਕ, ਉਸ ਸਤਿਲੁਜ ਨੂੰ ਸਉਂਪ ਦਿੱਤੀ, ਜਿਸ ਨੂੰ ਕਦੇ ਦਸਮ ਪਾਤਸ਼ਾਹ ਨੇ ਅਨੰਦਪੁਰ ਛੱਡਣ ਬਾਅਦ, ਗੁਰੂ ਕਾ ਖਜ਼ਾਨਾ ਸਉਂਪਿਆ ਸੀ। ਨਵੇਂ ਹਾਕਮਾਂ ਨਾਲ ਜੋ ਵਪਾਰਕ ਸਰਮਾਏਦਾਰੀ ਦੇ ਨੁਮਾਇੰਦੇ ਸਨ, ਸਿੱਝਣ ਲਈ, ਵਿਸ਼ਾਲ ਲੋਕ ਸ਼ਕਤੀ ਨੂੰ ਆਤਮਿਕ ਸ਼ਕਤੀ ਨਾਲ ਜਾਗ੍ਰਿਤ ਕਰਨ ਲਈ, ਉੱਨ ਦੀ ਸਫੇਦ ਮਾਲਾ, ਬਾਣੀ ਅਤੇ ਬਾਣੇ ਨਾਲ ਆਪਣੇ ਪੰਥ ਨੂੰ ਜੋੜਿਆ। ਸਵਦੇਸ਼ੀ, ਅਸਹਿਯੋਗ ਅਤੇ ਬਿਦੇਸ਼ੀ ਸਰਕਾਰ ਵਲੋਂ ਲਿਆਂਦੀਆਂ ਵਸਤਾਂ ਅਤੇ ਸੰਸਥਾਵਾਂ ਦਾ ਬਾਈਕਾਟ, ਇਹ ਨਵੇਂ ਯੁੱਧਨੀਤਕ ਪੈਂਤੜੇ ਦੇ ਹਥਿਆਰ ਵਿਕਸਿਤ ਕੀਤੇ।



ਸਤਿਗੁਰੂ ਰਾਮ ਸਿੰਘ ਜੀ ਬੇਸਹਾਰਿਆਂ ਦਾ ਸਹਾਰਾ ਅਤੇ ਅਬੋਲਾਂ ਦੇ ਬੋਲ ਬਣੇ ਸਨ। ਦੀਪਕ ਜੈਤੋਈ ਹੋਰਾਂ ਦੇ, ਇਕ ਲੋਕ ਗੀਤ ਜਿਉਂ ਪ੍ਰਸਿੱਧ ਹੋਏ ਗੀਤ ਵਿਚ ਇਕ ਤੁਕ ਆਉਂਦੀ ਹੈ- "ਧੀਆਂ, ਗਊਆਂ, ਕਾਮਿਆਂ ਦੀ, ਕੋਈ ਪੇਸ਼ ਨਾ ਅੰਮੜੀਏ ਜਾਏ।" ਧੀ ਜੰਮਦੀ ਮਾਰੀ ਜਾ ਸੱਕਦੀ ਸੀ। ਜੇ ਕਿਸੇ ਬਿੱਧ ਮਰਨੋਂ ਬਚ ਗਈ, ਰੁਲ ਖੁਲ੍ਹ ਕੇ ਪਲ ਗਈ ਤਾਂ ਬੁੱਢੇ ਨਾਲ, ਅਜੋੜ ਨਾਲ, ਕੁਸੋਹਣੇ ਨਾਲ ਵਿਆਹੀ ਜਾ ਸੱਕਦੀ ਸੀ। ਉਹ ਬਾਲ ਵਿਆਹ ਦਾ ਡੰਗ ਸਹਾਰਦੀਆਂ, ਪਤੀ ਦੀ ਮਿਰਤੂ ਬਾਅਦ ਵਿਧਵਾ ਦੇ ਰੂਪ ਵਿਚ ਹੋਰ ਸ਼ਾਦੀ ਨਹੀਂ ਸਨ ਕਰ ਸੱਕਦੀਆਂ। ਕਿਤੇ ਉਹਨਾਂ ਦੇ ਰਿਸ਼ਤੇ ਬਦਲੇ ਪੈਸੇ ਲਏ ਜਾਂਦੇ ਸਨ ਅਤੇ ਕਿਤੇ ਇਸ ਰਿਸ਼ਤੇ ਬਦਲੇ ਉਹਨਾਂ ਨੂੰ ਵੱਟੇ ਦੇ ਰੂਪ ਵਿਚ ਅਜੋੜ ਨਾਲ ਨਰੜ ਕੇ ਰੂਹ ਦੇ ਹਾਣ ਤੋਂ ਸੱਖਣਾ ਰੱਖਿਆ ਜਾ ਰਿਹਾ ਸੀ। ਪੰਜਾਬੀ ਭਾਈਚਾਰੇ, ਵਿਸ਼ੇਸ਼ ਕਰ ਸਿੱਖ ਸਮੁਦਾਇ ਵਿਚ, ਔਰਤਾਂ ਨਾਲ ਸਬੰਧਿਤ ਸਾਰੀਆਂ ਕੁਰੀਤੀਆਂ ਦੂਰ ਕਰਵਾ ਕੇ, ਉਸਨੂੰ ਸਮਾਜਿਕ ਅਤੇ ਧਾਰਮਿਕ ਜੀਵਨ ਵਿਚ ਪੁਰਖ ਦੇ ਬਰਾਬਰ ਅਧਿਕਾਰ ਦੁਆ ਕੇ, ਸਤਿਗੁਰੂ ਜੀ ਔਰਤਾਂ ਦੇ ਪਹਿਲੇ ਮੁਕਤੀਦਾਤਾ ਅਖਵਾਏ।

ਗਊ ਭਾਰਤ ਦੀ ਆਰਥਿਕਤਾ ਦਾ ਧੁਰਾ ਸੀ ਅਤੇ ਅੱਜ ਵੀ ਦੇਸ਼ ਦੇ ਵੱਡੇ ਹਿੱਸੇ ਵਿਚ ਹੈ। ਉਸ ਦਾ ਦੁੱਧ ਕਿਸਾਨ ਦੇ ਬੱਚੇ ਪੀਂਦੇ ਹਨ ਅਤੇ ਉਸ ਦੇ ਬੱਚੇ ਬੈਲਾਂ ਦੇ ਰੂਪ ਵਿਚ, ਕਿਸਾਨ ਦੇ ਖੇਤ ਵਾਹੁੰਦੇ ਸਨ। ਜੇ ਗਊਵੱਧ ਦੁਆਰਾ ਇਸਨੂੰ ਹੀ ਖ਼ਤਮ ਕਰ ਦਿੱਤਾ ਜਾਂਦਾ ਤਾਂ ਖੇਤੀ ਕਿਵੇਂ ਹੁੰਦੀ? ਇਸ ਵਿਕਟ ਸੁਆਲ ਦਾ ਹੱਲ, ਸਤਿਗੁਰੂ ਰਾਮ ਸਿੰਘ ਦੇ ਮਸਤਾਨੇ ਸਿੰਘਾਂ ਨੇ, ਆਪਣੇ ਸਿਰਾਂ ਨੂੰ ਜ਼ਰਬਾਂ ਦੇ ਦੇ ਕੇ ਕੱਢਿਆ। ਹਿੰਦ ਦਾ ਕਿਸਾਨ, ਕਰਜ਼ੇ ਵਿਚ ਜੰਮਦਾ, ਕਰਜ਼ੇ ਵਿਚ ਪਲਦਾ ਵੱਡਾ ਹੁੰਦਾ ਅਤੇ ਇਕ ਦਿਨ ਕਰਜ਼ੇ ਦੀ ਭਾਰੀ ਪੰਡ ਹੇਠ ਕਰਾਹੁੰਦਾ, ਦਮ ਤੋੜ ਜਾਂਦਾ। ਸਤਿਗੁਰੂ ਜੀ ਨੇ ਸ੍ਵੈ ਨਿਰਭਰ ਪੇਂਡੂ ਆਰਥਿਕਤਾ ਦਾ ਪੱਖ ਪੂਰਿਆ। ਮਾਰਕਸ ਨੇ ਵੀ ਤਾਂ ਭਾਰਤ ਦੇ ਹਰ ਪਿੰਡ ਨੂੰ ਉਤਪਾਦਨ ਦਾ ਇਕ ਮੁਕੰਮਲ ਢਾਂਚਾ ਦੱਸਿਆ ਸੀ ਜਿਥੋਂ ਉਹਦੀ ਲੋੜ ਦੀ ਹਰ ਸ਼ੈ ਪੈਦਾ ਹੁੰਦੀ ਸੀ। ਬੁਣਕਰ, ਦਸਤਕਾਰ, ਮੋਚੀ, ਪੇਂਜੇ, ਤੇਲੀ, ਹਰ ਪਿੰਡ ਦੇ ਆਪਣੇ। ਸੋ ਨਾਂ ਵਿਦੇਸ਼ੀ ਮੰਡੀ ਦਾ ਮਹਿੰਗਾ ਮਾਲ ਖਰੀਦੋ ਨਾ ਕਰਜ਼ੇ ਵਿਚ ਫਸੋ। ਫੈਸਲੇ ਆਪਣੀਆਂ ਪੰਚਾਇਤਾਂ ਵਿਚ ਲਿਆਉ। ਵਿਦੇਸ਼ੀ ਹਾਕਮਾਂ ਦੇ ਮਹਿੰਗੇ ਕਾਨੂੰਨਾਂ ਦੀ ਵਰਤੋਂ ਨਾ ਕਰੋ। ਜਥੇਬੰਦੀ ਦੀ ਮਜ਼ਬੂਤੀ ਨਾਲ, ਸਰਕਾਰ ਨੂੰ ਫਸਲ ਨਾ ਹੋਣ ਦੀ ਸੂਰਤ ਵਿਚ, ਮਾਮਲਾ ਵਸੂਲਣੋਂ ਰੋਕਿਆ ਜਾ ਸਕਦਾ ਸੀ। ਲੋਕ-ਗੀਤ ਇਸੇ ਕੂਕਾ ਵਿਦਰੋਹ ਦੀ ਪੈੜ ਨੱਪ ਰਿਹਾ



Namdhari Elibrary NamdhariElibrary@gmail.com

ਹੈ-

"ਅੰਗਰੇਜ਼ਾਂ ਦੀ ਈਨ ਨਾ ਮੰਨਦੇ,
ਮੰਗਿਆਂ ਦੇਣ ਨਾ ਹਾਲਾ।
ਗਹਿਣਾ ਗੱਟਾ ਮੂਲ ਨਾ ਪਾਉਂਦੇ,
ਸਿੱਧਾ ਰੱਖਦੇ ਚਾਲਾ।
ਰਾਜ ਫਰੰਗੀਆਂ ਦਾ ਚੰਦ ਰੋਜ਼ ਦਾ ਚਾਲਾ।
ਰਾਜ ਫਰੰਗੀਆਂ ਦਾ..."

ਬਖਤਾਵਰ ਨਾਮਧਾਰੀ ਸਿੰਘਾਂ ਨੂੰ ਖਾਸ ਹੁਕਮ ਸੀ ਕਿ ਲੋੜਵੰਦ ਦੀ ਪੈਸੇ ਟਕੇ ਜਾਂ ਦਾਣੇ ਫੱਕੇ ਦੀ ਇਮਦਾਦ ਜ਼ਰੂਰ ਕਰਨੀ ਹੈ, ਪਰ ਨਾ ਇਸ ਰਕਮ ਤੇ ਵਿਆਜ ਲੈਣਾ ਹੈ ਅਤੇ ਨਾ ਹੀ ਮਣ ਦਾਣੇ ਦੇ ਕੇ ਸਵਾ ਜਾਂ ਡੂਢ ਮਣ ਵਸੂਲਣਾ ਹੈ। ਭਾਈ ਧਿਆਨ ਸਿੰਘ ਕਾਦਰਾਬਾਦੀ, ਹਜ਼ੂਰ ਦੇ ਜੀਵਨ ਲਕਸ਼ ਨੂੰ, ਕਿੰਨੇ ਸਟੀਕ ਸ਼ਬਦਾਂ ਵਿਚ ਕਾਨੀਬੱਧ ਕਰ ਗਏ ਹਨ- 'ਗੌਇ ਗਰੀਬਨ ਪਾਲਨ ਕੇ ਹਿਤ ਰਾਮ ਮ੍ਰਿਗਿੰਦ ਆਇਓ ਤਨ ਧਾਰੀ।'

ਪੰਜਾਂ ਦਰਿਆਵਾਂ ਦੀ ਧਰਤੀ ਤੇ ਇਕ ਨਵਾਂ ਮਨੁੱਖ, ਗੁਰੂ ਗੋਬਿੰਦ ਸਿੰਘ ਜੀ ਦੇ ਖਾਲਸੇ ਦਾ ਇਕ ਨਵਾਂ ਸੰਸਕਰਣ, ਨਾਮਧਾਰੀ ਸੰਤ ਖਾਲਸਾ ਸਿਰਜਿਆ ਜਾ ਰਿਹਾ ਸੀ। ਜਿਸ ਦੇ ਬੋਲਾਂ ਵਿਚ ਮੁਕਤੀ ਯੁੱਧ ਦੀ ਹੁੰਕਾਰ ਸੀ। ਜਿਸ ਦੇ ਕਦਮਾਂ ਅੱਗੇ ਵਿਛਣ ਲਈ ਸਰਾਪੀ ਕੌਮ ਦੀਆਂ ਤਕਦੀਰਾਂ ਅੰਗੜਾਈ ਲੈ ਰਹੀਆਂ ਸਨ। ਜਿਸ ਦੇ ਨੈਣਾਂ ਵਿਚ ਨੱਚਦੀਆਂ ਬਿਜਲੀਆਂ, ਕੌਮ ਦੇ ਰੋਸ਼ਨ ਭਵਿੱਖ ਦੀ ਬਾਤ ਪਾ ਰਹੀਆਂ ਸਨ। ਜਿਸ ਦੇ ਹਿਰਦੇ ਵਿਚ, ਜਨਨੀ ਜਨਮ ਭੂਮੀ ਨੂੰ ਵਿਦੇਸ਼ੀ ਲੁਟੇਰਿਆਂ ਤੋਂ ਆਜ਼ਾਦ ਕਰਵਾਉਣ ਲਈ, ਜੁਆਲਾਮੁਖੀ ਉਸਲਵੱਟੇ ਲੈ ਰਹੇ ਸਨ।

ਸਾਡੇ ਕੌਮੀ ਮੁਕਤੀ ਯੁੱਧ ਦੇ ਪੰਜਾਬ ਅਧਿਆਇ ਦੀ ਅੱਧੀ ਸਦੀ ਤੇ ਫੈਲੇ, ਸਤਿਗੁਰੂ ਰਾਮ ਸਿੰਘ ਜੀ ਦੇ ਕੂਕਾ ਅੰਦੋਲਨ ਤੇ ਆਪਣਿਆਂ ਅਤੇ ਬੇਗਾਨਿਆਂ ਵਲੋਂ ਇਕ ਵਾਰਗੀ ਭਰਪੂਰ ਹੱਲਾ ਬੋਲਿਆ ਗਿਆ। ਸਾਰੇ ਨਿਹਿਤ ਸੁਆਰਥ, ਬਸਤੀਵਾਦੀਆਂ ਦੀ ਲੁੱਟ ਦੇ ਡਿੱਗੇ ਭੋਰੇ ਚੁਗਣ ਦੇ ਚਾਅ ਵਿਚ, ਉਹਨਾਂ ਦੀ ਬੋਲੀ ਤੇ ਲੱਗ ਗਏ। ਰਾਜੇ, ਰਜਵਾੜੇ, ਜਗੀਰਦਾਰ, ਸ਼ਾਹੂਕਾਰ, ਅਹਿਲਕਾਰ, ਧਰਮ ਸਥਾਨਾਂ ਤੇ ਸਰਕਾਰੀ ਸਰਪ੍ਰਸਤੀ ਹੇਠ ਪਲਣ ਵਾਲੀ ਪੁਜਾਰੀ ਪੁਰੋਹਿਤ ਸ਼੍ਰੇਣੀ ਨੇ (ਸਮੁੱਚੇ ਪੰਜਾਬ ਵਿਚੋਂ ਤਿੰਨ ਸਾਧੂਆਂ ਨੂੰ ਛੱਡ ਕੇ) ਇਕ ਵਾਢਿਉਂ ਗੋਰੇ ਮਾਲਕਾਂ ਨੂੰ, ਸਤਿਗੁਰੂ ਜੀ ਅਤੇ ਉਹਨਾਂ ਦੇ ਪੰਥ ਉਤੇ, ਲੋਹੇ ਦਾ ਸੁਹਾਗਾ ਫੇਰਨ ਦਾ ਰਾਗ ਅਲਾਪਣਾ ਆਰੰਭਿਆ। ਫਾਸੀਆਂ, ਤੋਪਾਂ ਦੇ ਗੋਲੇ, ਦੇਸ਼ ਨਿਕਾਲੇ, ਜਾਇਦਾਦ ਜ਼ਬਤੀਆਂ, ਘਰ ਘਾਟ ਢਾਹ ਦੇਣੇ, ਘਰਾਂ ਵਿਚ ਹੀ ਨਿਵਾਰਕ ਨਜ਼ਰਬੰਦੀਆਂ, ਕਿਹੜਾ ਗਿਣੇ ਤੇ ਕਿਹੜਾ ਦੱਸੇ, ਜੋ ਜੋ ਸਤਿਗੁਰੂ ਰਾਮ ਸਿੰਘ ਅਤੇ ਉਹਨਾਂ ਦੇ ਸੰਗੀਆਂ ਨਾਲ ਹੋਈਆਂ ਬੀਤੀਆਂ।

ਕਿਲਾ ਅਲਾਹਬਾਦ ਦਾ ਹੋਵੇ, ਜਾਂ ਰੰਗੂਨ ਵਿਚ ਅੰਤਿਮ ਮੁਗਲ ਸਮਰਾਟ ਦੀ ਨਜ਼ਰਬੰਦੀ ਵਾਲਾ ਬੰਗਲਾ ਜਾਂ ਮਰਗੋਈ ਟਾਪੂ ਦੀ ਕੋਈ ਜਿਹਲ, ਸਤਿਗੁਰੂ ਰਾਮ ਸਿੰਘ ਜੀ, ਮਨੁੱਖੀ ਮੁਕਤੀ ਲਈ ਵਿੱਢੇ, ਅਮਰ ਕੂਕਾ ਸੰਗਰਾਮ ਦੇ ਲਟ ਲਟ ਬਲਦੇ ਉਤਸ਼ਾਹ ਦਾ ਦਰਸ਼ਨ ਕਰਵਾਉਂਦੇ ਹਨ। ਦੇਸ਼ ਬਿਗਾਨਾ ਹੈ, ਲੋਕ ਬਿਗਾਨੇ ਹਨ, ਨਾ ਆਪਣੀ ਬੋਲੀ ਹੈ, ਨਾ ਰੁੱਤਾਂ ਆਪਣੀਆਂ ਹਨ ਨਾ ਬਨਸਪਤੀ ਆਪਣੀ ਹੈ ਤੇ ਨਾ ਹੀ ਪੌਣ ਪਾਣੀ ਆਪਣਾ ਹੈ। ਕਦੇ ਕਦੇ ਆਉਂਦੇ ਹਨ, ਕੁਝ ਆਪਣੇ ਅਜਨਬੀਆਂ ਦੇ ਭੇਸ ਵਿਚ, ਜਿਹਨਾਂ ਨੂੰ ਨਾ ਮਿਲਿਆ ਜਾ ਸੱਕਦਾ ਹੈ। ਨਾ ਜਲ ਪਾਣੀ ਛਕਾਇਆ ਜਾ ਸਕਦਾ ਹੈ ਨਾ ਸੱਜਣਾਂ ਮਿੱਤਰਾਂ, ਸੰਗੀਆਂ ਸਾਥੀਆਂ, ਘਰ ਪਰਿਵਾਰ ਬਾਰੇ ਖੁੱਲ੍ਹ ਕੇ ਪੁੱਛ-ਗਿੱਛ ਕੀਤੀ ਜਾ ਸਕਦੀ ਹੈ। ਦੁਖ ਸੁਖ ਨਹੀਂ ਫੋਲੇ ਜਾ ਸਕਦੇ। ਸਤਿਗੁਰੂ ਜੀ ਦੇ ਹਿਰਦੇ ਵਿਚ ਪੰਜਾਬ ਹੈ। ਮਨ ਮਸਤਕ ਦੀਆਂ ਸੋਚਾਂ ਵਿਚ ਪੰਜਾਬ ਹੈ। ਉਹ ਕਹਿੰਦੇ ਹਨ ਕਿੱਥੇ ਆ ਗਏ ਹਾਂ ਜਿੱਥੇ "ਸਾਨੂੰ ਤਾਂ ਪੰਜਾਬ ਦੇ ਮਾਨੁਖ ਦਾ ਦੀਦਾਰ ਹੋਣਾ ਬੀ ਬੜਾ ਦੁਰਲੰਭ ਹੈ।"

ਉਹਨਾਂ ਜਾਣ ਲੱਗਿਆਂ ਵਿਆਕੁਲ ਸੰਗਤ ਨੂੰ ਕਿਹਾ ਸੀ, "ਧੀਰਜ ਰੱਖਣਾ। ਸਾਡਾ ਜਾਣਾ ਬਹੁਤ ਜ਼ਰੂਰੀ ਹੈ। ਸਾਡੇ ਜਾਏ ਬਿਨਾ ਧਰਮ ਨਹੀਂ ਸੀ ਤੁਰਦਾ। ਮੈਨੂੰ ਉਡੀਕਣਾ, ਮੈਂ ਆਵਾਂਗਾ, ਇਸ ਧਰਤੀ ਤੇ ਧਰਮ ਦੀ ਸਥਾਪਨਾ ਕਰਨ ਵਾਸਤੇ ਮੈਂ ਫਿਰ ਆਵਾਂਗਾ। ਮੇਰੇ ਪਿਆਰਿਓ! ਹੁਣ ਸੌਣਾ ਨਹੀਂ, ਇਹ ਵੇਲਾ ਸੌਣ ਦਾ ਨਹੀਂ। ਜਾਗਦੇ ਰਹਿਣਾ...ਜਾਗਦੇ ਰਹਿਣਾ...ਜਾਗਦੇ ਰਹਿਣਾ।"

ਇਸ ਉਡੀਕ ਵਿਚ ਛੋਟੇ ਭਰਾਤਾ ਗੁਰੂ ਹਰੀ ਸਿੰਘ ਜੀ ਨੇ ਨੀਵੀਂ ਨੈਣੀ ਤੁਰਦਿਆਂ ਤੇ ਪੈਰ ਦੇ ਅੰਗੂਠੇ ਨਾਲ ਧਰਤੀ ਖੁਰਚਦਿਆਂ, ਚੌਤੀ ਸਾਲ ਲੰਘਾ ਦਿੱਤੇ। ਅਟੱਲ ਪਰਤਾਪੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ "ਤੁਮੁ ਘਰਿ ਆਵਹੁ ਮੇਰੇ ਮੀਤ" ਦੀ ਸੱਦ ਲਾਉਂਦਿਆਂ ੫੩ ਸਾਲ ਤੋਂ ਕੁਝ ਵੱਧ ਸਮਾਂ ਰਾਮ ਵਿਓਗੀਆਂ ਨੂੰ ਧੀਰਜ ਬੰਨ੍ਹਾਉਂਦਿਆਂ ਬਿਤਾ ਦਿੱਤਾ ਅਤੇ ਹੁਣ ਨਾਮਧਾਰੀ ਪੰਥ ਦੇ ਹਿਰਦੇ ਸਮਰਾਟ, ਸਤਿਗੁਰੂ ਜਗਜੀਤ ਸਿੰਘ ਜੀ ਵੀ, ਪਿਤਾ ਸਤਿਗੁਰੂ ਜਿਤਨਾਂ ਸਮਾਂ, ਪਰਦੇਸੀ ਪ੍ਰੀਤਮ ਦੀ ਉਡੀਕ ਨਮਿੱਤ ਲਾ ਕੇ "ਪਿਰ ਦੇਖਨ ਕੀ ਆਸ" ਦਾ ਲੜ, ਸ੍ਰੀ ਗੁਰੂ ਮਹਾਰਾਜ ਉਦੇ ਸਿੰਘ ਜੀ ਨੂੰ ਫੜਾ ਗਏ ਹਨ।

ਸਤਿਗੁਰੂ ਜੀ ਦਾ ਆਉਣਾ ਅਟੱਲ ਹੈ, ਕਿਉਂਕਿ ਉਹਨਾਂ ਦੇ ਆਏ ਬਿਨਾਂ ਧਰਤੀ ਤੇ ਧਰਮ ਨਹੀਂ ਵਰਤਣਾ। ਗਊ ਗਰੀਬ ਦੇ ਗਲੋਂ ਛੁਰੀ ਨਹੀਂ ਲਹਿਣੀ। ਧਰਮ ਵਰਤਣ ਦਾ ਅਰਥ ਹੈ :- ਹੱਕ, ਸੱਚ ਤੇ ਨਿਆਂ ਦਾ ਰਾਜ ਕਾਇਮ ਹੋਣਾ। ਕੋਈ ਦੁਖੀਆਂ ਨਾ ਰਹਿਣਾ। ਹਲੇਮੀ ਰਾਜ ਦੀ ਸਥਾਪਨਾ। ਸਤਿਗੁਰੂ ਰਾਮ ਸਿੰਘ ਨਾਂ ਹੈ ਮਨੁੱਖੀ ਮੁਕਤੀ ਦਾ। ਬੰਦ ਖਲਾਸੀ ਦਾ। ਆਉ ਉਹਨਾਂ ਦੇ ਸਾਰੇ ਨਾਮ ਲੇਵਾ ਉਹਨਾਂ ਦੁਆਰਾ ਸਥਾਪਿਤ, ਉੱਚੇ ਸੁੱਚੇ ਆਦਰਸ਼ਾਂ ਦੀ ਪ੍ਰਾਪਤੀ ਵਾਸਤੇ, ਹਾਜ਼ਰਾ ਹਜ਼ੂਰ ਜੀ ਦੀ ਅਗਵਾਈ ਵਿਚ ਅੱਗੇ ਵਧੀਏ।

*ਕਰੀਵਾਲਾ (ਸਿਰਸਾ)*
*੧੦.੧.੨੦੧੩*



Namdhari Elibrary NamdhariElibrary@gmail.com

# Homage to Sri Satguru Jagjit Singh ji Maharaj



Words fall short to describe Satguru Jagjit Singh Ji Maharaj who left this mortal world on 13th December 2012. His holiness Sri Satguru Jagjit Singh Ji the religious head of millions of Namdharis all over the world, enlightened his disciples and the humanity in general about the path for man's unification with God by dispelling the difference between Soul and God; by abandoning the human ego and sense of duality. He directed the disciples to salvation by enabling them to overcome their lust, greed and selfishness. He inspired his disciples to dedicate their lives to service and benevolence of humanity via following the path of meditation. Besides being a spiritual leader, Sri Satguru Jagjit Singh Ji had given birth to a paralled religion – the religion of music. In the history of music, he will always be credited with unmatched passion that sowed the seeds of a silent musical revolution in Punjab. It was as early as 1959 that Satguru Jagjit Singh ji had forseen the dearth of talent in the field of classical music in Punjab. His resolve soon witnessed the initiation of young talent into the world of music. Satguru Jagjit Singh, who himself exceled in Indian classical vocal and instrumental music, started imparting knowledge to boys and girls, aged between 5 and 10 years. Soon the number began to multiply. The untiring, unrelenting and consistent devotion of Sri Satguru ji over a period of 10 to 15 years began to bear fruit. Beyond the fast-paced lifestyle of the Punjabis and unnoticed by the powers that be, in a remote village called Bhaini Sahib, known as the seat of the Namdhari sect, the foundation of Indian classical vocal/instrumental music was being laid. Though it takes a long time for any such serious forms of music to gain recognition, Bhaini Sahib saw the rise of many a talented musicians some of whom are now national and international stars.

Satguru Jagjit Singh Ji did not restrict his teachings to his followers alone but imparted his knowledge of music to others too speaks volumes for his dedication and zeal. Led by his farsightedness, he consciously decided to revive many dying musical instruments of Punjab. As a result of his efforts Rabab, Dilruba, Saranda, Sarangi, Santoor and Sitar have been popularised by his disciples. Hundred of children in the age in the different age groups are today learning to play these instruments and are also being trained in classical vocal. Satguru Jagjit Singh's name, as a renowned musician, would also be remembered for having evolved newmaatras like pauneaath (seven and three-fourths), paune-pandhran (fourteen and three-fourths), sava-chaudhan (fourteen and one-fourth), saade-staran (seventeen and a half) and teran-sahi-satt-bata-aath (thirteen and seven-eights).

May the Divine Soul keep guiding humanity forever........

*From the Souvenir*
*137th Shree Baba Harivallabh*
*Sangeet Sammelan*
*25-30 Dec. 2012*



Namdhari Elibrary NamdhariElibrary@gmail.com



ਬਾਬਾ ਹਰਿਵੱਲਭ ਸੰਗੀਤ ਮਹਾਂ ਸਭਾ ਵਲੋਂ ਕੀਤੀ ਗਈ ਸ਼ੋਕ ਸਭਾ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਮੌਨ ਧਾਰ ਕੇ ਸ਼ਰਧਾਂਜਲੀ ਭੇਟ ਕਰਦੇ ਹੋਏ ਮੈਂਬਰ

## ਸਤਿਗੁਰੂ ਜਗਜੀਤ ਸਿੰਘ ਦਾ ਅਕਾਲ ਚਲਾਣਾ ਸਾਰੇ ਸਮਾਜ ਲਈ ਨਾ ਪੂਰਾ ਹੋਣ ਵਾਲਾ ਘਾਟਾ —ਪੂਰਨਿਮਾ ਬੇਰੀ

ਸਾਡੇ ਸਭ ਲਈ ਇਹ ਬਹੁਤ ਦੁਖ ਦੀ ਘੜੀ ਹੈ, ਕਿ ਇਸ ਯੁੱਗ ਦੀ ਪਵਿੱਤਰ ਆਤਮਾ, ਸਿਰਮੌਰ ਸਮਾਜ ਸੁਧਾਰਕ, ਵਾਤਾਵਰਣ ਪ੍ਰੇਮੀ ਖੇਡਾਂ ਨੂੰ ਸਮਰਪਿਤ ਤੇ ਸਭ ਤੋਂ ਵੱਧ ਭਾਰਤੀ ਸ਼ਾਸਤਰੀ ਸੰਗੀਤ ਦੇ ਗਿਆਨ ਪ੍ਰਚਾਰਕ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨਾਮਧਾਰੀ ਅੱਜ ਸਾਡੇ ਵਿਚ ਨਹੀਂ ਰਹੇ। ਸਹੀ ਅਰਥਾਂ ਵਿਚ ਇਹ ਸਾਰੇ ਸਮਾਜ ਲਈ ਅਸਹਿ ਤੇ ਨਾ ਪੂਰਾ ਹੋਣ ਵਾਲਾ ਘਾਟਾ ਪੈ ਗਿਆ ਹੈ, ਜਿਸ ਦੀ ਪੂਰਤੀ ਅਸੰਭਵ ਹੈ।

ਇਹ ਸ਼ਬਦ ਸ੍ਰੀਮਤੀ ਪੂਰਨਿਮਾ ਬੇਰੀ ਜਨਰਲ ਸਕੱਤਰ ਸ੍ਰੀ ਬਾਬਾ ਹਰਿਵਲਭ ਸੰਗੀਤ ਮਹਾਂਸਭਾ ਨੇ ਮਹਾਂਸਭਾ ਦੀ ਕਾਰਜਕਾਰਨੀ ਕਮੇਟੀ ਦੀ ਸ਼ੋਕ ਸਭਾ ਵਿਚ ਆਖੇ ਜੋ ਕਿ ਅੱਜ ਸ੍ਰੀ ਸਤਿਗੁਰੂ ਜਗਜੀਤ ਸਿੰਘ ਦੇ ਅਕਾਲ ਚਲਾਣੇ ਤੇ ਦੁਖ ਦਾ ਪ੍ਰਗਟਾਵਾ ਕਰਨ ਲਈ ਰੱਖੀ ਗਈ।

ਇਸ ਸਭਾ ਵਿਚ ਵੱਖ-ਵੱਖ ਬੁਲਾਰਿਆਂ ਵਲੋਂ ਸ੍ਰੀ ਸਤਿਗੁਰੂ ਜੀ ਨੂੰ ਭਾਵ ਭਿੰਨੀ ਸ਼ਰਧਾਜਲੀ ਦਿੱਤੀ ਗਈ ਤੇ ਉਨ੍ਹਾਂ ਵਲੋਂ ਦਾਜ-ਦਹੇਜ ਰਹਿਤ ਸਾਦਾ ਵਿਆਹ ਕਰਨ ਦੀ ਪ੍ਰੰਪਰਾ, ਖੇਡਾਂ ਤੇ ਸੰਗੀਤ ਨੂੰ ਉਤਸ਼ਾਹਿਤ ਕਰਨਾ, ਗਊ ਗਰੀਬ ਦੀ ਸੰਭਾਲ ਤੇ ਸਹਾਇਤਾ ਕਰਨਾ ਆਦਿ ਬਾਰੇ ਭਰਪੂਰ ਸ਼ਲਾਘਾ ਕੀਤੀ ਗਈ। ਸ੍ਰੀ ਸਤਿਗੁਰੂ ਜੀ ਦੇ ਮਹਾਂਸਭਾ ਨੂੰ ਦਿੱਤੇ ਗਏ ਭਰਪੂਰ ਯੋਗਦਾਨ ਦਾ ਵਾਰ-ਵਾਰ ਵਰਣਨ ਕੀਤਾ ਗਿਆ ਤੇ ਉਹ ਅਭੁੱਲ ਯਾਦਾਂ ਵੀ ਤਾਜ਼ਾ ਕੀਤੀਆਂ ਗਈਆਂ, ਜਦੋਂ ਸ੍ਰੀ ਸਤਿਗੁਰੂ ਜੀ ਹਰਿਵਲਭ ਸੰਗੀਤ ਸੰਮੇਲਨ ਵਿਚ ਆਪਣਾ ਅਸ਼ੀਰਵਾਦ ਤੇ ਸੰਗੀਤ ਪ੍ਰੇਮੀਆਂ ਨੂੰ ਦਰਸ਼ਨ ਦੇਣ ਲਈ ਪਧਾਰੇ ਸਨ। ਅੰਤ ਵਿਚ ਉਨ੍ਹਾਂ ਦੀ ਯਾਦ ਵਿਚ ਦੋ ਮਿੰਟ ਦਾ ਮੌਨ ਰੱਖਿਆਂ ਗਿਆ ਤੇ ਵਾਹਿਗੁਰੂ ਪ੍ਰਮਾਤਮਾ ਅੱਗੇ ਉਨ੍ਹਾਂ ਦੀ ਆਤਮਕ ਸ਼ਾਤੀ ਲਈ ਅਰਦਾਸ ਕੀਤੀ ਗਈ। ਸਭਾਂ ਵਿਚ ਇਹ ਵੀ ਨਿਰਣਾ ਲਿਆ ਗਿਆ ਕਿ ਇਸ ਸਾਲ ਦਾ ਹਰਿਵਲਭ ਸੰਗੀਤ ਸੰਮੇਲਨ ਭਾਰਤ ਰਤਨ ਪੰਡਤ ਰਵੀ ਸ਼ੰਕਰ ਜੀ ਦੇ ਨਾਲ-ਨਾਲ ਸ੍ਰੀ ਸਤਿਗੁਰੂ ਜੀ ਨੂੰ ਸਮਰਪਿਤ ਹੋਵੇਗਾ।

## ਸੰਵੇਦਨਾ ਪੱਤਰ

ਪਰਮ ਸਤਿਕਾਰਯੋਗ ਮਾਤਾ ਜੀ,
ਸਾਦਰ ਪ੍ਰਣਾਮ।

ਮਹਾਂਸਭਾ ਵਿਚ ਸਾਨੂੰ ਸਾਰੇ ਮੈਂਬਰਾਂ ਨੂੰ ਸਤਿਗੁਰੂ ਜੀ ਦੇ ਅਕਾਲ ਚਲਾਣੇ ਦਾ ਬਹੁਤ ਹੀ ਦੁਖ ਤੇ ਅਫ਼ਸੋਸ ਹੈ ਜੀ। ਸ੍ਰੀ ਸਤਿਗੁਰੂ ਜੀ ਜਿਥੇ ਇਕ ਬਹੁਤ ਵੱਡੇ ਸਮਾਜ ਸੁਧਾਰਕ ਅਤੇ ਬ੍ਰਹਮ ਗਿਆਨੀ ਸਨ, ਉਥੇ ਸੰਗੀਤ ਦੇ ਮਹਾਨ ਵਿਦਵਾਨ ਤੇ ਸੰਗੀਤ ਨੂੰ ਉਤਸ਼ਾਹ ਦੇਣ ਵਾਲੇ ਸਨ। ਉਨ੍ਹਾਂ ਦਾ ਅਕਾਲ ਚਲਾਣਾ ਹਰਿਵਲਭ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਹੈ ਤੇ ਉਨ੍ਹਾਂ ਦੀ ਕਮੀ ਹਮੇਸ਼ਾ ਹੀ ਮਹਿਸੂਸ ਹੁੰਦੀ ਰਹੇਗੀ।

ਅਕਾਲ ਪੁਰਖ ਦੇ ਭਾਣੇ ਨੂੰ ਮੰਨਦੇ ਹੋਏ ਅਸੀਂ ਉਨ੍ਹਾਂ ਦੀ ਪਵਿੱਤਰ ਆਤਮਾਂ ਨੂੰ ਵਾਹਿਗੁਰੂ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ ਲਈ ਅਰਾਦਸ ਕਰਦੇ ਹਾਂ ਅਤੇ ਆਪ ਜੀ ਨੂੰ ਇਹ ਅਸਹਿ ਤੇ ਅਕਹਿ ਸਦਮਾ ਬਰਦਾਸ਼ਤ ਕਰਨ ਦੀ ਸਮਰੱਥਾ ਬਖਸ਼ਣ ਲਈ ਅਰਦਾਸ ਕਰਦੇ ਹਾਂ ਜੀ।

ਆਪ ਜੀ ਦੀ ਸੇਵਾ ਵਿਚ

*(ਸ੍ਰੀਮਤੀ) ਪੂਰਣਿਮਾ ਬੇਰੀ, ਜਨਰਲ ਸਕੱਤਰ*
*ਸ੍ਰੀ ਬਾਬਾ ਹਰਿਵੱਲਭ ਸੰਗੀਤ ਮਹਾਂਸਭਾ, ਜਲੰਧਰ*



Namdhari Elibrary NamdhariElibrary@gmail.com

# ਮਾਝੇ ਦੇ ਮੋਢੀ ਕੂਕਾ-ਆਗੂ ਬਾਬਾ ਨੈਣਾ ਸਿੰਘ 'ਵਰਿਆਹ'

*—ਸੁਵਰਨ ਸਿੰਘ ਵਿਰਕ*

ਮਾਝੇ ਵਿਚ ਸਿਖੀ ਦਾ ਪ੍ਰਚਾਰ ਬੇਸ਼ਕ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਆਰੰਭ ਹੋ ਗਿਆ ਸੀ। ਕਨਿੰਘਮ ਦੀ ਲਿਖਤ ਮੁਤਾਬਿਕ ਗੁਰੂ ਬਾਬੇ ਦਾ ਪ੍ਰਕਾਸ਼ ਮਾਝੇ ਦੇ ਮਸ਼ਹੂਰ ਪਿੰਡ ਕਾਹਨੇ ਕਾਛੇ ਨਾਨਕੇ ਪਿੰਡ ਵਿਚ ਹੋਇਆ। ਹੁਣ ਇਸ ਦਾ ਜ਼ਿਲ੍ਹਾ ਲਾਹੌਰ (ਪਾਕਿਸਤਾਨ ਹੈ।) ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਦੇਵ ਜੀ ਗੁਰੂ ਅਮਰਦਾਸ ਜੀ ਗੁਰੂ ਰਾਮ ਦਾਸ ਜੀ, ਗੁਰੂ ਅਰਜਨ ਦੇਵ ਜੀ, ਗੁਰੂ ਹਰਗੋਬਿੰਦ ਸਾਹਿਬ ਅਤੇ ਗੁਰੂ ਤੇਗ ਬਹਾਦਰ ਨਾਲ ਸਬੰਧਿਤ ਇਤਿਹਾਸਕ ਸਥਾਨਾਂ ਤੋਂ ਇਲਾਵਾ ਅਠਾਰ੍ਹਵੀਂ ਸਦੀ ਦੇ ਸਿਦਕੀ ਸਿੰਘਾਂ ਦੇ ਸ਼ਹੀਦੀ ਅਸਥਾਨ ਵੀ ਮਾਝੇ ਵਿਚ ਹੀ ਮਿਲਦੇ ਹਨ। ਜ਼ਿਆਦਾ ਸਿੱਖ ਮਿਸਲਾਂ ਦਾ ਮੂਲ ਸਥਾਨ ਮਾਝੇ ਵਿਚ ਹੀ ਹੈ। ਕੂਕਾ ਲਹਿਰ ਅਤੇ ਇਸ ਦੇ ਪ੍ਰਭਾਵ ਵਜੋਂ ਬਾਅਦ ਵਿਚ ਚੱਲਣ ਵਾਲੀਆਂ, ਕੌਮੀ ਮੁਕਤੀ ਸੰਗਰਾਮ ਦੀਆਂ ਸਾਰੀਆਂ ਲਹਿਰਾਂ ਵਿਚ ਸਮੇਤ ਗਦਰ ਪਾਰਟੀ ਦੇ, ਮਾਝੇ ਦਾ ਮੀਰੀ ਸਥਾਨ ਰਿਹਾ ਹੈ। ਸਤਿਗੁਰੂ ਰਾਮ ਸਿੰਘ ਜੀ ਦਾ ਤਪ ਤੇਜ ਵਧ ਰਿਹਾ ਸੀ। ਸਰਕਾਰੀ ਮੁਖਬਰ, ਲੰਬੜਦਾਰ, ਸਫੇਦਪੋਸ਼ ਨਵੇਂ ਪੰਥ ਦੇ ਵਿਰੁੱਧ ਝੂਠੀਆਂ ਸੱਚੀਆਂ ਜੋੜ ਕੇ, ਸਰਕਾਰੇ ਦਰਬਾਰੇ ਕੁਫ਼ਰ ਤੋਲਦੇ ਰਹਿੰਦੇ ਸਨ। ਗੰਗਾ ਦੀ ਅਰਧ ਕੁੰਭੀ ਤੋਂ ਮੁੜਦਿਆਂ ਆਪਣੇ ਹਸਤ ਕਮਲਾਂ ਵਿਚ ਪਕੜੇ ਸਫਾਜੰਗ ਨੂੰ ਵੇਖ ਕੇ ਕਿਹਾ ਸੀ ਏਸ ਪਰਸਰਾਮ ਨਾਲ ਵਜ਼ੀਰਾ ਨੰਬਰਦਾਰ ਕੁੱਟਣਾ ਹੈ।[1] ਤੇ ਜਦੋਂ ਭੈਣੀ ਸਾਹਿਬ ਪੁੱਜੇ, ਆਪਣਾ ਬਚਨ ਪੂਰਾ ਕਰ ਦਿੱਤਾ। ਉਸ ਦੇ ਪੁੱਤਰ ਨੇ ਪੁਲੀਸ ਕੋਲ ਪਹੁੰਚ ਕੀਤੀ। ਥਾਣੇਦਾਰ ਦੇ ਪੁੱਛਣ ਤੇ ਉਸ ਹੋਰ ਊਜ ਘੜ ਮਾਰੀ, "ਉਸਨੇ ਕਿਹਾ ਕਿ ਚੋਰਾਂ ਯਾਰਾਂ ਨੂੰ ਰੱਖਦਾ ਹੈ। ਮਾਝੇ ਦੇ ਧਾੜਵੀ ਰੱਖਦਾ ਹੈ। ਮੇਰਾ ਪਿਓ ਮੱਥਾ ਟੇਕਣ ਗਿਆ ਸੀ, ਕੁਹਾੜੀਆਂ ਮਾਰੀਆਂ ਸੂ। ਥਾਣੇਦਾਰ ਨੇ ਕਿਹਾ ਕਿ ਤੇਰਾ ਇਜ਼ਹਾਰ ਝੂਠਾ ਹੈ ਜੋ ਤੂੰ ਕਹਿੰਦਾ ਹੈਂ ਚੋਰਾਂ ਯਾਰਾਂ ਨੂੰ ਰੱਖਦਾ ਹੈ। ਜੇ ਚੋਰਾਂ ਯਾਰਾਂ ਨੂੰ ਰੱਖਦਾ ਹੋਵੇ ਤਾਂ ਨੰਬਰਦਾਰ ਦਾ ਕੀ ਮਤਲਬ ਹੈ ਚਰਨੀ ਲੱਗਣ ਦਾ ਮੱਥਾ ਟੇਕਣ ਦਾ ? ਤੂੰ ਸੰਤਾਂ ਉਥੇ ਝੂਠਾ ਤੂਫਾਨ ਲਾਉਂਦਾ ਹੈਂ। ਥਾਣੇਦਾਰ ਨੇ ਕਿਹਾ ਸੰਤੋ ਆਪ ਜਾਵੋ, ਤੁਸੀਂ ਮਹਾਤਮਾ ਹੋ। ਘਰ ਕੋ ਆਇ ਗਏ।"[2]

ਇਹ ਕੌਣ ਸਨ ਜਿਹਨਾਂ ਨੂੰ ਉਹ ਮਾਝੇ ਦੇ ਧਾੜਵੀ ਦੱਸ ਕੇ ਆਪਣੀ ਮਾੜੀ ਸੋਚ ਦਾ ਪ੍ਰਗਟਾਵਾ ਕਰਦਾ ਹੈ। ਅਰਧ ਕੁੰਭੀ ੧੮੬੧ ਸਮੇਂ ਸਤਿਗੁਰੂ ਜੀ ਨਾਲ ਜਾਣ ਵਾਲੇ ਮਾਝੇ ਦੇ ਮਹੱਤਵਪੂਰਨ ਸਿੰਘਾਂ ਵਿਚੋਂ ਸਨ, ਬਾਬਾ ਜਵਾਹਰ ਸਿੰਘ ਪਿੰਡ ਸੋਹਲ, ਬਾਬਾ ਸਾਹਿਬ ਸਿੰਘ ਬੰਗਾਲੀਪੁਰ ਅਤੇ ਭਾਈ ਨੈਣਾ ਸਿੰਘ . ਵਰਿਆਹ ਤਿੰਨੇ ਜ਼ਿਲ੍ਹਾ ਅੰਮ੍ਰਿਤਸਰ। ਪਹਿਲੇ ਦੋਵੇਂ ਤਾਂ ਮਹੱਤਵਪੂਰਨ ਕੂਕਾ ਸੂਬੇ ਥਾਪੇ ਗਏ। ਤੀਜਾ ਨੈਣਾ ਸਿੰਘ ਵਰਿਆਹ ਇਹਨਾਂ ਦੋਹਾਂ ਤੋਂ ਪਹਿਲਾਂ ਸਤਿਗੁਰੂ ਜੀ ਪਾਸ ਸ੍ਰੀ ਭੈਣੀ ਸਾਹਿਬ ਪੁੱਜਦਾ ਹੈ। ਇਉਂ ਮਾਝੇ ਵਿਚ ਮੋਢੀ ਕੂਕਾ ਮੁਖੀ ਬਣਨ ਦਾ ਸ਼ਰਫ਼, ਨੈਣਾ ਸਿੰਘ ਹੋਰਾਂ ਨੂੰ ਹਾਸਲ ਹੁੰਦਾ ਹੈ। ਨਾਮਧਾਰੀ ਸੰਤ ਖਾਲਸੇ ਦੀ ਸਾਜਨਾ ਸਮੇਂ, ਆਪ ਉਹਨਾਂ ਪਹਿਲੇ ਪੰਜਾਂ ਸਿੰਘਾਂ ਵਿਚ ਸ਼ਾਮਲ ਸਨ ਜਿਹਨਾਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ, ਨਾਮ ਬਾਣੀ, ਬਾਣੇ ਨਾਲ ਜੁੜਨ ਦਾ ਹੁਕਮ ਦੇ ਕੇ, ਸਤ੍ਰਿਗੁਰੂ ਜੀ ਨੇ ਆਪਣੇ ਕੌਮੀ ਸੁਤੰਤਰਤਾ ਸੰਗਰਾਮ ਵਾਲੇ ਮਿਸ਼ਨ ਦੀ ਨੀਂਹ ਰੱਖੀ ਸੀ। ਉਹ ਗੁਲਾਮ ਜ਼ਿਹਨੀਅਤ ਦੀ ਥਾਂ ਆਜ਼ਾਦ ਸੋਚਣੀ ਵਾਲਾ, ਤਿਆਰ ਬਰ ਤਿਆਰ, ਖ਼ਾਲਸਾ ਤਿਆਰ ਕਰਨਾ ਚਾਹੁੰਦੇ ਸਨ। ਇਕ ਸਮਤਾ ਮੂਲਕ ਭਾਈਚਾਰੇ ਦੀ ਸਥਾਪਨਾ ਆਪ ਦੇ ਉਦੇਸ਼ਾਂ ਵਿਚ ਸ਼ਾਮਲ ਸੀ। ਸਾਡਾ ਪਹਿਲਾ ਇਤਿਹਾਸਕਾਰ, ਸਤਿਗੁਰੂ ਜੀ ਦੇ ਦੀਨੀ ਅਤੇ ਦੁਨਿਆਵੀ ਕਾਰਜ ਕਰਮ ਦੀ, ਨਿਸ਼ਾਨ ਦੇਹੀ ਕਰਦਾ ਹੈ—



"ਜੋਤੀ ਸਰੂਪ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਜੋਤ ਕੋ ਜਗਾਵਣੇ ਲਗੇ ਹੈਂ। ਪਤੰਗੇ ਕੀ ਤਰ੍ਹਾਂ ਜੋ ਸਿੱਖ ਹੈਂ ਸੋ ਆਵਣਗੇ। ਤਨ ਮਨ ਧਨ ਦੇ ਕੇ ਨਾਮ ਲੈ ਕੇ ਸ਼ਾਂਤੀ ਆ ਜਾਏਗੀ। ਮਾਨੋ ਸੂਰਜ ਕਾ ਪ੍ਰਕਾਸ਼ ਹੋਣੇ ਲੱਗਾ ਹੈ। ਪਾਪਾਂ ਰੂਪੀ ਜੋ ਰਾਤ ਹੈ ਸੋ ਦੂਰ ਹੋਵੇਗੀ। ਚਕਵੀ ਚਕਵੇ ਕੀ ਤਰ੍ਹਾਂ ਭਗਤਾਂ ਕੋ ਸੁਖ ਹੋਵੇਗਾ ਸੂਰਜ ਨੂੰ ਦੇਖਕੇ। ਕਿਰਨਾਂ ਸੂਰਜ ਦੀਆਂ ਨਿਕਲਨੇ ਲੱਗੀਆਂ ਹੈ। ਕਲਾ ਦਾ ਵਿਸਥਾਰ ਕਰਨੇ ਲਗੇ ਹੈਂ । ਸੰਤ ਖਾਲਸਾ ਜੋ ਦਸਵੇਂ ਪਾਤਸ਼ਾਹ ਜੀ ਦਾ ਕਹਿਣਾ ਹੈ ਸੋ ਪ੍ਰਗਟ ਹੋਣ ਲੱਗਾ ਹੈ। ਜੜ੍ਹ ਆਇ ਲਾਈ ਹੈ। ਦਸਵੇਂ ਪਾਤਸ਼ਾਹ ਜੀ ਕਾ ਵਾਕ ਹੈ— ਸਕਲ ਜਗਤ ਮੇ ਖ਼ਾਲਸਾ ਪੰਥ ਗਾਜੇ। ਸੋ



Namdhari Elibrary NamdhariElibrary@gmail.com

ਖ਼ਾਲਸਾ ਜਗਾਵਣੇ ਲਗੇ ਹੈਂ। ਸੁੱਤੇ ਪਿਆਂ ਜੀਆਂ ਕੋ ਨਾਮ ਕਾ ਗੱਫਾ ਦੇ ਕੇ ਦੇਵਤਾ ਕਰਨ ਲਗੇ ਹੈਂ।

ਮੁਖਵਾਕ– ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ।

(ਆਸਾ ਮਹਲਾ ੧, ਪੰਨਾ ੪੬੨)

..ਸ੍ਰੀ ਸਤਿਗੁਰੂ ਰਾਮ ਸਿੰਘ ਜੀ ਗਾਨਾ ਬੰਨਿਆ ਹੈ ਧਰਮ ਤੋਰਨੇ ਕਾ ਤੇ ਗਊ ਗਰੀਬ ਦੀ ਰਛਿਆ ਵਾਸਤੇ। ਕਲੂ ਕਾਲ ਮੈਂ ਧਰਮ ਜਹਾਜ ਪਰ ਚਾੜ੍ਹਕੇ ਸੰਸਾਰ ਸਮੁੰਦਰ ਸੇ ਪਾਰ ਕਰਨਗੇ। ਚੰਦਨ ਕਾ ਬੂਟਾ ਲਾਇਆ ਹੈ। ਜੋ ਨੇੜੇ ਆਵੇਗਾ ਸੋ ਚੰਦਨ ਰੂਪ ਹੋਵੇਗਾ। ਦਿਨੋਂ ਦਿਨ ਪ੍ਰਤਾਪ ਜਗੇਗਾ।

"ਚੌਦੇ ਦੀ ਵੈਸਾਖੀ (ਵੈਸਾਖੀ ੧੯੧੪ ਬਿਕ੍ਰਮੀ ਮੁਤਾਬਿਕ ੧੮੫੭ ਈ.) ਆਈ। ਰਾਮਦਾਸ ਪੁਰੇ ਮੈਂ ਸਿੱਖ ਆਵਣ ਲਗੇ ਹੈਂ। ਸ੍ਰੀ ਸਤਿਗੁਰੂ ਰਾਮ ਸਿੰਘ ਜੀ 'ਸੰਤ ਖ਼ਾਲਸਾ' ਪ੍ਰਗਟ ਕਰਨੇ ਲਗੇ ਹੈਂ ਅੰਮ੍ਰਿਤ ਛਕਾਇਕੇ। ਕਾਹਨ ਸਿੰਘ ਨਿਹੰਗ, ਲਾਭ ਸਿੰਘ ਰਾਗੀ, ਆਤਮਾ ਸਿੰਘ, ਨੈਣਾ ਸਿੰਘ ਔਰ ਸੁੱਧ ਸਿੰਘ ਪੰਜਾਂ ਕੋ ਅੰਮ੍ਰਿਤ ਛਕਾਇਆ। ਪੈਲੇ ਖੁੱਲ੍ਹੀ ਖੇਡ ਸੀ, ਕੋਈ ਕਛਹਿਰੇ ਰੱਖਦਾ ਸੀ ਕੋਈ ਨਹੀਂ ਰੱਖਦਾ ਸੀ। ਮਾਈਆਂ ਬੀਬੀਆਂ ਹੀ ਪ੍ਰਸ਼ਾਦਾ ਸਜਾ ਲੈਂਦੀਆਂ ਸਨ। ਕਛਹਿਰੇ ਕਾ ਬੰਨ੍ਹਣ ਨਹੀਂ ਸੀ। ਉਸੀ ਦਿਨ ਸੇ ਸਭ ਕੋ ਫ਼ਿਕਰ ਪੈ ਗਿਆ ਕਿ ਦਸਵੇਂ ਪਾਤਸ਼ਾਹ ਵਾਲੀ ਰੀਤ ਧਾਰਨੀ ਪਵੇਗੀ।[3]

੧੮੬੧ ਈ. ਵਿਚ ਗੰਗਾ ਦੇ ਦੌਰੇ ਸਮੇਂ, ਸਤਿਗੁਰੂ ਜੀ ਨੇ ਆਪਣੇ ਢੰਗ ਨਾਲ ਬਹੁਤ ਸਾਰੀਆਂ ਮਨੌਤਾਂ ਰੱਦ ਕੀਤੀਆਂ। ਗੰਗਾ ਅਤੇ ਹੋਰ ਤੀਰਥਾਂ ਦੀ ਪਵਿੱਤਰਤਾ ਅਤੇ ਪੰਡਿਤਾਂ ਪਰੋਹਿਤਾਂ ਦੇ ਕਰਮ ਕਾਂਡੀ ਵਰਤਾਰੇ ਨਾਲ ਜੁੜੇ, ਵਹਿਮਾਂ ਭਰਮਾਂ ਤੋਂ, ਆਮ ਜਨ ਨੂੰ ਮੁਕਤ ਕਰਾਉਣ ਦਾ ਵੱਡਾ ਕਾਰਜ ਆਰੰਭਿਆ। ਇਸ ਸਮੇਂ ਕੁਝ ਵਰਤਾਰੇ ਆਪ ਨੇ ਵਰਤਾਉਣ ਲਈ ਨਾਮ ਦੀ ਰੰਗਣਾਂ ਵਿਚ, ਮਸਤਾਨੀ ਬਿਰਤੀ ਧਾਰਨ ਕਰ ਲਈ। ਇਹਨਾਂ ਨੂੰ ਅਸੀਂ ਗੁਰੂ ਦੇ ਉਹ ਚੋਜ ਵੀ ਕਹਿ ਸਕਦੇ ਹਾਂ ਜਿਹਨਾਂ ਦੁਆਰਾ ਉਹ ਖਰੇ ਖੋਟੇ ਦੀ ਪਰਖ ਕਰਦੇ ਹਨ। ਸਿੱਖ ਦੀ ਸਮਰਪਣ ਭਾਵਨਾ ਨੂੰ ਵੀ ਜੋਂਹਦੇ ਹਨ। ਅਜਿਹੇ ਇਕ ਵਰਤਾਰੇ ਸਮੇਂ, ਭਾਈ ਨੈਣਾ ਸਿੰਘ ਹੋਰੀਂ ਸਾਬਤ ਕਦਮ ਰਹੇ ਸਨ। ਇਹ ਬਚਨ ਹੁਰਦੁਆਰ ਗੰਗਾ ਤੇ ਜਾਣ ਵੇਲੇ ਪਹਿਲੇ ਪੜਾਅ ਦਾ ਹੀ ਹੈ, ਜਿੱਥੇ ਭੈਣੀ ਸਾਹਿਬ ਤੋਂ ਚੱਲ ਕੇ ਰੁਕੇ ਸਨ–

"ਪਹਿਲਾ ਪੜਾਓ ਧੰਨੇ ਜਾਇ ਕੀਤਾ। ਦਸੌਧਾ ਸਿੰਘ ਨੂੰ ਬਚਨ ਕੀਤਾ ਘਿਓ ਰੱਖੀਂ ਹਵਨ ਕਰਾਂਗੇ। ਸਵਾ ਪਹਿਰ ਰਾਤ ਰਹਿੰਦੀ ਨਾਲ ਇਸ਼ਨਾਨ ਕੀਤਾ। ਆਸਾ ਦੀ ਵਾਰ ਲਗਣ ਲਗੀ। ਬਚਨ ਹੋਇਆ ਚੁਗ ਲੈ ਆਓ ਡੱਕੇ। ਸਿੰਘ ਲਿਆਇ ਕੇ ਧਰੀ ਜਾਵਣ। ਨੈਣਾ ਸਿੰਘ ਕੋਲ ਬੈਠਾ ਸੀ। ਦੋ ਦੋ ਡੱਕੇ ਫੜੌਂਦਾ ਸੀ। ਬਚਨ ਹੋਇਆ ਇੱਕ ਇੱਕ ਡੱਕਾ ਫੜਾਓ। ਨਾ ਹਟਿਆ, ਫੇਰ ਫੜਾਉਣੇ ਲੱਗਾ। ਸ੍ਰੀ ਸਤਿਗੁਰੂ ਜੀ ਪੁੱਠਾ ਪਰਸਰਾਮ ਮਾਰਿਆ, ਸਿਰ ਵਿਚ ਲੱਗਾ। ਬਚਨ ਕੀਤਾ ਦੋ ਦੋ ਡੱਕੇ ਕਿਉਂ ਫੜੌਂਦਾ ਹੈ ? ਫੇਰ ਦੋ ਫੜੌਣ ਲੱਗਾ। ਦੋ ਪੁੱਠੇ ਪਰਸਰਾਮ ਮਾਰੇ ਵਿਚ ਸਿਰ ਵਿਚ। ਪਿੱਛੇ ਨੂੰ ਮੁੜਨ ਲੱਗਾ ਤਾਂ ਪਿੰਨੀ ਉਤੇ ਸਿੱਧਾ ਪਰਸਰਾਮ ਮਾਰਿਆ। ਮਛਲੀ ਵੱਢੀ ਗਈ, ਲਹੂ ਪਰਨਾਲੇ ਵਾਂਗ ਪੈਣ ਲੱਗਾ। ਧਰਤੀ ਲਹੂ ਨਾਲ ਲਾਲ ਹੋ ਗਈ। ਘੁਮੇਟਨੀ ਖਾਇਕੇ ਡਿੱਗ ਪਿਆ ਪਿੱਛੇ ਨੂੰ। ਦੇਖਕੇ ਸਿੰਘ ਥਰ-ਥਰ ਕੰਬਦੇ ਹੈਂ ਕਿ ਸਾਨੂੰ ਬੀ ਮਾਰਨਗੇ।...

ਸ੍ਰੀ ਸਤਿਗੁਰੂ ਜੀ ਹਵਨ ਕੁੰਡ ਮੈਂ ਚੱਕਰ ਮਾਰਿਆ। ਸਿੰਘਾਂ ਨੂੰ ਬਚਨ ਕੀਤਾ ਤੁਸੀਂ ਬੀ ਸਫਾਜੰਗ ਲਿਆਇਕੇ ਮਾਰੋ।... ਸਤਿਗੁਰੂ ਜੀ ਨਾਲੇ ਚੱਕਰ ਚਲਾਵਣ ਲੱਗੇ ਨਾਲੇ ਬਚਨ ਕਰਨ ਰਾਜਿਆਂ ਕੀ ਤੇ ਡੱਬੂ-ਕਾਲੂ ਦੀ ਲੜਾਈ ਹੋਈ ਹੈ। ਰੂਸਾਂ ਕੋ ਚਾੜ੍ਹ ਕੇ ਲਿਆਵਾਂਗੇ। ਡੱਬੂ ਕੋ ਮਰਵਾਵਾਂਗੇ। ਏਸ ਦੇਸੋਂ ਕਢਾਵਾਂਗੇ। ਗਊ ਬੱਧ ਕੋ ਹਟਾਵਾਂਗੇ। ਸਾਰੀ ਧਰਤੀ ਤੇ ਧਰਮ ਵਰਤਾਵਾਂਗੇ। ਪਾਪ ਕੀ ਸਫ਼ਾ ਉਠਾਵਾਂਗੇ। ਟਾਕੂਆਂ ਨਾਲ ਤੇ ਚੱਕਰ ਨਾਲ ਹਵਨ ਵੱਢਿਆ। ਡੱਬੂ-ਕਾਲੂ ਦਾ ਜੁਧ ਕੀਤਾ ਹੈ। ਡੱਬੂ ਨਾਮ ਫਰੰਗੀਆਂ ਕਾ ਹੈ ਤੇ ਕਾਲੂ ਨਾਮ ਰੂਸਾਂ ਕਾ ਹੈ।

....ਲਾਲ ਰੰਗ ਦਾ ਚਹਿਰਾ ਹੈ। ਚਹਿਰੇ ਵੱਲ ਝਾਕਿਆ ਨਹੀਂ ਜਾਂਦਾ, ਡੈ ਆਉਂਦਾ ਹੈ ਚੇਹਰੇ ਵੱਲ ਦੇਖਕੇ। ਕੋਟ ਸੂਰਜ ਵਰਗਾ ਪ੍ਰਕਾਸ਼। ਆਗੇ ਕੋਈ ਉਚਾ ਸੁਆਸ ਨਹੀਂ ਲੈਂਦਾ ਹੈ ਡਰਦਾ ਮਾਰਿਆ। ਨੇਤਰ ਸਾਹਮਣੇ ਨਾ ਸੀ ਲੱਗਦੇ। ਨੈਣਾ ਸਿੰਘ ਕੋ ਪੱਟੀ ਨਹੀਂ ਬਨ੍ਹਣ ਦਿੱਤੀ। ਜਾਂ ਸ੍ਰੀ ਸਤਿਗੁਰੂ ਜੀ ਅਰਦਾਸਾਂ ਕਰਕੇ ਤੁਰੇ ਨੈਣਾ ਸਿੰਘ ਨੇ ਸਮਝਿਆ ਜੇ ਮੈਂ ਨਾਲ ਚੱਲਾਂ ਤਾਂ ਦਰਦ ਥੋੜ੍ਹੀ ਹੋਵੇਗੀ। ਉਸੀ ਵਕਤ ਜੋ ਮਾਸ ਬਚਿਆ ਹੋਇਆ ਥਾ ਹਾਥ ਸੇ ਹੀ ਦਬਾ ਕੇ ਮਾੜੀ ਜਿਹੀ ਲੀਰ ਬੰਨ੍ਹ ਦਿੱਤੀ। ਮਛਲੀ ਪਿੰਨੀ ਦੀ ਦਰਦ ਗੁਰੂ ਜੀ ਕੇ ਪ੍ਰਤਾਪ ਸੇ ਝੱਟ ਬੰਦ ਹੋ ਗਈ। ਨਾਲ ਹੀ ਤੁਰਿਆ ਗਿਆ। ਐਨ ਉਸੀ ਤਰ੍ਹਾਂ ਰਾਜੀ ਹੋਇ ਗਿਆ।

ਸ੍ਰੀ ਸਤਿਗੁਰੂ ਜੀ ਤੁਰੇ। ਅੱਗੇ ਜਾਇਕੇ ਯੱਕਾ ਘੱਲਿਆ ਕਿ ਨੈਣਾ ਸਿੰਘ ਕੋ ਯੱਕੇ ਪਰ ਚੜ੍ਹਾਇਕੇ ਲੈ ਆਵੋ। ਯੱਕੇ ਪਰ ਨਾ ਚੜ੍ਹਿਆ ਨੈਣਾ ਸਿੰਘ, ਗੁਰੂ ਜੀ ਕੇ ਪ੍ਰਤਾਪ ਨਾਲ ਤੁਰਿਆ



Namdhari Elibrary NamdhariElibrary@gmail.com

ਹੀ ਆਇਆ। ਸਿੰਘਾਂ ਨੇ ਅਸਰਚਰਜ ਮੰਨਿਆ ਕਿ ਧੰਨ ਗੁਰੂ ਜੀ ਹੈਨ ਜਿਨ੍ਹਾ ਨੇ ਸਤਿਆ ਬਖਸ਼ ਕੇ ਤੋਰ ਕੇ ਹੀ ਲੈ ਆਂਦਾ ਹੈ।"[4]

ਉਪਰੋਕਤ ਸਾਖੀ ਨੁਮਾ ਪਰਸੰਗ ਵਿਚ, ਭਵਿੱਖ ਵਿਚ ਵਾਪਰਨ ਵਾਲੀਆਂ ਘਟਨਾਵਾਂ ਦੇ ਸੰਕੇਤ ਛਿਪੇ ਹਨ। ਸਤਿਗੁਰੂ ਜੀ ਬਰਤਾਨਵੀ ਬਸਤੀਵਾਦੀਆਂ ਹੱਥੋਂ ਹੋ ਰਹੀ, ਦੇਸ਼ ਦੀ ਅਧੋਗਤੀ ਪ੍ਰਥਾਇ ਚਿੰਤਤ ਹਨ। ਉਹ ਕਿਸੇ ਮਜ਼ਬੂਤ ਗੁਆਂਢੀ ਮੁਲਕ ਦੀ ਭਾਲ ਵਿਚ ਹਨ ਜੋ ਸਮਾਂ ਆਉਣ ਤੇ ਹਿੰਦ ਦੇ ਮੁਕਤੀ ਸੰਗਰਾਮੀਆਂ ਦਾ ਸਾਥ ਦੇਵੇ। ਰੂਸ ਸਾਡਾ ਉਤਰੀ ਗੁਆਂਢੀ, ਵਿਸ਼ਾਲ ਦੇਸ਼ ਸੀ। ਜਿਸ ਦਾ ਚੌਥਾ ਹਿੱਸਾ, ਏਸ਼ੀਆ ਵਿਚ ਫੈਲਿਆ ਸੀ। ਆਰੀਅਨ ਲੋਕਾਂ ਦੇ ਮੱਧ ਏਸ਼ੀਆ ਵਿਚੋਂ ਆਏ ਹੋਣ ਕਾਰਨ, ਪੰਜਾਬੀਆਂ ਦੇ ਸੁਦੂਰ ਪੁਰਖਿਆਂ ਦੀ ਪਿੱਤਰੀ, ਭੂਮੀ ਵੀ ਕਦੇ ਇਹ ਇਲਾਕੇ ਰਹੇ ਸਨ। ਇਸ ਲਈ ਕੁਝ ਪੁਰਾਣੀਆਂ ਤੰਦਾ, ਕੁਝ ਭੂਗੋਲਿਕ ਸਾਂਝਾਂ ਅਤੇ ਕੁਝ ਵਿਸਥਾਰਵਾਦੀ ਬਰਤਾਨੀਆ ਦਾ ਰਾਹ ਰੋਕਣ ਲਈ, ਰੂਸ ਨੂੰ ਟੁੰਬਿਆ ਟੋਹਿਆ ਜਾ ਸਕਦਾ ਸੀ। ਇਹ ਕੰਮ ੧੮੫੭ ਦੇ ਅਸਫਲ ਜਨ ਵਿਦਰੋਹ ਦੇ ਨਾਇਕਾਂ ਨੇ ਵੀ ਚਿਤਵਿਆ ਸੀ ਅਤੇ ਉਸੇ ਸਮੇਂ ਆਪਣੀ ਜਥੇਬੰਦੀ ਦਾ ਮੁੱਢ ਬੰਨ੍ਹਣ ਵਾਲੇ, ਕੂਕਾ ਅੰਦੋਲਨ ਦੇ ਮੋਢੀਆਂ ਨੇ ਵੀ ਇਸਨੂੰ, ਗੰਭੀਰ ਵਿਚਾਰ ਦਾ ਵਿਸ਼ਾ ਬਣਾਇਆ ਸੀ। ਇਹਨਾਂ ਇਤਿਹਾਸਕ ਪੈੜਾਂ ਦੀ ਟੋਹ ਕੱਢ ਕੇ ਹੀ ਲਾਹੌਰ ਦਾ ਅੰਤਿਮ ਸਿੱਖ ਸਮਰਾਟ, ਮਹਾਰਾਜਾ ਦਲੀਪ ਸਿੰਘ ਵੀ ਕਦੇ ਰੂਸ ਪੁੱਜਾ ਸੀ। ਭਾਰਤ ਤੋਂ ਗਏ ਪ੍ਰਤੀਨਿਧੀਆਂ ਨਾਲ ਗੱਲਬਾਤ ਕਰਦਿਆਂ ਸੋਵੀਅਤ ਰੂਸੀ ਲੋਕ, ਇਹਨਾਂ ਮੁੱਢਲੇ ਯਤਨਾਂ ਅਤੇ ਦੋਹਾਂ ਦੇਸ਼ਾਂ ਵਿਚਾਲੇ ਸੰਪਰਕ ਸੂਤਰਾਂ ਦਾ ਉਚ ਮੁਲੰਕਣ ਕਰਦਿਆਂ, ਅਕਸਰ ਕਿਹਾ ਕਰਦੇ ਸਨ ਕਿ ਉਹ ਰੂਸ ਜ਼ਾਰਸ਼ਾਹੀ ਦਾ ਰੂਸ ਸੀ, ਸਾਮਰਾਜੀ ਰੂਸ, ਜਿਹੜਾ ਆਪਣੇ ਤੋਂ ਰਤਾ ਵਿਸ਼ਾਲਕਾਯ ਸਾਮਰਾਜੀ ਤਾਕਤ ਨਾਲ ਖਹਿਣ ਤੋਂ ਗੁਰੇਜ਼ ਕਰ ਗਿਆ। ਜੇ ਉਹ ਹੁਣ ਵਾਲਾ ਸਮਾਜਵਾਦੀ ਰੂਸੀ ਗਣਤੰਤਰ ਹੁੰਦਾ ਤਾਂ ਪਸਿੱਤੀਆਂ ਕੌਮਾਂ ਦੀ ਬੰਦ ਖਲਾਸੀ ਵੱਲ, ਤਿਖੇ ਕਦਮ ਪੁੱਟਣੇ ਉਸ ਦੇ ਏਜੰਡੇ ਤੇ ਹੁੰਦੇ। ਖ਼ੈਰ ਭਾਈ ਨੈਣਾ ਸਿੰਘ ਜੀ ਦੇ ਬਹਾਨੇ, ਇਸ ਸ਼ਾਨਾਂ ਮਤੇ ਇਤਿਹਾਸ ਦੀਆਂ ਪਰਤਾਂ ਫਰੋਲਣ ਦੇ ਲੋਭ ਤੋਂ ਬਚਿਆ ਨਹੀਂ ਗਿਆ।

ਵਰਿਆਹ ਪਿੰਡ ਸੰਧੂਆਂ ਦੇ ਸਿਰਹਾਲੀ ਗਿਰਦ ਫੈਲੇ ਬਾਈ ਪਿੰਡਾਂ ਵਿਚੋਂ ਇਕ ਪਿੰਡ ਹੈ। ਇਸ ਖਿੱਤੇ ਵਿਚ ਕੂਕਾ ਅੰਦੋਲਨ ਦੇ ਪ੍ਰਚਾਰ ਪਰਸਾਰ ਲਈ ਭਾਈ ਨੈਣਾ ਸਿੰਘ ਦਾ ਉੱਘਾ ਯੋਗਦਾਨ ਹੈ। ਉਹ ਨਾਮ ਬਾਣੀ ਦਾ ਰਸੀਆ ਬੇਸ਼ਕ ਅੱਖਰ ਗਿਆਨ ਤੋਂ ਕੋਰਾ ਸੀ, ਪਰ ਪ੍ਰਭਾਵਸ਼ਾਲੀ ਗੱਲ ਕੱਥ ਦੁਆਰਾ ਵਿਰੋਧੀਆਂ ਨੂੰ ਨਿਰੁਤਰ ਕਰਨ ਅਤੇ ਆਪਣੇ ਮੱਤ ਦੇ ਪਰਚਾਰ ਵਿਚ ਉਹ ਸਿੱਧ ਹਸਤ ਸੀ। ਇਹਨਾਂ ਤੋਂ ਵਰੋਸਾਈ, ਇਸੇ ਪਿੰਡ ਦੇ ਰਤਨ ਸਿੰਘ ਸੰਧੂ ਦੀ ਪੁੱਤਰੀ ਬੀਬੀ ਹੁਕਮ ਕੌਰ ਉਰਫ਼ ਹੁਕਮੀ ਜਾਂ 'ਮਾਈ ਮਹਾਤਮਾ' ਨੂੰ, ਸਤਿਗੁਰੂ ਰਾਮ ਸਿੰਘ ਨੇ ਆਪਣੇ ਸੰਗਠਨ ਵਿਚ ਸੂਬਾ ਪਦਵੀ ਨਾਲ ਨਿਵਾਜਿਆ ਸੀ। ਸਾਡੇ ਇਤਿਹਾਸ ਵਿਚ ਭਾਈ ਨੈਣਾ ਸਿੰਘ ਨਾਲ ਸਬੰਧਿਤ ਕੁਝ ਕੁ ਘਟਨਾਵਾਂ ਦਾ ਹੀ ਵਰਣਨ ਮਿਲਦਾ ਹੈ। ਗੰਗਾ ਯਾਤਰਾ ਵਾਲੀ ਸਾਖੀ ਤੋਂ ਬਾਅਦ ਭਾਈ ਨੈਣਾ ਸਿੰਘ ਹੋਰਾਂ ਦਾ ਵੱਡਾ ਕਾਰਨਾਮਾ, ਰੰਗੂਨ ਵਿਖੇ ਸਰਕਾਰੀ ਹੁਕਮਾਂ ਦੀ ਉਲੰਘਣ ਕਰ ਕੇ, ਸਰਕਾਰੀ ਮੁਖਬਰਾਂ, ਸੂਹੀਆਂ ਅਤੇ ਖੁਫੀਆ ਏਜੰਸੀਆਂ ਦੀਆਂ ਅੱਖਾਂ ਵਿਚ ਘੱਟਾ ਪਾ ਕੇ, ਨਾਮਧਾਰੀ ਪੰਥ ਦੀ ਆਪਣਾ ਹੀ ਜਲ ਪਾਣੀ ਪਰਸ਼ਾਦ ਆਦਿ ਛਕਣ ਦੀ, ਆਪੇ ਸਹੇੜੀ ਕਠਿਨ ਮਰਿਆਦਾ ਦਾ ਨਿਰਬਾਹ ਕਰਦਿਆਂ, ਗੁਰੂ ਦਰਸ਼ਨ ਕਰਨਾ ਸੀ। ਸਾਡੇ ਇਤਿਹਾਸ ਮੁਤਾਬਿਕ ਬਾਬਾ ਦਰਬਾਰਾ ਸਿੰਘ 'ਰਾਇਪੁਰੀਏ' ਤੋਂ ਬਾਅਦ ਰੰਗੂਨ ਪੁੱਜਣ ਵਾਲੇ, ਕੂਕਾ ਸਿੰਘਾਂ ਦੇ ਤੀਜੇ ਜਥੇ ਵਿਚ ਹੀ ਭਾਈ ਨੈਣਾ ਸਿੰਘ ਸ਼ਾਮਲ ਸੀ–

"ਫੇਰ ਹੋਰ ਸਿੰਘ ਤੁਰੇ। ਨੈਣਾ ਸਿੰਘ ਵਰਿਆਹ ਕਾ, ਨਿਧਾਨ ਸਿੰਘ ਚੰਬੇ ਕਾ, ਭਗਵਾਨ ਸਿੰਘ ਛੱਤੇਵਾਲ ਕਾ, ਤਿੰਨ ਸਿੰਘ ਗਏ। ਹਮੀਰ ਸਿੰਘ ਦੁਰਗਾਪੁਰਾ ਕਾ ਅਗੇ ਈ ਸੀ, ਉਥੇ। ਪ੍ਰੇਟ ਵਾਲੇ ਪਾਸੇ ਦਰਸ਼ਨ ਕੀਤਾ। ਲਿਖ ਕੇ ਸਾਰਾ ਹਾਲ ਅੰਦਰ ਸੁੱਟਿਆ। ਸੁਣਕੇ ਸਾਰਾ ਹਵਾਲ ਫੇਰ ਆਪ ਲਿਖਕੇ ਹੁਕਮਾਨਾਮਾ ਦੀਆ। ਹੁਕਮ ਹੋਇਆ ਜਹਾਜ਼ ਪਰ ਚੜ੍ਹ ਜਾਣਾ ਕਈ ਦਿਨ ਦਰਸ਼ਨ ਕੀਤਾ।"[5]

ਭਾਈ ਨੈਣਾ ਸਿੰਘ ਵਾਲੇ ਹੁਕਮਨਾਮੇ ਦੇ ਪਾਠ ਵਿਚੋਂ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਆਰੰਭੇ ਕੂਕਾ ਅੰਦੋਲਨ ਦੇ ਧਾਰਮਿਕ, ਸਮਾਜਿਕ, ਸਿਆਸੀ, ਰਣਨੀਤਿਕ ਅਤੇ ਸੱਭਿਆਚਾਰਕ ਝਲਕਾਰੇ ਮਿਲਦੇ ਹਨ। ਸਤਿਗੁਰੂ ਜੀ ਆਪ ਅਤੇ ਉਹਨਾਂ ਦੀ ਸੰਗਤ ਇਸ ਦਰਦ ਵਿਛੋੜੇ ਦੇ ਭੱਠ ਵਿਚ ਜਿਵੇਂ ਝੁਲਸ ਰਹੇ ਹਨ, ਉਸ ਦਾ ਡੂੰਘਾ ਆਭਾਸ ਵੀ ਹੁੰਦਾ ਹੈ, ਜਿਸ ਵਿਚੋਂ ਆਪ ਦੀ ਡੂੰਘੀ ਕੌਮਾਂਤਰੀ ਸੋਝੀ ਦੇ ਹਵਾਲੇ ਮਿਲਦੇ ਹਨ। ਨਾਮ ਬਾਣੀ ਸੰਗਤ ਨੂੰ ਦ੍ਰਿੜ ਕਰਵਾਉਣ ਅਤੇ ਗੁਰੂ ਸਾਹਿਬਾਨ ਨਾਲ ਸੰਬੰਧਿਤ ਭਵਿੱਖ ਸਾਖੀਆਂ ਦੇ ਇਸ਼ਾਰੇ ਕਰ ਕੇ ਆਪ ਆਪਣੀ ਸੰਗਤ ਦਾ ਮਨੋਬਲ ਹੇਠਾਂ ਨਹੀਂ



Namdhari Elibrary NamdhariElibrary@gmail.com

ਆਉਣ ਦਿੰਦੇ। ਨੀਤੀ ਬਚਨਾਂ ਦੀ ਵੀ ਇਸ ਵਿਚ ਕਾਫੀ ਵਰਤੋਂ ਹੈ। ਸਰਕਾਰ ਬਰਤਾਨੀਆਂ ਨਾਲ ਅਸਹਿਯੋਗ ਦੇ ਝਲਕਾਰੇ ਵੀ ਮਿਲਦੇ ਹਨ। ਗੁਰਬਾਣੀ ਲਈ ਅੱਖਰ ਗਿਆਨ ਸਿੱਖਣ ਦੀ ਲੋੜ ਨੂੰ ਵੀ ਭਲੀ ਭਾਂਤ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਇਕ ਪਰਸੰਗ ਨਾਲ ਸਮਝਾਇਆ ਗਿਆ ਹੈ। ਇਸ ਹੁਕਮਨਮੇ ਦੇ ਦੋ ਭਾਗ ਹਨ। ਪਹਿਲਾ ਭਾਗ ਸੰਬੂਹ ਸੰਗਤ ਦੇ ਵਾਸਤੇ ਹੈ। ਦੂਜਾ ਭਾਗ ਭਾਈ ਨੈਣਾ ਸਿੰਘ ਅਤੇ ਨਾਲ ਦੇ ਸਿੰਘਾਂ ਪ੍ਰਥਾਇ ਹੈ। ਹੁਕਮਨਾਮੇ ਦੀਆਂ ਹੇਠਲੀਆਂ ਟੂਕਾਂ ਇਸ ਦੇ ਬਹੁਪੱਖੀ ਮਹੱਤਵ ਅਤੇ ਵਿਸ਼ਾ ਵਸਤੂ ਦਾ ਨਿਰੂਪਣ ਬਾਖੂਬੀ ਕਰਦੀਆਂ ਹਨ।

'ਹੋਰ ਤਾਂ ਖਾਲਸਾ ਜੀ ਕੋਈ ਦੁਖ ਨਹੀਂ ਇਕ ਸੰਗਤ ਦੇ ਬਿਛੋੜੇ ਦਾ ਹੋਇ ਰਹਿਆ ਹੈ। ਸੋ ਏ ਦੁਖ ਗੁਰੂ ਸਾਹਿਬ ਦੇ ਮੇਟਣ ਦਾ ਹੈ। ਜਦ ਗੁਰੂ ਚਾਹੂਗਾ ਤੁਰਤ ਹੀ ਮੇਟ ਦੇਊਗਾ।"[6]

"ਮੈਂ ਇਹ ਬਾਤ ਸਮਝੀ ਜੋ ਸੰਗਤਿ ਕੋ ਬੀ ਬਡਾ ਭਾਰੀ ਦੁਖ ਵਿਛੋੜਾ ਦਾ ਹੈ। ਸੋ ਖਾਲਸਾ ਜੀ ਤਕੜੇ ਹੋ ਕੇ ਭਜਨ ਬਾਣੀ ਕਰੋ। ਬਾਣੀ ਦਾ ਉਚਾਰ ਕਰੋ ਪ੍ਰਭਾਤੇ। ਭੋਗ ਗ੍ਰੰਥ ਸਾਹਿਬ ਦੇ ਪਾਓ ਜਿਤਨੇ ਪੁਜ ਆਵਨ। ਸੋ ਇਕ ਦੁਖ ਕਿਆ ਸਭੀ ਦੁਖ ਮਿਟ ਜਾਵਣਨਗੇ ਸਤਿ ਕਰ ਮੰਨਣਾ। ਗੁਰੂ ਜੀ ਕਾ ਬਚਨ ਹੈ ਸਰਬ ਰੋਗ ਕਾ ਅਉਖਦੁ ਨਾਮੁ। ਨਾਮ ਤੇ ਬਾਣੀ ਦਾ ਬਡਾ ਪ੍ਰਤਾਪ ਹੈ, ਪਰਸਪਰ ਮੇਲਾ ਹੈ।"[7]

"ਜੋ ਮੇਰੇ ਤੇ ਗੁਰੂ ਸਾਹਿਬ ਲਿਖਾਂਵਦਾ ਹੈ ਸੋ ਮੈਂ ਸੰਗਤ ਕੀ ਓਰ ਲਿਖ ਭੇਜਦਾ ਹਾਂ। ਮੇਰੇ ਮੈ ਜੀ ਕਹਾ ਮਤ ਹੈ। ਜੇ ਮੇਰੇ ਮੈ ਮਤ ਹੁੰਦੀ ਤਾਂ ਮੈਂ ਮਲੇਛਾ ਦੀ ਕੈਦ ਵਿਚ ਕਿਓ ਆਂਵਦਾ। ਦੇਖੋ ਖਾਲਸਾ ਜੀ ਕਰਤਾਰ ਦੇ ਰੰਗ ਤਮਾਸੇ, ਕਰਤਾਰ ਕੀ ਦਿਖਾਂਵਦਾ ਹੈ।"[8]

ਹੋਰ ਭਾਈ ਏਨਾ ਦਾ ਨੌਕਰ ਕੋਈ ਨਾ ਰਹੇ। ਜੋ ਰਹੂ ਸੋ ਬਹੁਤ ਔਖਾ ਹੋਊਗਾ। ਏਨਾ ਕੂੰ ਤਾਂ ਗੁਰੂ ਸਾਹਿਬ ਦਾ ਅਨਿਕ ਭਾਤ ਦੀ ਮਾਰ ਦਾ ਹੁਕਮ ਹੈ। ਆਗੇ ਗੁਰੂ ਜਾਣੇ।[9]

"ਏਨਾ ਬਿਲਿਆ ਨੂ ਲੋਕਾਂ ਨੇ ਇਹ ਭਰਮ ਪਾਇਆ ਹੈ ਚੰਗਿਆ ਚੰਗਿਆ ਨੇ, ਏਹ ਕੂਕੇ ਤੁਮਾਰਾ ਰਾਜ ਲੈ ਲੇਣਗੇ ਆਗੇ ਵਾਗੂ ਜੇਸਾ ਚੁਗਤਿਆ ਥੋ ਲੈ ਲਿਆ ਸੀ। ਏ ਓਦੀ ਸਿਖ ਹੈਨਿ, ਏਸ ਕਰਕੇ ਸਾਡੇ ਪਿਛੇ ਪੈ ਗੇ ਲੋਕਾਂ ਦਾ ਕਹਾ ਮੰਨਕੇ।"[10]

"ਹੋਰ ਭੇਖਾ ਦੀ ਸੇਵਾ ਕਰਨੀ ਜਥਾ ਸਕਤਿ, ਭਾਵੇ ਨਿੰਦਾ ਈ ਕਰਨ ਵਾਲਾ ਹੋਵੇ। ਸੇਵਾ ਕਰਨ ਵਾਲੇ ਕੋ ਸੇਵਾ ਦਾ ਫਲੁ, ਨਿੰਦਾ ਵਾਲੇ ਨੂੰ ਨਿੰਦਾ ਕਾ, ਆਪ ਸਭ ਕੋ ਸਾਥ ਅਨੰਦ ਰਹਿਣਾ।[11]

ਭਾਈ ਅਬਲ ਤੇ ਏਹ ਚਿਠੀ ਸਭ ਦੇਸਾਂ ਦੇ ਵਾਸਤੇ ਲਿਖੀ ਹੈ ਸਾਰੇ ਦੇਸਾਂ ਦੇ ਵਾਸਤੇ ਸੁਣਾ ਦੇਣੀ। ਜਿਥੇ ਤੁਸੀਂ ਜਾਓ ਜੇਹੜਾ ਤੁਹਾਡੇ ਪਾਸ ਆਵੇ ਸਭ ਨੂੰ ਸਣਾ ਦੇਣੀ। ਜੇਕਰ ਦੇ ਚਾਹੋ ਤਾਂ ਏਸ ਦੇ ਉਪਰੋਂ ਉਤਾਰ ਕਰਕੇ ਜਿਥੇ ਮਰਜੀ ਹੋਵੇ ਭੇਜ ਦੇਣੀ। ਜਿਤਨੀਆਂ ਚਾਹੋ ਉਤਨੀਆਂ ਬਣਾ ਲੈਣੀਆਂ ਪਰ ਨੈਣਾ ਸਿੰਘ ਆਧਾ ਸੀ ਮੇਰੇ ਪਾਸ ਰਹੇ ਤਾਂ ਅਛੀ ਹੈ ਮੈਂ ਲਿਖਣਾ ਨਹੀਂ ਜਾਣਦਾ। ਭਾਈ ਨੈਣਾ ਸਿੰਘ ਜੀ ਤੇ ਰਖੀ ਆਪ ਦੇ ਪਾਸ ਤਾਂ ਤੂ ਭਾਈ ਬਹੁਤੀ ਥਾਈਂ ਜਾ ਕੇ ਦਿਖਾਲ ਦੇਈ। ਅੰਮ੍ਰਿਤਸਰ ਭੀ ਦਿਖਾਲੀ ਅਰ ਲਾਹੌਰ ਭੀ। ਅੱਛੀ ਤਰਾਂ ਸੇ ਸਾਂਭ ਕੇ ਲੈ ਜਾਣ। ਪਿੰਡੇ ਨਾਲ ਲਗਾ ਕੇ ਨਾ ਜੋੜ ਲੈਣੀ ਪ੍ਰਸੀਨੇ ਕੇ ਸਾਥ।"[12]

ਵੱਡੀਆਂ-ਵੱਡੀਆਂ ਅਧਿਆਤਮਕ ਅਤੇ ਰਾਜਸੀ ਮਹੱਤਵ ਵਾਲੀਆਂ ਹਦਾਇਤਾਂ ਦੇ ਨਾਲ ਛੋਟੀਆਂ ਛੋਟੀਆਂ ਵਿਹਾਰਕ ਬਾਤਾਂ ਵੀ ਆਪਣੇ ਸਿੱਖ ਸੰਗੀਆਂ ਨਾਲ ਕਰਨੀਆਂ, ਸਤਿਗੁਰੂ ਜੀ ਦੀ ਅਨੂਠੀ ਸ਼ਖਸੀਅਤ ਦਾ ਅਤੇ ਨੈਣਾ ਸਿੰਘ ਲਿਖ ਨਹੀਂ ਜਾਣਦਾ, ਉਸੇ ਪਾਸ ਇਹ ਕ੍ਰਿਪਾ ਪੱਤਰ ਰਹਿਣ ਦਾ ਬਚਨ ਕਰਕੇ, ਗਹਿਰ ਗੰਭੀਰ ਗੁਰ ਸਾਗਰ ਦੀਆਂ ਸੰਗਤ ਰੂਪੀ ਕਿਨਾਰਿਆਂ ਨਾਲ ਕਲੋਲ ਕਰਦੀਆਂ ਛੱਲਾਂ, ਕੇਹਾ ਸਜੀਵ ਮਾਨਵੀ ਚਿਤਰ ਉਲੀਕਦੀਆਂ ਹਨ।

ਉਪਰੋਕਤ ੩ ਨੰਬਰ ਹੁਕਮਨਾਮੇ ਤੋਂ ਬਿਨਾਂ ਹੁਕਮਨਾਮਾ ਤਾਂ ਆਰੰਭ ਹੀ ਭਾਈ ਨੈਣਾ ਸਿੰਘ ਦੀਆਂ ਪੁੱਛਾਂ ਦਾ ਉਤਰ ਦੇਣ ਵਜੋਂ ਹੁੰਦਾ ਹੈ। ਇਸ ਵਿਚ ਤਦੋਕੇ ਪੰਜਾਬ ਦੀ ਅੱਜ ਦੀ ਕੰਨਿਆ ਭਰੂਣ ਹੱਤਿਆ ਜਿਉਂ, ਜੰਮਦੀ ਲੜਕੀ ਮਾਰਨ ਜਾਂ ਉਸਨੂੰ ਵਸਤ ਸਮਝਣ ਦੀ ਤ੍ਰਾਸਦਿਕ ਸਥਿਤੀ ਬਾਰੇ, ਨੈਣਾ ਸਿੰਘ ਦੀ ਮਾਰਫਤ ਹੀ ਆਪਣੇ ਲੋਕਾਂ ਨੂੰ ਇਹ ਸੰਦੇਸ਼ ਦਿੰਦੇ ਹਨ—

"ਜੋ ਕੁੜੀ ਮਾਰੇ ਕੇ ਤਾਂ ਬੇਚੇ ਕੇ ਤਾ ਬਟਾ ਕਰੇ, ਅਰ ਜੇਕਰ ਅਛੀ ਤਰ ਮਲੂਮੀ ਹੋਏ ਜਾਵੇ ਤਾਂ ਓਸਦੇ ਨਾਲ ਨਹੀਂ ਬਰਤਣਾ। ਨਾ ਓਸ ਨੂੰ ਸੰਗਤ ਮੈਂ ਬੜਨ ਦੇਣਾ।"[13]

ਸਤਿਗੁਰੂ ਜੀ ਜਿਸ ਖਿੱਤੇ ਦੇ ਸਿੰਘ ਦਰਸ਼ਨ ਕਰਨ ਆਉਂਦੇ ਹਨ, ਉਹਨਾਂ ਨੂੰ ਜੋ ਹੁਕਮਨਾਮਾ ਸੌਂਪਦੇ ਹਨ, ਉਸ ਵਿਚ ਉਸ ਇਲਾਕੇ ਦੇ ਸਾਰੇ ਪਰਮੁੱਖ ਨਾਮਧਾਰੀ ਸਿੰਘਾਂ ਨੂੰ, ਆਪਣੇ ਵਲੋਂ ਉਹਨਾਂ ਦੇ ਨਾਵਾਂ ਦਾ ਉਲੇਖ ਕਰਕੇ, "ਸੰਬੂਹ ਸੰਗਤ ਕੋ ਸਿਰੀ ਵਾਹਿਗੁਰੂ ਜੀ ਕੀ ਫਤੇ ਬੁਲਾਈ ਪ੍ਰਮਾਨ ਕਰਨੀ ਜੀ।" ਲਿਖਦੇ ਹਨ। ਮਾਝੇ ਦੇ ਇਕ ਨਾਇਬ ਸੂਬੇ ਭਾਈ



Namdhari Elibrary NamdhariElibrary@gmail.com

ਬਘੇਲ ਸਿੰਘ ਨਾਰਲੀ ਦੇ ਨਾਮ ਹੁਕਮਨਾਮੇ ਦਾ ਆਰੰਭ ਹੀ "ਲਿਖਤੋ ਦਿਆਲ ਸਿੰਘ ਤੇ ਕ੍ਰਿਪਾਲ ਸਿੰਘ ਜੋਗ ਉਪਮਾ ਵਿਰਾਹੀ (ਵਰਿਆਹੀ) ਭਾਈ ਨੈਣਾ ਸਿੰਘ.....ਸ਼ਬਦ ਨਾਲ ਹੁੰਦਾ ਹੈ।[14] ਯਾਦ ਰਹੇ ਕਿ ਸਤਿਗੁਰੂ ਜੀ ਇਹਨਾਂ ਕਿਰਪਾ ਪੱਤਰਾਂ ਵਿਚ ਬਰਤਾਨਵੀ ਸਰਕਾਰ ਦੀ ਅੱਖੀਂ ਘੱਟਾ ਪਾਉਣ ਲਈ, ਆਪਣੇ ਲਈ ਦਿਆਲ ਸਿੰਘ ਅਤੇ ਹਜ਼ੂਰੀ ਸੇਵਕ ਭਾਈ ਨਾਨੂੰ ਸਿੰਘ ਜੀ ਲਈ ਕਿਰਪਾਲ ਸਿੰਘ ਛੱਦਮ ਨਾਵਾਂ ਦਾ ਉਪਯੋਗ ਕਰਦੇ ਹਨ। ਫਿਰ ਆਪ ਹੁਕਮਨਾਮਾ ਨੰਬਰ ੩੯ ਜੋ ਬਘੇਲ ਸਿੰਘ ਨਾਰਲੀ ਅਤੇ ਹੁਕਮਨਾਮਾ ਨੰ. ੪੯ ਜੋ ਮੀਹਾਂ ਸਿੰਘ ਸਿਰਹਾਲੀ ਲਿਆਏ ਹਨ ਇਹਨਾਂ ਵਿਚ ਵੀ ਮਾਝੇ ਦੇ ਹੋਰ ਪਿੰਡਾਂ ਦੇ ਨਾਲ ਨਾਲ, ਵਰਿਆਹ ਦੀ ਨਾਮਧਾਰੀ ਸੰਗਤ ਨੂੰ ਯਾਦ ਕਰਦੇ ਹਨ।

ਨੈਣਾ ਸਿੰਘ ਵਾਲਾ ਹੁਕਮਨਾਮਾ (ਨੰਬਰ ੩) ਕਈ ਪੱਖਾਂ, ਵਿਸ਼ੇਸ਼ ਕਰਕੇ ਆਪਣੇ ਰਾਜਨੀਤਿਕ ਸੁਨੇਹੇ ਕਾਰਨ, ਮਹੱਤਵਪੂਰਨ ਹੋਣ ਸਦਕਾ ਅਤੇ ਇਸਦਾ ਬਹੁਤ ਥਾਵਾਂ 'ਤੇ ਭਾਈ ਨੈਣਾ ਸਿੰਘ ਦੁਆਰਾ ਪਹੁੰਚਾਏ ਜਾਣ ਕਾਰਨ, ਪੰਜਾਬ ਸਰਕਾਰ ਅਤੇ ਹਿੰਦ, ਸਰਕਾਰ ਲਈ ਵੀ ਇਹ ਪੱਤਰ ਵੱਡੀ ਸਿਰ ਦਰਦੀ ਦਾ ਕਾਰਨ ਬਣਿਆ। ਭੈਣੀ ਸਾਹਿਬ ਵਿਚ ਕੂਕਾ ਵੇਸ ਵਿਚ ਰਹਿਣ ਵਾਲੇ, ਇਕ ਮੁਖਬਰ ਈਸ਼ਰ ਸਿੰਘ ਰਵਿਦਾਸੀਏ ਤੋਂ ਇਸ ਦੀ ਨਕਲ ਲੁਧਿਆਣਾ ਦੇ ਜ਼ਿਲ੍ਹਾ ਪੁਲੀਸ ਕਪਤਾਨ ਮਿ. ਜੇ. ਪੀ. ਬਾਰਬਰਟਨ ਦੁਆਰਾ ੧੯ ਅਕਤੂਬਰ ੧੮੭੮ ਪਰਾਪਤ ਹੋਣ ਬਾਅਦ ਸਰਕਾਰ ਤਿਲਮਿਲਾ ਉਠੀ। ਇਸ ਸਬੰਧ ਵਿਚ ਉੱਪਰਲੇ ਅਧਿਕਾਰੀਆਂ ਨੇ ਸਤਿਗੁਰੂ ਜੀ ਤੋਂ ਵੀ ਪੁੱਛ ਗਿੱਛ ਕੀਤੀ। ਇਸ ਲਈ ਸਤਿਗੁਰੂ ਜੀ ਆਪਣੇ ਪਹਿਲੇ ਬਚਨ ਕਿ ਹੁਕਮਨਾਮਾ ਬਹੁਤੀ ਥਾਈਂ ਵਿਖਾਇ ਦੇਈਂ ਤੋਂ ਉਲਟ ਇਹਨਾਂ ਹੁਕਮਨਾਮਿਆਂ ਨੂੰ ਸਿਰਫ ਲੁਕਵੇ ਢੰਗ ਨਾਲ, ਭਰੋਸੇਯੋਗ ਸਿੱਖਾਂ ਤੱਕ ਹੀ ਸੀਮਤ ਰੱਖਣ ਦੀ ਨਵੀਂ ਰਣਨੀਤੀ ਤਹਿ ਕਰਦੇ ਹਨ। ਇਕ ਮਗਰਲੇ ਹੁਕਮਨਾਮੇ ਵਿਚ, ਇਸ ਪ੍ਰਥਾਇ ਲਿਖਦਿਆਂ, ਜਿਵੇਂ ਬਾਪ ਆਪਣੇ ਲਾਡਲੇ ਬੱਚਿਆਂ ਦੀ ਕਦੇ ਕਦੇ ਲੋੜ ਮੁਤਾਬਿਕ, ਝਿੜਕ ਝੰਬ ਵੀ ਕਰ ਲੈਂਦਾ ਹੈ, ਇਉਂ ਫੁਰਮਾਉਂਦੇ-ਹਨ :

"ਹੋਰ ਭਾਈ ਏਥੇ ਦਾ ਹਵਾਲ ਏਹੁ ਹੈ ਏਥੇ ਨੈਣਾ ਸਿੰਘ ਹੁਰੀ ਆਏ। ਉਨਾਂ ਨੂੰ ਅਸੀਂ ਇਕ ਹਰਿਦਾਸ* ਦਿਤੀ। ਹਰਿਦਾਸ ਉਤੇ ਉਤਾਰ ਕਰਕੇ ਨੈਣਾ ਸਿੰਘ ਨੇ ਬਹੁਤੇ ਲੋਕਾਂ ਨੂੰ ਦਿੱਤੀ। ਸਾਰੇ ਲੋਕਾਂ ਮੇਂ ਛੰਡ ਪਾਇ ਦਿਤੀ। ਓ ਸਾਰੀ ਬਾਤ ਫਰੰਗੀਆਂ ਨੇ ਸੁਣ ਲਈ। ਫੇਰ ਅੰਮ੍ਰਿਤਸਰ ਵਾਲੇ ਗੋਰੇ ਨੇ ਲਾਟ ਨੂੰ ਲਿੱਖਿਆ। ਲਾਟ ਨੇ ਐਥੇ ਵਾਲਿਆ ਨੂੰ ਲਿਖਿਆ ਤੁਸੀਂ ਕਿਆ ਖਬਰਦਾਰੀ ਰੱਖਦੇ ਹੋ ਰਾਮ ਸਿੰਘ ਤੇ? ਨੈਣਾ ਸਿੰਘ ਅਰਦਾਸ ਲੈ ਗਿਆ ਹੈ। ਦੇਸ ਮੇਂ ਜਾ ਕੇ ਸਭ ਕੂਕਿਓ ਕੋ ਨਕਲ ਉਤਾਰਿ ਉਤਾਰਿ ਦਿੰਦਾ ਹੈ।

ਏਥੇ ਸਾਡੇ ਪਾਸ ਇਕ ਬਡਾ ਗੋਰਾ ਆ ਕੇ ਪੁਛਣ ਲਗਾ ਤੁਮਾਰੇ ਪਾਸ ਨੈਣਾ ਸਿੰਘ ਆਇਆ ? ਤੁਮਨੇ ਚਿਠੀ ਦਈ? ਅਸੀਂ ਕਹਾ ਨਹੀਂ ਦੇਖਾ ਨੈਣਾ ਸਿੰਘ। ਫਿਰ ਉਹ ਬੋਲਾ ਲਾਟ ਨੇ ਲਿਖਾ ਹੈ ਅਰ ਤੁਮਕੋ ਕਿਤੇ ਦੂਸਰੇ ਟਾਪੂ ਮੇਂ ਜਾਣਾ ਹੋਗਾ। ਅਕੇ ਤਾਂ ਜੇਲਖਾਨੇ ਮੇਂ ਜਾਣਾ ਹੋਊ। ਮੈਂ ਕਹਾ ਜਿਥੇ ਮਰਜੀ ਹੈ ਉਥੇ ਲੈ ਜਾਓ, ਤੁਸੀਂ ਆਪਣੇ ਬਰਤ ਦੀ ਬਾਤ ਕਰ ਲਓ। ਜਿਸ ਤਰ੍ਹਾਂ ਤੁਸੀਂ ਥਚੋ ਸੋ ਤੁਸੀਂ ਕਰੋ। ਬੋਲਤਾ ਗਿਆ ਹੈ ਪਰ ਹਾਲ ਠਹਿਰੇ ਹੋਏ ਹੈਨ। ਅਗੇ ਸੋ ਹੋਊ ਜੋ ਗੁਰੂ ਸਾਹਿਬ ਨੇ ਕਰਨੀ ਹੈ।

ਲਾਟ ਨੇ ਏਨਾ ਨੂ ਬਡੀ ਸ਼ਮਿੰਦਗੀ ਦਿੱਤੀ ਹੈ ਏਥੇ ਬਾਲਿਆਂ ਨੂ। ਏਨਾ ਦੇ ਹਥ ਕੋਈ ਬਾਤ ਆਈ ਨਹੀਂ, ਹੁਣ ਬਡਾ ਬੰਦੋਬਸਤ ਕਰਨ ਲਗੇ ਹੈ ਸਾਡੇ ਆਦਮੀ ਦੀ ਸਾਡੀ ਚਿੱਠੀ ਫਕੜਨ ਨੂੰ। ਗੁਰੂ ਸਾਹਿਬ ਈ ਪੜ੍ਹਦੇ ਕਜੇ ਹੈ।"[15]

ਮਹੱਤਵਪੂਰਨ ਕੂਕਿਆਂ ਵਾਲੀ ਸੂਚੀ ਵਿਚ ਬਾਬਾ ਨੈਣਾ ਸਿੰਘ ਬਾਰੇ ਨਿਮਨ ਲਿਖਿਤ ਵੇਰਵਾ, ਅੰਮ੍ਰਿਤਸਰ ਦੀ ਸੂਚੀ ਤੇ ਪਹਿਲੇ ਨੰਬਰ ਤੇ ਹੀ ਦਰਜ ਹੈ:

"ਨੈਣਾ ਸਿੰਘ ਮਹੰਤ, ਵਲਦ ਸਮੁੰਦ ਸਿੰਘ, ਪਿੰਡ ਵਰਿਆਂਹ, ਥਾਣਾ ਸਰਹਾਲੀ, ਵਾਹੀਵਾਨ ਹੈ। ਉਸ ਦੇ ਸਰੀਰਕ ਹੁਲੀਏ ਵਾਲੇ ਖਾਨੇ ਵਚਿ ਦਰਜ ਹੈ : ਰੰਗ ਪੱਕਾ, ਮੂੰਹ ਤੇ ਮਾਤਾ ਦੇ ਦਾਗ, ਭਰਵੱਟੇ ਮਿਲੇ ਹੈ, ਖੱਬੀ ਅੱਖ ਤੋਂ ਦਿਸਦਾ ਨਹੀਂ, ਦਰਮਿਆਨਾ ਕੱਦ ਅਤੇ ਸਰੀਰ, ਉਮਰ ੫੦ ਸਾਲ ਦੇ ਲੱਗ ਪਗ। ਸੁਭਾਉ ਤੇ ਚਾਲ ਚਲਣ ਵਾਲੇ ਖਾਨੇ ਵਿਚ ਲਿਖਿਆ ਹੈ। ਕਿਹਾ ਜਾਂਦਾ ਹੈ ਕਿ ੧੮੭੭ ਵਿਚ ਇਹ ਬੰਦਾ ਰੰਗੂਨ ਗਿਆ ਅਤੇ ਗੁਰੂ ਰਾਮ ਸਿੰਘ ਨੂੰ ਮਿਲ ਕੇ ਆਇਆ। ਸੰਨ ੧੮੮੦ ਈ. ਇਸਨੇ ਫਿਰ ਰੰਗੂਨ ਜਾਣ ਦਾ ਮਨ ਬਣਾਇਆ। ਉਹ ਇਕ ਸਕਿਰਿਆ (ਐਕਟਿਵ) ਕੂਕਾ ਹੈ ਜਿਸ ਦੀ ਇਸ ਫਿਰਕੇ ਵਿਚ ਮਾਨਤਾ ਹੈ। ਉਹ ਇਕ ਖਤਰਨਾਕ ਵਿਅਕਤੀ ਹੈ।[16]

ਨੈਣਾ ਸਿੰਘ ਇਕ ਵੇਰ ਗੁਰੂ ਦਰਸ਼ਨਾਂ ਨੂੰ ਗਏ ਜਾਂ ਦੋ ਵੇਰ ਇਹ ਤਾਂ ਇਤਿਹਾਸਿਕ ਖੋਜ ਦਾ ਵਿਸ਼ਾ ਹੈ। ਪਰ ਉਸ ਦੁਆਰਾ ਲਿਆਂਦੇ ਉਪਰ ਵਰਣਿਤ ਹੁਕਮਨਾਮੇ ਦਾ ਪਾਠ

*ਅਰਦਾਸ-ਹੁਕਮਨਾਮਾ



Namdhari Elibrary NamdhariElibrary@gmail.com

ਪੜ੍ਹ ਸੁਣ ਕੇ, ਨਾਮਧਾਰੀ ਸੰਗਤਾਂ ਵਿਚ ਮਾਨੋ ਬਿਜਲਈ ਰੋਅ ਕੌਂਧ ਗਈ ਹੋਵੇ। ਸਿੰਘ ਵਧੇਰੇ ਜ਼ੋਰ ਸ਼ੋਰ ਨਾਲ, ਗੁਰੂ ਸਾਹਿਬ ਦੇ ਹੁਕਮ ਅਨੁਸਾਰ, ਤਜਨ ਬਾਣੀ ਦੇ ਗੁਪਤ ਪਰਗਟ ਅਭਿਆਨ ਵਿਚ ਜੁੱਟ ਗਏ। ਜਿਸ ਦੀ ਫਿਕਰਮੰਦੀ ਜੋ ਸਰਕਾਰ ਨੂੰ ਹੋਈ, ਉਸ ਦਾ ਜ਼ਿਕਰ, ਸੂਬਾ ਸਮੁੰਦ ਸਿੰਘ ਖੋਟੇ, ਸੂਬਾ ਸਰਮੁਖ ਸਿੰਘ ਲੱਲੂ ਵਾਲ ਅਤੇ ਭਾਈ ਗੁਰਦਿੱਤ ਸਿੰਘ ਧਰਮਕੋਟੀਏ ਵਾਲੇ ਹੁਕਮਨਾਮੇ ਵਿਚ ਵੀ ਆ ਚੁੱਕਾ ਹੈ। ਗੁਰੂ ਹਰੀ ਸਿੰਘ ਜੀ ਦੇ ਸਮੇਂ ਡੇਰਾ ਭੈਣੀ ਸਾਹਿਬ ਵਿਚ ਤਿੰਨ ਮੁਖਬਰ ਸਨ ਜੋ ਨਾਮਧਾਰੀ ਵੇਸ ਵਿਚ ਰਹਿੰਦੇ ਸਨ ਅਤੇ ਡੇਰੇ ਦੀਆ ਗਤੀਵਿਧੀਆਂ ਤੋਂ ਸਰਕਾਰ ਨੂੰ ਜਾਣੂ ਕਰਵਾਉਂਦੇ ਸਨ। ਇਹਨਾਂ ਦੇ ਨਾਮ ਸਨ, ਲੋਹਗੜ੍ਹ (ਲੁਧਿਆਣਾ) ਦੀ ਮਾਈ ਕਰਮ ਕੌਰ, ਲੰਗਰ ਵਿਚ ਲੋਹ ਹੇਠਾਂ ਬਾਲਣ ਦਾ ਝੋਕਾ ਡਾਹਿਆ ਕਰਦੀ ਸੀ, ਇਹ ਮਾਈ ਜੱਟੀ ਸੀ। ਸਢੌਰਾ (ਅੰਬਾਲਾ) ਦਾ ਛੀਂਬਾ ਠਾਕੁਰ ਸਿੰਘ ਅਤੇ ਸਭ ਤੋਂ ਵਧ ਮਹੱਤਵਪੂਰਨ ਸੀ ਈਸ਼ਰ ਸਿੰਘ ਰਵਿਦਾਸੀਆ ਜੋ ਦੁਰਗਾਪੁਰ (ਜਲੰਧਰ) ਦਾ ਰਾਗੀ ਸੀ।[17] ਹੁਕਮਨਾਮਿਆਂ ਦੇ ਚੋਰੀ ਛਿਪੇ ਉਤਾਰੇ ਕਰਕੇ, ਇਹ ਹੀ ਬਾਰ ਬਟਨ ਨੂੰ ਭੇਜਿਆ ਕਰਦਾ ਸੀ। ਮਾਈ ਕਰਮੋ ਨੂੰ ਸਾਢੇ ਤਿੰਨ ਰੁਪੈ ਅਤੇ ਦੂਜੇ ਦੋਹਾਂ ਨੂੰ ਸੱਤ-ਸੱਤ ਰੁਪੈ ਮਹੀਨਾ ਲੁਧਿਆਣਾ ਪੁਲੀਸ ਦਿੰਦੀ ਸੀ। ਈਸ਼ਰ ਸਿੰਘ ਨੂੰ ਬਾਅਦ ਵਿਚ ਗੁਰੂ ਹਰੀ ਸਿੰਘ ਨੇ ਡੇਰੇ ਵਿਚੋ ਕੱਢ ਦਿੱਤਾ ਸੀ। ਮਾਈ ਕਰਮੋਂ ਇੱਥੇ ਹੀ ੧੯੦੩ ਈ. ਵਿਚ ਪੂਰੀ ਹੋ ਗਈ ਸੀ। ਸਤਿਗੁਰੂ ਬਿਲਾਸ ਅਨੁਸਾਰ "ਨੈਣਾ ਸਿੰਘ ਵਾਲੀ ਅਰਦਾਸ ਸਾਰੀ ਸੰਗਤ ਮੈਂ ਸੁਣੀ। ਜਗਾ-ਜਗਾ ਪਰ ਸਿੰਘ ਪਾਠ ਕਰਨ ਲਗ। ਮੁਖਬਰਾਂ ਨੇ ਨੈਣਾ ਸਿੰਘ ਵਾਲੀ ਨਕਲ ਫਰੰਗੀ ਕੋਲ ਪੁਚਾਇ ਦਿੱਤੀ।

ਓਹੀ ਅਰਦਾਸ ਰੰਗੂਨ ਵਾਲੇ ਫਿਰੰਗੀ ਨੇ ਸਤਿਗੁਰੂ ਜੀ ਕੋਲ ਜਾਇ ਦਿਖਾਈ ਕਿ ਦੇਖ ਤੁਮਹਾਰੇ ਹਾਥੋਂ ਕੀ ਲਿਖੀ ਹੈ। ਸਿੰਘਾਂ ਦੀ ਤਕੜਾਈ ਕੀਤੀ ਫਰੰਗੀ ਨੇ ਕਿ ਪੰਜਾਬ ਤੇ ਕੋਈ ਸਿੰਘ ਨਾ ਆਵੇ ਰੰਗੂਨ ਮੇਂ।"[18]

ਪਰ ੧੮੭੭ ਈ. ਵਿਚ ਨੈਣਾ ਸਿੰਘ ਹੋਰਾਂ ਦੀ ਤਰਿਕੜੀ ਦੇ ਗੁਰੂ ਦਰਸਨ ਕਰਨ ਬਾਅਦ ਵੀ ਅਗਲੇ ੪-੫ ਸਾਲ, ਨਾਮਧਾਰੀ ਸਿੰਘਾਂ ਦਾ ਪੰਜਾਬ ਵਿਚੋਂ ਬ੍ਰਿਟਿਸ਼ ਬਰਮਾ ਅਤੇ ਫਿਰ ਮਰਗੋਈ ਟਾਪੂ ਵਿਚ ਵੀ ਚੱਲਦਾ ਵਹੀਨ ਬੰਦ ਕਰਨ ਵਿਚ, ਨਾ ਪੰਜਾਬ ਅਤੇ ਨਾ ਹਿੰਦ ਸਰਕਾਰ, ਤਮਾਮ ਪੇਸ਼ਬੰਦੀਆਂ ਦੇ ਬਾਵਜੂਦ ਸਫਲ ਹੋ ਸੱਕੀ।

ਭਾਈ ਨੈਣਾ ਸਿੰਘ ਸਤਿਗੁਰੂ ਜੀ ਦੀ ਯਾਦ ਵਿਚ ਅੱਠੇ ਪਹਿਰ ਖੀਵੇ ਰਹਿੰਦੇ ਸਨ। ਉਹ ਸੰਤ ਜਿਉਣ ਸਿੰਘ ਸਰਹਾਲੀ, ਸੰਤ ਮਿੱਤ ਸਿੰਘ ਜਿਉਣ ਭਿੰਡਰ, ਸੰਤ ਬਾਬਾ ਕੇਸਰ ਸਿੰਘ ਜੀ ਮੁਹਾਵੇ ਵਾਲੇ, ਬੁੱਢਾ ਸਿੰਘ ਵਾਂ ਵਾਲੇ, ਮਤਾਬ ਸਿੰਘ ਉੱਬੋਕੇ, ਕਾਹਨ ਸਿੰਘ, ਬੁਰਜ ਰਾਇਕੇ ਆਦਿ ਰਾਮ ਵਿਓਗੀਆ ਦੀ ਸੰਗਤ ਵਿਚ ਮਾਝੇ ਦੇ ਪਿੰਡਾਂ ਵਿਚ ਵਿਚਰਦੇ ਅਤੇ ਸਤਿਗੁਰੂ ਰਾਮ ਸਿੰਘ ਜੀ ਦੇ ਮਿਸ਼ਨ ਦਾ ਪਰਚਾਰ ਕਰਦੇ ਰਹਿੰਦੇ। ਉਹਨਾਂ ਦੀ ਹਰ ਗਤੀ ਵਿਧੀ ਵਿਚੋਂ, ਸਤਿਗੁਰੂ ਰਾਮ ਸਿੰਘ ਜੀ ਦੁਆਰਾ ਥਾਪੇ, ਪਹਿਲੇ ਪੰਜ ਕੂਕਾ ਸਿੰਘਾਂ ਵਿਚੋਂ ਇਕ ਹੋਣ ਕਾਰਨ, ਸਰਕਾਰ ਬਗਾਵਤ ਦੀ ਬੂ ਸੁੰਘਦੀ ਅਤੇ ਇਸ ਲਈ ਨੈਣਾ ਸਿੰਘ ਹੋਰਾਂ ਨੂੰ ਆਪਣੇ ਰਾਜ ਦੀ ਸਲਾਮਤੀ ਲਈ ਬਹੁਤ ਖਤਰਨਾਕ ਵਿਅਕਤੀ ਸਮਝਦੀ ਸੀ। ਨੈਣਾ ਸਿੰਘ ਦਾ ਜਨਮ ਸਰਕਾਰੀ ਰੀਕਾਰਡ ਮੁਤਾਬਿਕ ੧੮੩੦-੩੧ ਈ. ਦਾ ਬਣਦਾ ਹੈ। ਸੋ ਉਹ ਭਰ ਜੁਆਨੀ ਵਿਚ ਸੀ ਭੈਣੀ ਸਾਹਿਬ ਆ ਗਿਆ ਸੀ। ਉਹ ਆਪਣਾ ਨਿਰਬਾਹ ਖੇਤੀ ਬਾੜੀ ਕਰਕੇ ਕਰਦਾ ਸੀ। ਰੰਗੂਨ ਵਾਪਸੀ ਤੋਂ ਬਾਅਦ ਉਸ ਨੇ ੧੦ ਕੁ ਸਾਲ ਹੀ ਜੀਵਨ ਸਫਰ ਕੀਤਾ। ਕਿਉਂਕਿ ਸਤਿਗੁਰੂ ਬਿਲਾਸ ਭਾਗ ਦੂਜਾ ਵਿਚ ਗੁਰੂ ਹਰੀ ਸਿੰਘ ਜੀ ਦੇ ਮਾਝੇ ਦੇ ਦੌਰਿਆਂ ਸਮੇਂ, ਉਸਦਾ ਜ਼ਿਕਰ ਨਹੀਂ ਆਉਂਦਾ। ਆਪਣੇ ਉਪਦੇਸ਼ਾਂ ਵਿਚ ਵੀ ਸਤਿਗੁਰੂ ਪਰਤਾਪ ਸਿੰਘ ਜੀ, ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਦੇ ਜਿਹਨਾਂ ਪੁਰਾਤਨ ਸਿੰਘਾਂ ਦਾ ਦਰਸ਼ਨ ਕੀਤਾ ਹੋਣ ਦਾ ਜ਼ਿਕਰ ਕਰਦੇ ਹਨ, ਉਸ ਵਿਚ ਬਾਬਾ ਨੈਣਾ ਸਿੰਘ ਦਾ ਨਾਮ ਨਹੀਂ ਆਉਂਦਾ। ਸੋ ਉਹ ਮੁਸ਼ਕਿਲ ਨਾਲ ੬੦ ਕੁ ਵਰ੍ਹੇ ਦੀ ਆਰਜਾ ਬਤੀਤ ਕਰਕੇ, ੧੮੯੦ ਈ. ਦੇ ਲਗੇ ਚਾਗੇ ਹੀ ਰਾਮ ਸੱਤ ਹੋ ਗਏ। ਉਹਨਾਂ ਦੀ ਮਾਤਾ ਦਾ ਨਾਮ ਮਾਈ ਦਾਖਾਂ ਸੀ। ਜਿਹਨਾਂ ਨੂੰ ਇਕ ਹੁਕਮਨਾਮੇ ਵਿਚ, ਨੈਣਾ ਸਿੰਘ ਰਾਹੀਂ ਸਤਿਗੁਰੂ ਜੀ ਆਪਣੀ ਵੱਲੋਂ ਮੱਥਾ ਟੇਕਣਾ ਬਹੁਤ ਕਰਕੇ ਲਿਖਦੇ।[19]। ਇਸ ਤੋਂ ਨੈਣਾ ਸਿੰਘ ਪਰਿਵਾਰ ਨਾਲ ਸਤਿਗੁਰੂ ਜੀ ਦੀ ਨਿਕਟਤਾ ਦਾ ਆਭਾਸ ਹੁੰਦਾ ਹੈ।

ਕਹਿੰਦੇ ਹਨ ਭਾਈ ਨੈਣਾ ਸਿੰਘ, ਗੰਗਾ, ਸਮੇਂ ਲੱਗੇ ਫੱਟ ਦੇ ਨਿਸ਼ਾਨ ਨੂੰ ਵੇਖ ਕੇ, ਵੈਰਾਗੀ ਹੋ ਜਾਂਦਾ ਸੀ। ਉਸ ਦੀ ਉਸ ਬਿਰਤੋਂ ਕੁੱਠੀ ਅਵਸਥਾ ਦਾ ਚਿਤਰਣ, ਨਾਮਧਾਰੀ ਕਵੀਆਂ ਦੀ ਕਲਮ ਦਾ ਵਿਸ਼ਾ ਬਣਦੀ ਰਹੀ ਹੈ:

"ਚਿਖਾ ਵਿਚ ਰੱਖ ਸਾਹਿਬੋ ਕੁੰਦਨ ਬਣਾਇ ਦਿੱਤੀ,
ਖਾਇਕੇ ਕੁਹਾੜਾ ਨੈਣਾ ਸਿੰਘ ਸਤਕਾਰ ਦਾ।
ਪਸ਼ੂ ਤੇ ਪਰੇਤੋਂ ਕੀਤੇ ਦੇਵ 'ਮਿਰਗੇਸ਼' ਕਵਿ,



Namdhari Elibrary NamdhariElibrary@gmail.com

ਕੀਤਾ ਸੀ ਦੀਦਾਰ ਜਿਸ ਚੀਨੀ ਅਸਵਾਰ ਦਾ।"

—ਭਾਈ ਨਿਰੰਜਨ ਸਿੰਘ ਮਿਗ੍ਰੇਸ਼'

"ਨੈਣਾ ਸਿੰਘ ਦੇ ਨੈਣਾਂ ਦਾ ਨੂਰ ਚਾਨਣ,
ਓਹਲੇ ਅੱਖੀਆਂ ਤੋਂ ਦੂਰ ਜਦ ਹੋ ਗਿਆ ਸੀ।
ਚਾਂਹਦਾ ਕੋਈ ਹੀ ਚੀਜ਼ ਨਾ ਦਿਲ ਉਹਦਾ,
ਵੇਂਹਦਾ ਗੈਬ ਦਾ ਵਹਿਣਾ ਖਲੋ ਗਿਆ ਸੀ।
ਵੇਖੇ ਫੱਟ ਅੱਖੀ ਫੁੱਟ ਫੁੱਟ ਰੋਵੇ,
ਡਿਠਾ ਜਿਸ ਉਹ ਭੀ ਝੱਟ ਰੋ ਗਿਆ ਸੀ।
ਹੋਰਾਂ ਹਿਜਰ ਵਾਲਾ ਇਕੋ ਸੱਲ ਉਹਨੂੰ,
ਚੀਨੀ ਵਾਲੜਾ ਫੱਟ ਲਾ ਦੋ ਗਿਆ ਸੀ।
ਨੈਣਾ ਸਿੰਘ ਮਸਤਾਨਿਆਂ ਵਾਂਗ 'ਵਹਿਮੀ',
ਭਾਗਾਂ ਵਾਲਿਆਂ ਯਾਰ ਦੇ ਫੱਟ ਦੂਹਰੇ।
ਜਿਨ੍ਹੂੰ ਇਕ ਭੀ ਨਹੀਂ ਉਹ ਕਿਹਾ ਕੂਕਾ',
ਉਹਨੂੰ ਫੂਕ ਲਾ ਅੱਗ ਤਨੂਰ ਮੂਹਰੇ।"

—ਸੰਤ ਤਰਨ ਸਿੰਘ 'ਵਹਿਮੀ'

ਭਾਈ ਨੈਣਾ ਸਿੰਘ ਦਾ ਪਰਿਵਾਰ ਕੌੜੀ ਵੇਲ ਵਾਂਗ ਵਧਿਆ। ਉਸ ਦੇ ਦੋ ਪੁਤਰ ਸਨ। ਅੱਗੋਂ ਅਨੇਕ ਪੋਤਰੇ, ਪੜ੍ਹ ਪੋਤਰੇ ਅਤੇ ਨਗੜ ਪੋਤਰੇ ਹਨ। ਨੈਣਾ ਸਿੰਘ ਦੇ ਵੱਡੇ ਲੜਕੇ ਮਿਹਰ ਸਿੰਘ ਦੇ ਪੁੱਤਰ, ਮਸਤਾਨ ਸਿੰਘ ਦੇ ਪੁੱਤਰ ਬਲੀ ਸਿੰਘ ਦਾ ਪੁੱਤਰ ਭਾਈ ਰਣਜੀਤ ਸਿੰਘ, ਸ੍ਰੀ ਸਤਿਗੁਰੂ ਜਗਜੀਤ ਸਿੰਘ ਦੇ ਹਜ਼ੂਰੀ ਲਾਂਗਰੀ ਦੀ ਸੇਵਾ ਨਿਭਾਅ ਰਿਹਾ ਹੈ। ਪਰਿਵਾਰ ਦਫਤਰੀ ਵਾਲਾ ਨੇੜੇ ਪਾਤੜਾਂ (ਪਟਿਆਲਾ), ਵਰਿਆਹ, ਤਰਨਤਾਰਨ, ਕਰੀਵਾਲਾ, ਬਣੀ ਅਤੇ ਸੈਨਪਾਲ (ਸਿਰਸਾ) ਆਦਿ ਪਿੰਡਾਂ ਵਿਚ ਫੈਲਿਆ ਹੋਇਆ ਹੈ।

ਫਰਵਰੀ ੧੮੮੭ ਦੀ ਸਰਕਾਰੀ ਰੀਪੋਰਟ ਅਨੁਸਾਰ, ਗੁਰੂ ਹਰੀ ਸਿੰਘ ਭਾਈ ਮੀਹਾਂ ਸਿੰਘ ਸਰਹਾਲੀ ਨੂੰ ਮਹੰਤ ਥਾਪਦੇ ਹਨ।[20] ਇਸ ਤੋਂ ਇਹ ਵੀ ਮਲੂਮ ਹੁੰਦਾ ਹੈ ਕਿ ਸਰਹਾਲੀ ਦੇ ਇਸ ਖਿਤੇ, ਵਿਚ, ਪਹਿਲਾਂ ਸਤਿਗੁਰੂ ਰਾਮ ਸਿੰਘ ਦੁਬਾਰਾ ਬਾਬਾ ਨੈਣ ਸਿੰਘ ਨੂੰ, ਸਿੱਖੀ ਪਰਚਾਰ ਲਈ ਮਹੰਤ ਥਾਪਿਆ ਸੀ ਅਤੇ ਉਹਨਾਂ ਦੇ ਨਿਧਨ ਉਪਰੰਤ, ਉਹ ਖਾਲੀ ਸਥਾਨ, ਗੁਰੂ ਹਰੀ ਸਿੰਘ ਜੀ ਨੇ ਮੀਹਾਂ ਸਿੰਘ ਦੁਆਰਾ ਭਰਿਆ। ਕੁਝ ਵੀ ਹੋਵੇ ੧੮੫੭ ਤੋਂ ੧੮੮੭ ਈ. ਤੱਕ ਆਪਣੇ ਹੋਣੀਆਂ ਭਰਪੂਰ ਜੀਵਨ ਅਤੇ ਕੂਕਾ ਮੱਤ ਦੇ ਪਰਚਾਰ ਪਰਸਾਰ ਲਈ ਕਮਰਕੱਸ ਕੇ ਲਗਾਤਾਰ ਵਿਚਰਣ ਵਾਲੇ, ਨੈਣਾ ਸਿੰਘ ਹੋਰਾਂ ਦੀ ਮਾਝੇ ਦੇ ਇਸ ਖਿਤੇ ਵਿਚ, ਇਤਿਹਾਸਿਕ ਭੂਮਿਕਾ ਰਹੀ। ਉਹਨਾਂ ਨੂੰ ਕੂਕਾ ਅੰਦੋਲਨ ਫੈਲਾਉਣ ਵਾਲਿਆਂ ਵਿਚ ਮਾਝੇ ਦੇ ਮੋਢੀ ਕੂਕਾ ਆਗੂ ਵਜੋਂ ਯਾਦ ਕੀਤਾ ਜਾਂਦਾ ਰਹੇਗਾ, ਜਿਸ ਦਾ ਸ਼ੁਮਾਰ, ਸਤਿਗੁਰੂ ਰਾਮ ਸਿੰਘ ਦੇ ਬਹੁਤ ਵਿਸ਼ਵਾਸਪਾਤਰ ਸਿੱਖਾਂ ਵਿਚ ਹੁੰਦਾ ਹੈ।

ਫੁੱਟ ਨੋਟ —

1. ਸਤਿਗੁਰੂ ਬਿਲਾਸ (ਭਾਗ ਪਹਿਲਾ) ੨੦੦੨, ਭਾਈ ਸੰਤੋਖ ਸਿੰਘ ਬਾਹੋਵਾਲ, (ਸੰ. ਜਸਵਿੰਦਰ ਸਿੰਘ, ਨਾਮਧਾਰੀ ਦਰਬਾਰ, ਸ੍ਰੀ ਭੈਣੀ ਸਾਹਿਬ ਸਫਾ ੧੯੫
2. ਉਹੀ, ਸਫਾ ੧੧੬
3. ਉਹੀ, ਸਫਾ ੧੫੧-੫੨
4. ਉਹੀ, ਸਫਾ ੧੭੦-੭੧
5. ਸਤਿਗੁਰੂ ਬਿਲਾਸ (ਭਾਗ-ਦੂਜਾ) ਭਾਈ ਸੰਤੋਖ ਸਿੰਘ ਬਾਹੋਵਾਲ (ਸੰ. ਜਸਵਿੰਦਰ ਸਿੰਘ ੨੦੦੫, ਸ੍ਰੀ ਭੈਣੀ ਸਾਹਿਬ ਸਫਾ ੧੦੧-੦੨
6. ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ (ਸੰ. ਜਸਵਿੰਦਰ ਸਿੰਘ) ੧੯੯੮, ਸ੍ਰੀ ਭੈਣੀ ਸਾਹਿਬ-੧੦੯-੧੦
7. ਉਹੀ ਸਫਾ ੧੧੧
8. ਉਹੀ, ਸਫਾ ੧੧੮
9. ਉਹੀ, ਸਫਾ ੧੨੮
10-11) ਉਹੀ, ਸਫਾ ੧੨੯
12. ਉਹੀ, ਸਫਾ ੧੨੭-੨੮
13. ਉਹੀ, ਸਫਾ ੧੩੩-੩੪
14. ਉਹੀ, ਸਫਾ ੧੭੮-੭੯
15. ਉਹੀ, ਸਫਾ ੧੫੨-੫੫
16. ਉਹੀ, ਕੂਕਾਜ਼ ਆਫ ਨੋਟ ਇਨ ਦਾ ਪੰਜਾਬ-੧੮੮੧(ਸੰ. ਜਸਵਿੰਦਰ ਸਿੰਘ), ੧੯੮੫, ਦਿੱਲੀ), ਸਫਾ ੮੮-੮੯
17. ਨਾਮਧਾਰੀ ਦੇਵੀਆਂ- ਸੰਤ ਬਿਸ਼ਨ ਸਿੰਘ ਹਿਸਟੋਰੀਅਨ- ਸਫਾ ੭੨-੭੩
18. ਸਤਿਗੁਰੂ ਬਿਲਾਸ- ਭਾਗ ਦੂਜਾ, ਸਫਾ ੧੦੨
19. ਹੁਕਮਨਾਮੇ, ਸਫਾ ੧੩੫
20. ਕੂਕਾ ਮੂਵਮੈਂਟ (ਫਰੀਡਮ ਸਟਰਗਲ ਇਨ. ਪੰਜਾਬ) ਸੰ. ਜਸਵਿੰਦਰ ਸਿੰਘ, ੧੯੮੫, ਦਿੱਲੀ, ਸਫਾ ੧੮੩

*—ਪਿੰਡ ਤੇ ਡਾਕ: ਕਰੀਵਾਲਾ*
*ਜ਼ਿਲ੍ਹਾ ਸਿਰਸਾ (ਹਰਿਆਣਾ)*
*ਫੋਨ੦੧੬੬੮-੭੭੪੫੬੨*



Namdhari Elibrary NamdhariElibrary@gmail.com

# ਸ਼ਹੀਦ ਸੁਖ ਦੇਵ ਦੀ ਜਨਮ ਤਰੀਕ?

*—ਮਲਵਿੰਦਰ ਜੀਤ ਸਿੰਘ ਵੜੈਚ*



ਸੁਖ ਦੇਵ ਬਾਰੇ ਸੋਚਦਿਆਂ ਇਹ ਵੇਖ ਕੇ ਦੁਖ ਮਹਿਸੂਸ ਹੁੰਦਾ ਹੈ ਕਿ ਐਨੇ ਸਿਰੜੀ ਇਨਕਲਾਬੀ ਨੂੰ, ਜਿਸ ਨੂੰ ਟ੍ਰਿਬਿਊਨਲ ਨੇ ਲਾਹੌਰ ਸਾਜ਼ਿਸ਼ ਕੇਸ ਦੇ ਫ਼ੈਸਲੇ 'ਚ 'ਸਾਜ਼ਿਸ਼ ਦਾ ਦਿਮਾਗ਼' ਠਹਿਰਾਇਆ ਹੈ, ਕੁਲ ਮਿਲਾਕੇ ਅਣਗੌਲਿਆ ਹੀ ਰੱਖਿਆ ਗਿਆ ਹੈ। ਇੱਥੇ ਇਹ ਜ਼ਿਕਰ ਕਰਨਾ ਜ਼ਰੂਰੀ ਹੈ ਕਿ ਪਹਿਲੋਂ-ਪਹਿਲ ਇਸ ਲਹਿਰ ਬਾਰੇ ਪ੍ਰਕਾਸ਼ਤ ਲਿਖਤਾਂ ਦੀ ਰੂਪ-ਰੇਖਾ ਵਿਅਕਤੀ ਕੇਂਦਰਤ ਨਹੀਂ ਸੀ ਹੁੰਦੀ, ਜਿਵੇਂ ਲੇਖਕ ਨੇ ਜਿਹੜੀ ਇਹਨਾਂ ਬਾਰੇ ਪਹਿਲੀ ਰਚਨਾ ਪੜ੍ਹੀ ਸੀ, ਉਹ ਸੀ ਅਜੇ ਘੋਸ਼ ਦੀ 'ਭਗਤ ਸਿੰਘ ਔਰ ਉਸਕੇ ਸਾਥੀ'। ਆਮ ਲੋਕਾਂ ਦੀ ਜ਼ਬਾਨ ਤੇ ਵੀ 'ਭਗਤ ਸਿੰਘ ਦੱਤ' ਸੀ, ਭਾਵੇਂ ਕਿ ਕਈ ਅਣਜਾਣ ਲੋਕੀ 'ਦੱਤ' ਭਗਤ ਸਿੰਘ ਦੀ 'ਗੋਤ' ਸਮਝ ਲਿਆ ਕਰਦੇ ਸੀ।

ਖ਼ੈਰ! ਦੇਰ ਆਇਦ ਦਰੁਸਤ ਆਇਦ! ੨੦੦੭ ਦੌਰਾਨ ਸ਼ਹੀਦ ਭਗਤ ਸਿੰਘ ਦੀ ਜਨਮ ਸ਼ਤਾਬਦੀ ਵਰ੍ਹੇ ਲੁਧਿਆਣਾ ਦੇ ਨੌਜਵਾਨ ਡਾਕਟਰ ਹਰਦੀਪ ਸਿੰਘ ਤੇ ਸਹਿਯੋਗੀਆਂ ਨੇ ਪਹਿਲੀ ਵਾਰ ਸੁਖ ਦੇਵ ਦੇ ਲੁਧਿਆਣਾ ਸਥਿਤ ਜਨਮ ਸਥਾਨ ਦੀ ਨਿਸ਼ਾਨਦੇਹੀ ਕੀਤੀ, ਜਦ ਕਿ ਉਦੋਂ ਤੱਕ ਅਸੀਂ ਸਾਰੇ ਉਨ੍ਹਾਂ ਦੀ ਜਨਮ ਭੂਮੀ ਲਾਇਲਪੁਰ ਸ਼ਹਿਰ ਹੀ ਮੰਨਦੇ ਆ ਰਹੇ ਸਾਂ। ਉਹਨਾਂ ਸ਼ਹੀਦ ਸੁਖ ਦੇਵ ਯਾਦਗਾਰੀ ਕਮੇਟੀ ਦਾ ਗਠਨ ਕਰਕੇ ਸ਼ਹੀਦ ਬਾਰੇ ਅਨਮੋਲ ਜਾਣਕਾਰੀ ਹਾਸਲ ਕੀਤੀ ਜਿਸ ਵਿੱਚ ਪ੍ਰਮੁੱਖ ਪ੍ਰਾਪਤੀ ਸ਼ਹੀਦ ਦੇ ਛੋਟੇ ਭਰਾ, ਸ੍ਰੀ ਮਥੁਰਾ ਦਾਸ ਥਾਪਰ ਦੁਆਰਾ ਹਿੰਦੀ ਵਿੱਚ ਲਿਖੀ ਹੋਈ ਉਹਨਾਂ ਦੇ ਵੱਡੇ ਵੀਰ ਦੀ ਜੀਵਨੀ ਸੀ, ਜਿਸ ਨੂੰ ਕਮੇਟੀ ਨੇ ਪੰਜਾਬੀ ਵਿੱਚ ਅਨੁਵਾਦ ਕਰਵਾ ਕੇ ੧੫ ਮਈ ੨੦੦੭ ਨੂੰ ਸ਼ਹੀਦ ਦੀ ਜਨਮ ਸ਼ਤਾਬਦੀ ਮੌਕੇ ਲੋਕ ਅਰਪਣ ਕੀਤਾ ਸੀ।

ਇਸੇ ਕਮੇਟੀ ਦੇ ਉਦਮ ਨਾਲ ਹੀ ਪੰਜਾਬ ਸਰਕਾਰ ਨੇ ਸਰਕਾਰੀ ਪੱਧਰ ਤੇ ਇਹ ਸ਼ਤਾਬਦੀ ਮਨਾਈ, ਜਿਸ ਵਿੱਚ ਉਸ ਵੇਲੇ ਦੇ ਖਜ਼ਾਨਾ ਮੰਤਰੀ, ਸ. ਮਨਪ੍ਰੀਤ ਸਿੰਘ ਬਾਦਲ, ਪੰਜਾਬ ਸਰਕਾਰ ਵਲੋਂ ਸ਼ਾਮਿਲ ਹੋਏ ਸੀ।

ਜਿੱਥੇ ਤੱਕ ਸ਼ਹੀਦ ਦੀ ਜਨਮ ਤਰੀਕ ਦਾ ਸਵਾਲ ਹੈ, ਇਹ ਕਹਿਣ ਦੀ ਗੁੰਜਾਇਸ਼ ਨਹੀਂ ਕਿ ਕਿਸੇ ਮਹਾਨ ਸ਼ਕਸੀਅਤ ਦੀ ਜਨਮ ਤਰੀਕ ਤੇ ਅੰਤਮ ਵਿਛੋੜੇ ਦੀ ਮਿਤੀ, ਦੋਹਾ ਦੀ ਵੱਡੀ ਅਹਿਮੀਅਤ ਹੁੰਦੀ ਹੈ, ਜਿਸ ਨਾਲ ਉਹਨਾਂ ਦੇ ਉਪਾਸ਼ਕਾਂ ਦੀਆਂ ਭਾਵਨਾਵਾਂ ਜੁੜੀਆਂ ਹੁੰਦੀਆਂ ਹਨ, ਜਿਵੇਂ ਸ਼ਹੀਦ ਭਗਤ ਸਿੰਘ ਦੇ ਜਨਮ ਦਿਨ ਮੌਕੇ, ਹਰ ਸਾਲ ਅਜੇ ਵੀ ਇਹ ਸਵਾਲ ਕੀਤਾ ਜਾਂਦਾ ਹੈ ਕਿ ਸ਼ਹੀਦ ਦੀ ਜਨਮ ਤਰੀਕ ੨੭ ਸਤੰਬਰ ੧੯੦੭ ਹੈ ਜਾਂ ੨੮ ਸਤੰਬਰ?

ਲੇਖਕ ਨੇ ਸ਼ਹੀਦ ਸੁਖ ਦੇਵ ਬਾਰੇ ਉਹਨਾਂ ਦੇ ਛੋਟੇ ਵੀਰ ਦੀ ਰਚਨਾ 'ਚੋਂ ਸ਼ਹੀਦ ਦੀ ਜਨਮ ਤਰੀਕ ਖੋਜਣ ਦੀ ਕੋਸ਼ਿਸ਼ ਕੀਤੀ, ਪਰ ਉਥੋਂ ਸਿਰਫ ਇਹ ਹੀ ਪਤਾ ਚਲਿਆ ਕਿ ਸ੍ਰੀ ਮਥੁਰਾ ਦਾਸ ਦਾ ਜਨਮ ੧੯੧੦ ਵਿੱਚ ਹੋਇਆ ਸੀ ਤੇ ਇਹ ਆਪਣੇ ਵੱਡੇ ਭਰਾਂ ਤੋਂ ਤਿੰਨ ਸਾਲ ਛੋਟੇ ਸਨ।

ਸ਼ਹੀਦ ਸੁਖਦੇਵ ਯਾਦਗਾਰੀ ਕਮੇਟੀ ਤੋਂ ਪੁਛ-ਪੜਤਾਲ ਕਰਨ ਤੇ ਪਤਾ ਲਗਾ ਕਿ ੧੫ ਮਈ ੧੯੦੭ ਵਾਲੀ ਤਰੀਕ ਉਹਨਾਂ ਦੇ ਕਿਸੇ ਪਰਿਵਾਰ ਵਾਲੇ ਨੇ ਸੁਝਾਈ ਸੀ, ਪਰ ਕਿਸੇ ਕੋਲ ਵੀ ਇਸ ਦਾ ਕੋਈ ਭਰੋਸੇਯੋਗ ਆਧਾਰ ਮੌਜੂਦ ਨਹੀਂ।

ਇਸ ਹਾਲਾਤ ਦੇ ਮੱਦੇਨਜ਼ਰ ਲੇਖਕ ਨੂੰ ਸੁਝਿਆ, ਕਿਉਂਕਿ ਸ਼ਹੀਦ ਸੁਖ ਦੇਵ ਬਾਰੇ ਇਹ ਪੱਕੀ ਜਾਣਕਾਰੀ ਸੀ ਕਿ ਉਸ ਨੇ ੧੯੨੨ ਵਿੱਚ ਲਾਇਲਪੁਰ ਦੇ ਸਨਾਤਨ ਧਰਮ ਹਾਈ ਸਕੂਲ ਤੋਂ ਮੈਟ੍ਰਿਕ ਪਾਸ ਕੀਤੀ ਸੀ, ਕਿ ਕਿਉਂ ਨਾ ਸਾਲ ੧੯੨੨ ਦੀ ਯੂਨੀਵਰਸਿਟੀ ਦੀ ਨਤੀਜਾ-ਗਜ਼ਟ ਦੇਖੀ ਜਾਏ। ਇਤਫ਼ਾਕ ਨਾਲ ਹੀ ਪਾਕਿਸਤਾਨ ਤੋਂ ਆਏ ਵਕੀਲਾਂ ਦੇ ਵਫ਼ਦ ਵਿੱਚੋਂ ਇੱਕ ਸੁਹਿਰਦ ਜਾਣਕਾਰ, ਮੈਨੂੰ ਮੇਰੇ ਘਰ ਮਿਲਣ ਲਈ ਆਏ ਅਤੇ ਮੈਂ ਉਨ੍ਹਾਂ ਨਾਲ ਇਸ ਸਬੰਧ 'ਚ ਚਰਚਾ ਕੀਤੀ। ਉਨ੍ਹਾਂ ਇਸ ਬਾਰੇ ਮੇਰੇ ਨਾਲ ਕੀਤੇ ਵਾਅਦੇ ਅਨੁਸਾਰ, ਮੈਨੂੰ ਉਸ ਗਜ਼ਟ ਦੇ ਸੰਬੰਧਤ ਸਫ਼ੇ ਦੀ ਫ਼ੋਟੋ ਕਾਪੀ ਭੇਜ ਦਿੱਤੀ ਜਿਸ ਵਿੱਚ ਸ਼ਹੀਦ ਦੀ ਜਨਮ ਤਰੀਕ ੧੯ ਫਰਵਰੀ ੧੯੦੭ ਦਰਸਾਈ ਹੋਈ ਹੈ। ਅਸੀਂ ਸਾਰੇ ਜਾਣਦੇ ਹਾਂ ਕਿ ਛੋਟੀ ਉਮਰੇ ਹੀ ਸ਼ਹੀਦ ਦੇ ਪਿਤਾ ਜੀ ਦੇ ਚਲਾਣੇ ਮਗਰੋਂ, ਉਨ੍ਹਾਂ ਦਾ ਪਾਲਣ-ਪੋਸ਼ਣ ਤੇ ਪੜ੍ਹਾਈ ਉਨ੍ਹਾਂ ਦੇ ਸੁਚੇਤ-ਚੇਤੰਨ ਤਾਇਆ ਜੀ, ਲਾਲਾ ਅਚਿੰਤ ਰਾਮ ਹੋਰਾਂ ਦੀ ਦੇਖ-ਰੇਖ ਹੇਠਾਂ ਹੋਈ ਸੀ। ਸੋ ਇਹ ਤਰੀਕ ਸੁਖ ਦੇਵ ਦੇ ਸਕੂਲ



Namdhari Elibrary NamdhariElibrary@gmail.com

ਦਾਖਲੇ ਵੇਲੇ ਉਨ੍ਹਾਂ ਵੱਲੋਂ ਹੀ ਲਿਖਵਾਈ ਗਈ ਹੋਵੇਗੀ, ਜਿਸ ਦੀ ਭਰੋਸੇਯੋਗਤਾ ਤੇ ਕਿੰਤੂ ਕਰਨਾ ਯੋਗ ਨਹੀਂ ਹੋਵੇਗਾ।

ਇਸੇ ਗਜ਼ਟ ਵਿੱਚ ਹੀ ਸ਼ਹੀਦ ਦੇ ਚਚੇਰੇ ਭਾਈ, ਜੈ ਦੇਵ ਦੀ ਜਨਮ ਤਰੀਕ ਵੀ ਦਰਜ ਹੈ, ਜੋ ਸੁਖ ਦੇਵ ਦੇ ਜਮਾਤੀ ਵੀ ਸਨ, ਤੇ ਇਹ ਦੋਵੇਂ ਇਕੱਠੇ ਹੀ ਨੈਸ਼ਨਲ ਕਾਲੇਜ, ਲਾਹੌਰ 'ਚ ਦਾਖਿਲ ਹੋਏ ਸਨ। ਜੈ ਦੇਵ ਭਾਵੇਂ ਪਾਰਟੀ 'ਚ ਸ਼ਾਮਿਲ ਤਾਂ ਨਹੀਂ ਹੋਇਆ, ਪਰ ਉਹ ਕਾਲੇਜ ਦੀ ਨਾਟਕ ਮੰਡਲੀ ਵਿੱਚ ਸਰਗਰਮ ਸੀ, ਤੇ ਜਿਹੜੀ ਭਗਤ ਸਿਘ ਦੀ ਪਗੜੀ ਵਾਲੀ ਤਸਵੀਰ ਨਾਟਕ ਮੰਡਲੀ ਦੀ ਉਪਲਬਦ ਹੈ, ਉਸ ਵਿੱਚ ਜੈ ਦੇਵ ਵੀ ਮੌਜੂਦ ਹੈ।

ਗਜ਼ਟ ਅਨੁਸਾਰ ਜੈ ਦੇਵ ਦੀ ਜਨਮ ਤਰੀਕ ੧੯.੫.੧੯੦੬ ਲਿਖੀ ਹੋਈ ਹੈ, ਜਿਸ ਮੁਤਾਬਿਕ ਉਹ, ਸੁਖ ਦੇਵ ਤੋਂ ੯ ਮਹੀਨੇ ਵੱਡਾ ਸੀ, ਜੋ ਪਰਿਵਾਰਿਕ ਸੂਤਰਾਂ ਤੋਂ ਮਿਲੀ ਸੰਬੰਧਤ ਜਾਣਕਾਰੀ ਅਨੁਸਾਰ ਹੈ।

ਸੋ ਟਕਸਾਲੀ ਖੋਜ ਵਿਧੀ ਤਹਿਤ ਜਦੋਂ ਕਿਸੇ ਮੁੱਦੇ ਤੇ ਦਸਤਾਵੇਜ਼ੀ ਸਬੂਤ ਮੌਜੂਦ ਹੋਵੇ, ਉਹਨੂੰ ਤਾਂ ਹੀ ਅਸੀਂ ਅਥੇ-ਪਰੇਥੇ ਕਰ ਸਕਦੇ ਹਾਂ, ਜੇ ਇੱਕ ਪਾਸੇ ਸਾਡੇ ਕੋਲ ਉਸਦੀ ਭਰੋਸੇਯੋਗਤਾ ਤੇ ਕਿੰਤੂ ਕਰਨ ਦਾ ਕੋਈ ਆਧਾਰ ਹੋਵੇ ਤੇ ਨਾਲ ਦੀ ਨਾਲ ਹੀ ਸਾਡੇ ਕੋਲ ਹੋਰ ਭਰੋਸੇਯੋਗ ਬਦਲਵਾਂ ਆਧਾਰ ਹੋਵੇ ਜਿਵੇਂ ਕਿ ਭਗਤ ਸਿਘ ਦੀ ਜਨਮ ਤਰੀਕ ਬਾਰੇ ਉਸਦੀ ਜਨਮ ਪੱਤਰੀ ਵਿੱਚ ਵੀ ਦਰਜ ਹੈ। ਅਸੀਂ ਸਾਰੇ ਜਾਣਦੇ ਹੀ ਹਾਂ ਕਿ ਭਗਤ ਸਿਘ ਮੈਟ੍ਰਿਕ ਪਾਸ ਕਰਨ ਤੋਂ ਪਹਿਲਾਂ ਹੀ, ਸਕੂਲ ਛੱਡ ਕੇ ਨੈਸ਼ਨਲ ਕਾਲੇਜ ਚਲਾ ਗਿਆ ਸੀ।

ਸ਼ਹੀਦ ਸੁਖਦੇਵ ਯਾਦਗਾਰੀ ਕਮੇਟੀ ਨਾਲ ਲੇਖਕ ਦਾ ਸੰਪਰਕ ਤੇ ਤਾਲਮੇਲ ੨੦੦੭ ਤੋਂ ਹੀ ਚਲਦਾ ਆ ਰਿਹਾ ਹੈ ਤੇ ਮੇਰੀ ਬੇਨਤੀ ਤੇ ਕਮੇਟੀ ਨੇ ਪੰਜਾਬ ਸਰਕਾਰ ਦੇ ਲੋਕ ਸੰਪਰਕ ਵਿਭਾਗ ਰਾਹੀਂ ਸਰਕਾਰ ਨੂੰ ਸਾਲ ੨੦੧੩ ਤੋਂ ਸ਼ਹੀਦ ਦਾ ਜਨਮ ਦਿਨ ੧੫ ਮਈ ਦੀ ਬਜਾਏ ੧੯ ਫਰਵਰੀ ਨੂੰ ਹੀ ਮਨਾਉਣ ਲਈ ਕਿਹਾ ਹੈ, ਜਿਸ ਬਾਰੇ ਚਿੱਠੀ ਪੱਤਰ ਚਲ ਰਿਹਾ ਹੈ।

ਆਸ ਕੀਤੀ ਜਾਣੀ ਚਾਹੀਦੀ ਹੈ ਕਿ ੧੯ ਫਰਵਰੀ ੨੦੧੩ ਤੋਂ ਘੱਟੋ-ਘੱਟ ਮਹੀਨਾ-ਦੋ ਮਹੀਨੇ ਪਹਿਲਾਂ ਹੀ ਲੋੜੀਂਦੀ ਸੋਧ ਕਰ ਲਈ ਜਾਏ।

*ਪਿੰਡ ਤੇ ਡਾਕਘਰ ਸਕੇਤੜੀ,*
*ਪੰਚਕੂਲਾ, ਹਰਿਆਣਾ ੧੩੪੧੦੯*
*ਫੋਨ: ੦੧੭੨-੨੫੫੬੩੧੪, ੯੫੭੬੧੧੬*

# ਜੂਹ 'ਚ ਸਾਡੀ ਵੜੀਂ ਨਾ

*—ਚਰਨ ਸੋਚੇਵਾਲਵੀ*



ਜੰਗ ਇਹ ਆਜ਼ਾਦੀ ਵਾਲੀ ਜਿਨ੍ਹੇ ਕੀਤੀ ਸ਼ੁਰੂ ਹੈ,
ਇਕੋ ਇਕ ਕੂਕਿਆਂ ਦਾ ਰਾਮ ਸਿਘ ਗੁਰੂ ਹੈ।
ਸੰਗਲ ਗੁਲਾਮੀ ਵਾਲਾ ਜਿਨ੍ਹੇ ਸਾਡਾ ਤੋੜਿਆ,
ਜੂਹ 'ਚ ਸਾਡੀ ਵੜੀ ਨਾ ਫਰੰਗੀ ਦਿਆ ਘੋੜਿਆ।

ਕੀਤਾ ਜਾਂ ਖਿਆਲ ਗੱਲਾਂ ਏਹੋ ਮੈਨੂੰ ਅਹੁੜੀਆਂ,
ਰੱਬ ਨੂੰ ਲਗਾਈਆਂ ਜਿਸ ਸਿੱਧੀਆਂ ਸੀ ਪੌੜੀਆਂ।
ਨਾਤਾ ਸਾਡਾ ਰੱਬ ਨਾਲ ਸਿੱਧਾ ਉਸ ਜੋੜਿਆ,
ਜੂਹ 'ਚ ਸਾਡੀ.................

ਦਿੱਤੀਆਂ ਆਜ਼ਾਦੀ ਦੀਆਂ ਜਿਨ੍ਹੇ ਸਾਨੂੰ ਲੋਰੀਆਂ,
ਘਰ ਘਰ ਆਜ਼ਾਦੀ ਦੀਆਂ ਗੱਲਾਂ ਜਿਸ ਤੋਰੀਆਂ।
ਨਾਤਾ ਅੰਗਰੇਜ਼ਾਂ ਨਾਲੋਂ ਸਾਰਾ ਜਿਸ ਤੋੜਿਆ,
ਜੂਹ 'ਚ ਸਾਡੀ..................

ਦੱਸਿਆ ਨਿਤਾਣਿਆਂ 'ਚ ਤਾਣ ਕਿਵੇਂ ਭਰੀਦੀ ਹੈ,
ਗਊ ਤੇ ਗਰੀਬ ਦੀ ਵੀ ਰਾਖੀ ਕਿੰਜ ਕਰੀਦੀ ਹੈ।
ਬੁੱਚੜਾਂ ਦਾ ਲਹੂ ਨਿੰਬੂ ਵਾਂਗ ਹੈ ਨਚੋੜਿਆ,
ਜੂਹ 'ਚ ਸਾਡੀ..................

ਦੱਸਿਆ ਆਜ਼ਾਦੀ ਲਈ ਜੰਗ ਕਿਵੇਂ ਲੜੀਦਾ ਹੈ,
ਦੱਸਿਆ ਸ਼ਹੀਦੀ ਵਾਲੀ ਜੰਞੇ ਕਿਵੇਂ ਚੜ੍ਹੀਦਾ ਹੈ।
ਹੱਸ ਹੱਸ ਤੋਪਾਂ ਦਾ ਮੂੰਹ ਕੂਕਿਆਂ ਨੇ ਮੋੜਿਆ,
ਜੂਹ 'ਚ ਸਾਡੀ..................

ਸਮਝਣਾ ਨਾ ਮੈਨੂੰ ਕਿਤੇ ਨਿੱਕਾ ਜਿਹਾ ਬਾਲ ਬਈ,
ਹੋਣ ਮੈਂ ਸ਼ਹੀਦ ਆਇਆ ਦੇਵੀਂ ਨਾ ਤੂੰ ਟਾਲ ਬਈ।
ਫੜ ਤੇਨੂੰ ਦਾੜ੍ਹੀਓਂ ਮੈਂ ਏਸੇ ਲਈ ਝੰਜੋੜਿਆ,
ਜੂਹ 'ਚ ਸਾਡੀ.................

ਲਿਖ ਦੇਵਾਂ ਇਹਵੀ ਏਥੇ ਬਣਿਆ ਸਬੱਬ ਹੈ,
ਲੱਗਦਾ ਆਜ਼ਾਦੀ ਵਾਲਾ ਏਹੋ ਮੈਨੂੰ ਰੱਬ ਹੈ।
ਨਾਮ ਦਾ ਖਰਾਸ ਜਿਸ ਰੂਹ ਦੇ ਵਿਚ ਜੋੜਿਆ,
ਜੂਹ 'ਚ ਸਾਡੀ................

ਕਿੱਥੇ ਗਏ ਰਾਜ-ਭਾਗ ਗੋਰਿਆਂ ਜੋ ਮਾਣੇ ਸਨ,
ਕਿੱਥੇ ਗਏ ਉਹ ਭੈਣੀ 'ਚ ਬਿਠਾਏ ਜਿਹੜੇ ਠਾਣੇ ਸਨ।
ਗੋਰਿਆਂ ਨੂੰ ਗੋਰਿਆਂ ਦੇ ਦੇਸ਼ ਜਿਹਨੇ ਮੋੜਿਆ,
ਜੂਹ 'ਚ ਸਾਡੀ........................।

ਪੱਲਾ ਜਿਸ ਘੁੱਟ ਕੇ ਹੈ ਨਾਮ ਵਾਲਾ ਫੜਿਆ,
ਹਿਰਦਾ ਬਸੰਤ ਵਾਂਗੂੰ ਰਹੇ ਉਹਦਾ ਖਿੜਿਆ।
ਹੋਈ ਤੇਰੀ ਮਿਹਰ 'ਚਰਨ' ਛੰਦ ਤੇਰਾ ਜੋੜਿਆ,
ਜੂਹ 'ਚ ਸਾਡੀ ਵੜੀ ਨਾ ਫਰੰਗੀ ਦਿਆ ਘੋੜਿਆ।



Namdhari Elibrary NamdhariElibrary@gmail.com

# ਰਾਜੇ ਸ਼ੀਹ ਮੁਕਦਮ ਕੁਤੇ

*ਡਾ: ਹਰਬਿੰਦਰ ਕੌਰ, ਐਮ ਡੀ,*
*ਬੱਚਿਆਂ ਦੀ ਮਾਹਿਰ*



ਜਿਸ ਸਮੇਂ ਗੁਰੂ ਨਾਨਕ ਦੇਵ ਜੀ ਨੇ ਇਹ ਤੁਕ ਉਚਾਰੀ ਹੋਵੇਗੀ ਤਾਂ ਉਸ ਸਮੇਂ ਬਾਰੇ ਸੋਖਿਆਂ ਹੀ ਕਿਆਸ ਲਾਇਆ ਜਾ ਸਕਦਾ ਹੈ ਕਿ ਉਦੋਂ ਚੁਫੇਰੇ ਕੀ ਹਾਲਾਤ ਹੋਣਗੇ! ਇਤਿਹਾਸਕਾਰ ਲਿਖਦੇ ਹਨ ਕਿ ਪੰਦਰ੍ਹਵੀਂ ਸਦੀ ਵਿਚ ਅੰਤਾਂ ਦਾ ਅੱਤਿਆਚਾਰ ਸੀ, ਤਕੜੇ ਦਾ ਏਨਾ ਜ਼ੋਰ ਸੀ ਕਿ ਆਮ ਆਦਮੀ ਨੂੰ ਕੀੜੇ ਮਕੌੜੇ ਵਾਂਗ ਪੀਸ ਦਿੱਤਾ ਜਾਂਦਾ ਸੀ ਤੇ ਜਿੰਨੀ ਮਾੜੀ ਦਸ਼ਾ ਆਮ ਆਦਮੀ ਦੀ ਉਸ ਸਮੇਂ ਸੀ, ਉਹ ਬਿਆਨੋਂ ਬਾਹਰ ਹੈ। ਔਰਤ ਨੂੰ ਤਾਂ ਏਨੀ ਬੁਰੀ ਤਰ੍ਹਾਂ ਮਿੱਧਿਆ ਜਾ ਰਿਹਾ ਸੀ ਕਿ ਔਰਤ ਜ਼ਾਤ ਦੇ ਹੱਕ ਵਿਚ ਗੁਰੂ ਸਾਹਿਬ ਨੂੰ ਜ਼ਬਰਦਸਤ ਆਵਾਜ਼ ਚੁੱਕਣੀ ਪੈ ਗਈ ਸੀ।

ਫੇਰ ਇਕ ਸੁਧਾਰ ਲਹਿਰ ਚੁਫ਼ੇਰੇ ਫੈਲੀ, ਇਕ ਚਾਨਣ, ਜਿਸ ਰਾਹੀਂ ਆਮ ਆਦਮੀ ਨੂੰ ਕੋਈ ਰਾਹ ਦਸੇਰਾ ਮਿਲ ਗਿਆ ਜਾਪਿਆ। ਉਨ੍ਹਾਂ ਨੂੰ ਲੱਗਿਆ ਕਿ ਉਨ੍ਹਾਂ ਦੀ ਕੋਈ ਆਵਾਜ਼ ਬਣ ਗਿਆ ਹੈ।

ਉਸ ਸਮੇਂ ਕੁੱਝ ਦੇਰ ਲਈ ਕਲਯੁਗ ਵਿਚ ਫੈਲੇ ਇਸ ਚਾਨਣ ਸਦਕਾ ਸੁਧਾਰ ਹੁੰਦਾ ਜਾਪਿਆ। ਇਸ ਸੁਧਾਰ ਨੂੰ ਕਾਇਮ ਰੱਖਣ ਲਈ ਬੇਹਿਸਾਬ ਕੁਰਬਾਨੀਆਂ ਦੇਣੀਆਂ ਪਈਆਂ। ਅਜਿਹਾ ਸਭ ਇਸ ਲਈ ਹੋਇਆ ਕਿ ਅੱਗੋਂ ਹੁਣ ਵਾਰ ਵਾਰ ਇਸ ਧਰਤੀ ਉੱਤੇ ਕਿਸੇ ਅਵਤਾਰ ਨੂੰ ਨਾ ਜਨਮ ਲੈਣਾ ਪਵੇ ਤੇ ਲੋਕ ਹੀ ਜਾਗਰੂਕ ਹੋ ਕੇ ਸ਼ੀਹ ਰਾਜਿਆਂ ਤੇ ਮੁਕਦਮ ਕੁੱਤਿਆਂ ਵਿਰੁੱਧ ਇਕਜੁਟ ਹੋ ਕੇ ਰਾਮ-ਰਾਜ ਦੀ ਸਥਾਪਨਾ ਕਰ ਸਕਣ।

ਇਸ ਤਰ੍ਹਾਂ ਦੀ ਬਗ਼ਾਵਤ ਸਮੇਂ ਸਮੇਂ ਸਿਰ ਹੁਕਮਰਾਨਾਂ ਵੱਲੋਂ ਜ਼ਬਰਦਸਤ ਤਰੀਕੇ ਕੁਚਲੀ ਗਈ, ਇਹ ਸੋਚ ਕੇ ਕਿ ਉਹ ਸਰਵ-ਸ਼ਕਤੀਮਾਨ ਹਨ। ਅਜਿਹੇ ਜ਼ਾਲਮ ਰਾਜੇ ਵੀ ਅਕਾਲ ਪੁਰਖ ਦੇ ਹੁਕਮ “ ਕਰਨਾ ਕੁਚੁ ਰਹਨੁ ਥਿਰੁ ਨਾਹੀ” ਸਦਕਾ ਆਪਣਾ ਜ਼ੁਲਮ ਸਦੀਵੀ ਚਾਲੂ ਨਹੀਂ ਰਖ ਸਕੇ ਤੇ ਅਖ਼ੀਰ ਉਸੇ ਮਿੱਟੀ ਵਿਚ ਮਿੱਟੀ ਹੋ ਗਏ ਜਿਸਨੇ ਕਦੇ ਕਿਸੇ ਨਾਲ ਵਿਤਕਰਾ ਨਹੀਂ ਕੀਤਾ।

ਜਿੰਨੇ ਵੀ ਪਾਸੇ ਸੁਧਾਰ ਕਰਨ ਦੀ ਉਸ ਸਮੇਂ ਗੁਰੂ ਸਾਹਿਬ ਵੱਲੋਂ ਕੋਸ਼ਿਸ਼ ਕੀਤੀ ਗਈ ਉਨ੍ਹਾਂ ਸਾਰਿਆਂ ਪਾਸਿਆਂ ਵੱਲ ਕੁੱਝ ਪਲ ਅੱਜ ਦੇ ਦਿਨ ਝਾਤ ਮਾਰੀਏ!

ਧਰਮ ਦੇ ਨਾਂ ਹੇਠ ਪਾਖੰਡ ਜਿਹੜੇ ਉਸ ਸਮੇਂ ਚਾਲੂ ਸਨ, ਕੀ ਅੱਜ ਤਿਗਣੇ ਨਹੀਂ ਹੋ ਚੁੱਕੇ? ਜਿੰਨੇ ਉਸ ਸਮੇਂ ਵੱਖ ਵੱਖਰੇ ਤਰ੍ਹਾਂ ਦੇ ਗੁਰੂ ਤੇ ਮਤ ਹੋ ਚੁੱਕੇ ਸਨ, ਕੀ ਅਜ ਉਨ੍ਹਾਂ ਦੀ ਗਿਣਤੀ ਕੁੱਝ ਘੱਟ ਹੋ ਚੁੱਕੀ ਹੈ? ਕੀ ਕਿਸੇ ਥਾਂ ਛਲ, ਕਪਟ, ਫਰੇਬ ਜਾਂ ਭ੍ਰਿਸ਼ਟਾਚਾਰ ਵਿਚ ਕਮੀ ਹੋਈ ਹੈ?

ਕੀ ਜਾਤ-ਪਾਤ ਸਦਕਾ ਹੋ ਰਿਹਾ ਵਿਤਕਰਾ ਖਤਮ ਹੋਇਆ ਹੈ ਜਾਂ ਕਈ ਗੁਣਾ ਜ਼ਿਆਦਾ ਹੋ ਗਿਆ ਹੈ? ਅੱਜ ਦੇ ਦਿਨ ਕੀ ਭੂ-ਮਾਫ਼ੀਆ, ਦੇਹ ਵਪਾਰ ਦੇ ਅੱਡੇ, ਮਨੁੱਖੀ ਤਸਕਰੀ, ਨਸ਼ਾ-ਮਾਫ਼ੀਆ, ਰਿਸ਼ਵਤਖੋਰੀ ਤੇ ਔਰਤਾਂ ਉੱਤੇ ਹੋ ਰਹੇ ਤਸ਼ੱਦਦ ਵਿਚ ਦਸ ਗੁਣਾ ਵਾਧਾ ਨਹੀਂ ਦਿਸ ਰਿਹਾ? ਸਮਾਜਕ ਦਸ਼ਾ ਦਾ ਨਿਘਾਰ ਜੇ ਉਸ ਸਮੇਂ ਹੀ ਗੁਰੂ ਸਾਹਿਬ ਦੇ ਅਨੁਸਾਰ ਸਭ ਹਦ ਬੰਨ੍ਹੇ ਪਾਰ ਕਰ ਚੁੱਕਿਆ ਸੀ ਤਾਂ ਅੱਜ ਦੇ ਦਿਨ ਦੀ ਲੁਟ ਖਸੁੱਟ ਬਾਰੇ ਵੀ ਤਾਂ ਉਹੀ ਤੁਕ ਹੀ ਸਹੀ ਬੈਠਦੀ ਹੈ, “ ਕੂੜੁ ਫਿਰੈ ਪਰਧਾਨੁ ਵੇ ਲਾਲੋ! ”

ਔਰਤਾਂ ਦੇ ਮੌਜੂਦਾ ਹਾਲਾਤ ਬਾਰੇ ਤਾਂ ਜ਼ਿਕਰ ਕਰਦਿਆਂ ਕਲਮ ਵੀ ਕੰਬਦੀ ਹੈ। ਦੇਹ-ਵਪਾਰ, ਰੋਜ਼ ਦੇ ਨਾਬਾਲਗ਼ਾਂ ਦੇ ਵਧਦੇ ਜਾਂਦੇ ਬਲਾਤਕਾਰ, ਤੇਜ਼ਾਬ ਸੁੱਟਣ ਦੇ ਕੇਸ ਅਤੇ ਹਰ ਮੋੜ ਉੱਤੇ ‘ਪ੍ਰਧਾਨ’ ‘ ਉਪ-ਪ੍ਰਧਾਨ’ ਦੇ ਲੇਬਲਾਂ ਵਾਲੀਆਂ ਲਾਲ ਬੱਤੀਆਂ ਵਾਲੀਆਂ ਗੱਡੀਆਂ ਥੱਲੇ ਕੁਚਲੇ ਜਾਂਦੇ ਆਮ ਲੋਕ! ਅਜਿਹੇ ਕੂਕਰੇ ਪ੍ਰਧਾਨਾਂ ਦੇ ਬਦ-ਦਿਮਾਗ਼ ਚਿਰਾਗ਼ ਜੋ ਫੋਕੇ ਅਹੁਦਿਆਂ ਸਦਕਾ ਲੋਕਾਂ ਨੂੰ ਕੀੜੇ ਮਕੌੜੇ ਤੇ ਆਪਣੇ ਆਪ ਨੂੰ ਰਬ ਦਾ ਅਵਤਾਰ ਮੰਨਦੇ ਹਨ, ਕਿਸੇ ਔਰਤ ਨੂੰ ਭਲਾ ਪੈਰ ਦੀ ਜੁੱਤੀ ਤੋਂ ਵਧ ਕੀ ਸਮਝਦੇ ਹੋਣਗੇ? ਮੌਜੂਦਾ ਘਟਨਾ ਇਸ ਗੱਲ ਦਾ ਪ੍ਰਤੱਖ ਸਬੂਤ ਹੈ ਕਿ ਅੰਮ੍ਰਿਤਸਰ (ਛੇਹਰਟਾ) ਵਿਚ ਆਪਣੇ ਆਪ ਨੂੰ ਰਬ ਦਾ ਪੈਰੋਕਾਰ ਮੰਨਦੇ ਹੋਏ ਇਕ ਪਾਰਟੀ ਦਾ ਜਨਰਲ ਸਕੱਤਰ ਇਕ ਵਰਦੀਧਾਰੀ ਪੁਲਿਸ ਕਰਮੀ ਨੂੰ ਇਸ ਲਈ ਮਾਰਨ ਦਾ ਹੱਕ ਰੱਖਦਾ ਹੈ ਕਿ ਪੁਲਿਸ ਕਰਮੀ ਨੇ ਆਪਣੀ ਕੁੜੀ ਨੂੰ ਸ਼ਰੇਆਮ ਛੇੜਨ ਦੀ ਖੁੱਲ ਨਹੀਂ ਦਿੱਤੀ!

ਵਾਕਈ ਪੁਲਿਸ ਕਰਮੀ ਦੀ ਹਿਮਾਕਤ ਸੀ! ਅੰਤ ਇਹੀ ਹੋਣਾ ਸੀ! ਭਲਾ ਕਲਯੁਗ ਵਿਚ ਇਹ ਸਭ ਕਿਵੇਂ ਰੋਕਿਆ ਜਾ ਸਕਦਾ ਹੈ? ਇੱਥੇ ਕੋਈ ਧੀ ਭੈਣ ਪਹਿਲਾਂ ਹੀ ਕਿੱਥੇ ਸੁਰੱਖਿਅਤ ਹੈ? ਕੀ ਕਿਸੇ ਥਾਂ ਦੇਰ ਸ਼ਾਮ ਜਾਂ ਰਾਤ ਕੋਈ ਇੱਕਲੀ ਔਰਤ ਜਾਂ ਕੁੜੀ ਵਾਪਸ ਸਹੀ ਸਲਾਮਤ ਘਰ ਅਪੜਨ ਦੀ ਜੁਅਰਤ ਕਰ ਸਕਦੀ ਹੈ?

ਇੱਥੇ ਤਾਂ ਸਦੀਆਂ ਪਹਿਲਾਂ ਵੀ ਇਹੀ ਦਸਤੂਰ ਸੀ ਤੇ



Namdhari Elibrary NamdhariElibrary@gmail.com

ਅਜ ਵੀ 'ਸੀਤਾ' ਵਾਂਗ ਆਪਣੀ ਸਫ਼ਾਈ ਮਰਹੂਮ ਰਵਿੰਦਰਪਾਲ ਸਿਘ ਏ.ਐਸ.ਆਈ.ਦੀ ਧੀ ਨੂੰ ਹੀ ਦੇਣੀ ਪਵੇਗੀ ਤੇ ਸਮਾਜ ਅੱਗੇ ਵਾਂਗ ਹੀ ਅੱਜ ਵੀ ਉਸੇ ਬੱਚੀ ਵਿਚ ਨੁਕਸ ਕੱਢੇਗਾ ਤੇ ਆਖ਼ੀਰ ਕਾਨੂੰਨੀ ਨੁਕਤਿਆਂ ਰਾਹੀਂ ਉਸੇ ਨੂੰ ਹੀ ਕਸੂਰਵਾਰ ਵੀ ਸਾਬਤ ਕਰ ਦਿੱਤਾ ਜਾਏਗਾ!

ਨੁਕਤੇ ਕੁੱਝ ਵੀ ਹੋ ਸਕਦੇ ਹਨ - ਕੁੜੀ ਦਾ ਆਚਰਨ ਹੀ ਖ਼ਰਾਬ ਸੀ, ਕੁੜੀ ਦੇ ਕਪੜੇ ਠੀਕ ਨਹੀਂ ਸਨ, ਕੁੜੀ ਹੀ ਉਕਸਾਉਂਦੀ ਸੀ, ਤੇ ਹੋਰ ਵੀ ਕਈ ਕੁੱਝ!

ਲਾਅਨਤ ਹੈ। ਲੱਖ ਲਾਅਨਤ ਇਸ ਤਰ੍ਹਾਂ ਦੇ ਪਾਖੰਡ ਉੱਤੇ!!

ਜਦ ਤਕ ਕਾਨੂੰਨੀ ਨੁਕਤੇ ਅਜਿਹੇ ਸਿਰਫਿਰੇ ਆਦਮਖ਼ੋਰ ਬਘਿਆੜਾਂ ਨੂੰ ਛੱਡਣ ਲਈ ਢਿੱਲ ਦਿੰਦੇ ਰਹਿਣਗੇ, ਅਜਿਹੇ ਵਾਕਿਆ ਕਦੇ ਵੀ ਰੋਕੇ ਨਹੀਂ ਜਾ ਸਕਣ ਲੱਗੇ।

ਹੁਕਮਰਾਨਾਂ ਵਾਸਤੇ ਕੀ ਇਹ ਤੁਕਾਂ ਨਹੀਂ ਲਿਖੀਆਂ ਗਈਆਂ? ਕੀ ਸਿਰਫ਼ ਦੱਬੇ ਕੁਚਲੇ ਲੋਕ ਹੀ ਇਹ ਸੋਚਣ -

' ਧਰਮ ਰਾਇ ਜਬ ਲੇਖਾ ਮਾਗੈ ਕਿਆ ਮੁਖੁ ਲੈ ਕੈ ਜਾਹਿਗਾ। '

ਹੁਣ ਤਾਂ ਇਕ ਉਮੀਦ ਰੱਖੀਏ ਕਿ ਸ੍ਰ. ਰਵਿੰਦਰਪਾਲ ਸਿਘ ਜੀ ਦੀ ਰੂਹ ਗੁਰੂ ਨਾਨਕ ਦੇਵ ਜੀ ਤਾਈਂ ਇਹ ਸੁਣੇਹਾ ਪਹੁੰਚਾ ਦੇਵੇ ਕਿ ਅੱਜ ਦੇ ਹਾਲਾਤ ਪਹਿਲਾਂ ਤੋਂ ਵੀ ਨਿੱਘਰ ਚੁੱਕੇ ਹੋਏ ਹਨ ਤੇ ਮਰੇ ਹੋਏ ਜ਼ਮੀਰ ਵਾਲਿਆਂ ਦਾ ਢੇਰ ਲੱਗਿਆ ਪਿਆ ਹੈ। ਇਕ ਵਾਰ ਫੇਰ 'ਮਰਦੇ-ਕਾਮਿਲ' ਦੀ ਲੋੜ ਹੈ ਇਨ੍ਹਾਂ ਨੂੰ ਜਗਾਉਣ ਲਈ ਤੇ ਪ੍ਰਧਾਨ ਬਣੇ ਹੋਏ 'ਕੂੜ' ਨੂੰ ਤਹਿਸ ਨਹਿਸ ਕਰਨ ਦੀ।

ਇੱਥੇ ਤਾਂ ਚੁਫ਼ੇਰੇ ਸਿਰਫ਼ ਚੰਦੂ ਤੇ ਗੰਗੂ ਵਰਗਿਆਂ ਦੀ ਹੀ ਭੀੜ ਇੱਕਠੀ ਹੋਈ ਪਈ ਹੈ ਤੇ ਇਨਸਾਨੀਅਤ ਕਿਧਰੇ ਥੱਲੇ ਦਬ ਗਈ ਹੈ।

ਜਦ ਤਕ ਕਹਿਰ ਢਾਹੁਣ ਵਾਲੇ ਕਾਨੂੰਨ ਦੀ ਜਕੜ ਤੋਂ ਬਾਹਰ ਫਿਰਦੇ ਰਹਿਣਗੇ, ਅਜਿਹੇ ਕਾਰਿਆਂ ਉੱਤੇ ਠੱਲ ਨਹੀਂ ਪਾਈ ਜਾ ਸਕਦੀ।

ਗ਼ੈਰਤਮੰਦਾਂ ਦੇ ਠੰਡੇ ਪੈ ਚੁੱਕੇ ਲਹੂ ਨੂੰ ਗਰਮਾਉਣ ਲਈ ਫਿਰ ਅੱਜ ਮਾਈ ਭਾਗੋ ਦੀ ਲੋੜ ਹੈ। ਕਾਸ਼ ਕੋਈ ਰਾਣੀ ਝਾਂਸੀ ਬਣ ਕੇ ਅੱਜ ਅਜਿਹੇ ਜੁਰਮ ਕਰਨ ਵਾਲਿਆਂ ਨੂੰ ਲੋਕਾਂ ਦੇ ਕਟਿਹਰੇ ਵਿਚ ਖੜ੍ਹਾ ਕਰ ਕੇ ਬੈਂਤ ਮਾਰ ਮਾਰ ਕੇ ਸਜ਼ਾਏ ਮੌਤ ਦੇ ਦੇਵੇ।

ਜਿਹੜੇ ਅਜਿਹੇ ਜੁਰਮਾਂ ਨੂੰ ਅੱਖੀਂ ਵੇਖ ਕੇ ਆਪਣੀ ਜ਼ਬਾਨ ਨੂੰ ਜੰਦਰੇ ਲਾਈ ਬੈਠੇ ਹਨ ਤੇ ਡਰ ਰਹੇ ਹਨ ਕਿ ਜ਼ਬਾਨ ਖੋਲ੍ਹਦੇ ਸਾਰ ਜ਼ਾਲਮਾਂ ਹੱਥੋਂ ਉਹ ਵੀ ਕਿਤੇ ਫਨਾਹ ਨਾ ਹੋ ਜਾਣ, ਕੀ ਉਹ ਇਹ ਦੱਸਣ ਦੀ ਖੇਚਲ ਕਰਨਗੇ ਕਿ ਏਥੇ ਪੁਲਿਸ ਕਰਮੀ ਤਾਂ ਆਪ ਸੁਰੱਖਿਅਤ ਨਹੀਂ ਤੇ ਨਾ ਉਨ੍ਹਾਂ ਦੀਆਂ ਧੀਆਂ, ਤਾਂ ਅਸੀਂ ਆਮ ਲੋਕ ਆਪਣੀਆਂ ਧੀਆਂ ਨੂੰ ਕਿਹੜੇ ਵਾੜੇ ਅੰਦਰ ਤਾੜ ਦੇਈਏ?

*੨੮, ਪ੍ਰੀਤ ਨਗਰ, ਲੋਅਰ ਮਾਲ,*
*ਪਟਿਆਲਾ।*
*ਫੋਨ ਨੰ: ੦੧੭੫-੨੨੧੬੭੮੩*

## ਭਰੂਣ ਹੱਤਿਆ

*— ਮਹਿੰਦਰ ਕੌਰ ਦਾਸੀ*

ਭਰੂਣ ਹੱਤਿਆ ਦਾ ਕਾਰਨ ਕੌਣ ਹੁੰਦੇ,
ਦੱਸਾਂ ਖੋਲ੍ਹ ਕੇ ਮੈਂ ਕਹਾਣੀਆਂ ਇਹ।
ਜ਼ੁਲਮ ਕਰਨ ਉਹ ਜੋ ਫਿਰਨ ਵੇਹਲੇ,
ਤੱਕਦੇ ਰਹਿਣ ਬੱਚੀਆਂ ਨਿਮਾਣੀਆਂ ਇਹ।

ਖੋਹਲ ਦੱਸਾਂ ਮੈਂ ਪਾਠਕੋ ਜ਼ੁਲਮ ਸਾਰੇ,
ਮੇਰੀ ਕਲਮ ਦੇ ਮੁਖੜੇ ਖੁਲ੍ਹ ਜਾਵਣ।
ਪੜ੍ਹਨ ਵਾਲਿਆਂ ਤੋਂ ਜ਼ੁਲਮ ਨਾ ਜਾਏ ਪੜ੍ਹਿਆ
ਨੀਰ ਨੈਣਾਂ ਦੇ ਵਿਚੋਂ ਡੁਲ੍ਹ ਜਾਵਣ।

ਚਾਰ ਸਾਲ ਦੀਆਂ ਬੱਚੀਆਂ ਨਾ ਖੇਡ ਸੱਕਣ
ਨਾਲ ਗੱਲਾਂ ਦੇ ਜੇਹੜੇ ਖਰੋਚ ਲੈਂਦੇ।
ਕਈ ਉਹ ਨੇ ਜਿਨ੍ਹਾਂ ਦੀ ਸ਼ਰਮ ਲੱਥੀ,
ਫੜ ਫੜ ਕੇ ਅੰਦਰ ਦਬੋਚ ਲੈਂਦੇ।

ਜਾਨ ਕੱਢ ਕੇ ਕੱਚੀਆਂ ਕਲੀਆਂ ਦੀ,
ਲਾਸ਼ ਬੱਚੀ ਦੀ ਕਰ ਅਲੋਪ ਦੇਂਦੇ।

ਦੋਸ਼ ਮਾਪਿਆਂ ਮੁਖ ਤੇ ਮੜ੍ਹੀ ਜਾਵਣ
ਜਨਮ ਕੁੜੀਆਂ ਦੇ ਦੇਣ ਤੋਂ ਉੱਕਦੇ ਨੇ।
ਪੁੱਛੋ ਪਾਪੀਆਂ ਨੂੰ ਜੇਹੜੇ ਪਾਪ ਕਰਦੇ,
ਵਿਚ ਗਲੀਆਂ ਦੇ ਫਿਰਨ ਉਹ ਬੁੱਕਦੇ ਨੇ।

'ਦਾਸੀ' ਆਖਦੀ ਬਣੇ ਕਾਨੂੰਨ ਐਸਾ
ਪਾਪੀ ਪਾਪ ਕਰਨ ਤੋਂ ਰੁਕ ਜਾਵਣ।
ਡਰ ਰਹੇ ਨਾ ਇਹਨਾਂ ਬੱਚੀਆਂ ਨੂੰ
ਭਰੂਣ ਹੱਤਿਆ ਤੋਂ ਮਾਪੇ ਵੀ ਰੁਕ ਜਾਵਣ।

*ਪਿੰਡ ਤੇ ਡਾਕਖਾਨਾ ਬੁੱਢੀਮਾੜੀ*
*ਸਿਰਸਾ (ਹਰਿਆਣਾ)*



Namdhari Elibrary NamdhariElibrary@gmail.com

# ਮਨੁੱਖੀ ਰਿਸ਼ਤਿਆਂ ਦਾ ਤਾਣਾ-ਬਾਣਾ

*—ਵਰਿਆਮ ਸਿੰਘ ਸੰਧੂ*



ਮੇਰੀ ਕਹਾਣੀ ਵਿੱਚ ਰਾਜਨੀਤਕ ਚੇਤਨਾ ਅਤੇ ਕਿਰਸਾਣੀ ਸਮਾਜ ਦੀ ਪੇਸ਼ਕਾਰੀ ਤੋਂ ਇਲਾਵਾ ਆਲੋਚਕਾਂ ਵੱਲੋਂ ਜਿਹੜੀ ਗੱਲ ਨੋਟ ਕੀਤੀ ਗਈ ਉਹ ਹੈ ਬਦਲਦੇ ਆਰਥਕ-ਸਮਾਜਕ ਪਰਸੰਗਾਂ ਕਾਰਨ ਰਿਸ਼ਤਿਆਂ ਵਿੱਚ ਪੈ ਰਹੀਆਂ ਤ੍ਰੇੜਾਂ ਦੀ ਗੱਲ ਮੈਂ ਆਪਣੇ ਤੋਂ ਵਡੇਰੇ ਅਤੇ ਕਿਰਸਾਣੀ ਸਮਾਜ ਦੇ ਪ੍ਰਮਾਣਿਕ ਲੇਖਕਾਂ ਕੁਲਵੰਤ ਸਿੰਘ ਵਿਰਕ ਅਤੇ ਸੰਤ ਸਿੰਘ ਸੇਖੋਂ ਦੀਆਂ ਕਹਾਣੀਆਂ 'ਤੇ ਜਦੋਂ ਨਜ਼ਰ ਮਾਰਦਾ ਹਾਂ ਤਾਂ ਮੈਨੂੰ ਉਹਨਾਂ ਦੀਆਂ ਕਹਾਣੀਆਂ ਨਾਲੋਂ ਆਪਣੀਆਂ ਕਹਾਣੀਆਂ ਵਿੱਚ ਵਸਤੂ ਅਤੇ ਦ੍ਰਿਸ਼ਟੀ ਦੇ ਪੱਖੋਂ ਇੱਕ ਸਪਸ਼ਟ ਫ਼ਰਕ ਨਜ਼ਰ ਆਉਂਦਾ ਹੈ। ਅਸਲ ਵਿੱਚ ਇਹ ਫ਼ਰਕ ਸਮੇਂ ਦਾ ਫ਼ਰਕ ਹੈ। ਉਹਨਾਂ ਨੇ ਆਪਣੇ ਦੌਰ ਵਿੱਚ ਆਈਆਂ ਤਬਦੀਲੀਆਂ ਨੂੰ ਫੜਨਾ ਸੀ ਤੇ ਮੈਂ ਆਪਣੇ ਦੌਰ ਵਿੱਚ ਆਈਆਂ ਤਬਦੀਲੀਆਂ ਨੂੰ। ਇਹਨਾਂ ਦੀਆਂ, ਵਿਸ਼ੇਸ਼ ਕਰਕੇ ਵਿਰਕ ਦੀਆਂ ਕਹਾਣੀਆਂ ਵਿੱਚ ਸੰਗਠਿਤ ਕਿਰਸਾਣ ਭਾਈਚਾਰੇ, ਜ਼ਾਤ-ਬਰਾਦਰੀ ਦੇ ਆਪਸੀ ਮਾਣ ਦਾ ਜ਼ਿਕਰ ਹੈ। ਹੌਲੀ ਹੌਲੀ ਇਹ ਸੰਗਠਿਤ ਭਾਈਚਾਰਾ ਉਸਦੀਆਂ ਕਹਾਣੀਆਂ ਵਿੱਚ ਟੁੱਟਣਾ ਤੇ ਖੁੱਲ੍ਹਣਾ ਸ਼ੁਰੂ ਹੋ ਜਾਂਦਾ ਹੈ। ਮੇਰੀਆਂ ਕਹਾਣੀਆਂ ਵਿੱਚ ਸੰਗਠਿਤ ਭਾਈਚਾਰੇ ਦੇ ਟੁੱਟਣ ਦਾ ਦ੍ਰਿਸ਼ਟਾਂਤ ਪਿੱਛੇ ਰਹਿ ਗਿਆ ਤੇ ਭਾਈਚਾਰੇ ਤੋਂ ਵੀ ਅੱਗੇ ਪਰਿਵਾਰਾਂ ਦੇ ਟੁੱਟਣ-ਤਿੜਕਣ ਦੀ ਦਾਸਤਾਂ ਸ਼ੁਰੂ ਹੁੰਦੀ ਹੈ। 'ਆਪਣਾ ਆਪਣਾ ਹਿੱਸਾ', 'ਭੱਜੀਆਂ ਬਾਹੀਂ' 'ਵਾਪਸੀ' ਤੇ 'ਸੁਨਹਿਰੀ ਕਿਣਕਾ' ਵਿੱਚ ਟੁੱਟਦੇ ਪਰਿਵਾਰਾਂ ਤੇ ਤਿੜਕਦੇ ਰਿਸ਼ਤਿਆਂ ਦਾ ਜ਼ਿਕਰ ਹੈ ਸੇਖੋਂ ਅਤੇ ਵਿਰਕ ਦੀ ਕਹਾਣੀ 'ਨਾਇਕਾਂ' ਦੀ ਕਹਾਣੀ ਹੈ ਪਰ ਮੇਰੀ ਕਹਾਣੀ ਵਿੱਚ 'ਨਾਇਕ' 'ਪਾਤਰ' ਹੋ ਗਿਆ ਹੈ ਉਹ ਭਾਈਚਾਰੇ ਜਾਂ ਬਰਾਦਰੀ ਦਾ 'ਠੇਕੇਦਾਰ' ਨਹੀਂ ਰਹਿ ਗਿਆ ਉਹਨੂੰ ਦੂਜਿਆਂ ਦੇ 'ਫਸ ਜਾਣ' ਦਾ ਫ਼ਿਕਰ ਨਹੀਂ ਸਗੋਂ ਆਪਣੀਆਂ ਫਾਹੀਆਂ ਤੋਂ ਮੁਕਤ ਹੋਣ ਦੀ ਤਿਲਮਲਾਹਟ ਹੈ। ਵਿਰਕ ਦੇ ਇਹ ਨਾਇਕ ਸੁਹਿਰਦ ਹਨ ਅਤੇ ਆਪਣੇ ਭਾਈਚਾਰੇ ਲਈ ਜਾਨ ਕੁਰਬਾਨ ਕਰਨ ਨੂੰ ਤਿਆਰ ਹਨ ਪਰ ਮੇਰੀਆਂ ਕਹਾਣੀਆਂ ਵਿੱਚ ਪਾਤਰ ਪਰ-ਹਿਤ ਦੀ ਥਾਂ ਸਵੈ-ਹਿਤ ਨਾਲ ਜੁੜੇ ਹੋਏ ਹਨ। ਮੇਰੀਆਂ ਕਹਾਣੀਆਂ ਵਿੱਚ ਤਾਂ ਭੈਣ-ਭਰਾ, ਭਰਾ-ਭਰਾ, ਪਿਓ-ਪੁੱਤਾਂ ਦੇ ਤਿੜਕਦੇ ਰਿਸ਼ਤੇ ਵੀ ਪੇਸ਼ ਹੋਏ ਹਨ।

ਅਸਲ ਵਿੱਚ ਵਿਰਕ ਦੇ ਸਮੇਂ ਜਾਗੀਰੂ ਕੀਮਤਾਂ ਤਿੜਕ ਰਹੀਆਂ ਸਨ ਉਸ ਵੇਲੇ ਪੂੰਜੀਵਾਦੀ ਕੀਮਤਾਂ ਸਾਡੇ ਜੀਵਨ ਵਿੱਚ ਪ੍ਰਵੇਸ਼ ਕਰ ਰਹੀਆਂ ਸਨ ਤੇ ਆਪਣਾ ਅਗਾਂਹਵਧੂ ਰੋਲ ਅਦਾ ਕਰ ਰਹੀਆਂ ਸਨ। ਮੇਰੀਆਂ ਕਹਾਣੀਆਂ ਦੇ ਲਿਖਣ-ਸਮੇਂ ਤੱਕ ਪਹੁੰਚਦਿਆਂ ਪੂੰਜੀਵਾਦੀ ਕੀਮਤਾਂ ਨੇ ਬੰਦੇ ਨੂੰ 'ਪੈਸੇ ਦਾ ਪੁੱਤ' ਬਣਾ ਦਿੱਤਾ ਅਤੇ ਇਸ ਦੌੜ ਵਿੱਚ ਉਹ ਆਪਣੇ ਖ਼ੂਨ ਦੇ ਰਿਸ਼ਤਿਆਂ ਤੋਂ ਵੀ ਮੁਨਕਰ ਹੋਣ ਲੱਗਾ। ਵਿਰਕ ਦੀਆਂ ਕੁੱਝ ਕਹਾਣੀਆਂ ਵਿੱਚ ਵੀ ਭਾਵੇਂ ਨਾਇਕਤਵ ਨੂੰ ਟੁੱਟਦਿਆਂ ਪੇਸ਼ ਕੀਤਾ ਗਿਆ ਹੈ ਪਰ ਮੈਂ ਆਪਣੀਆਂ ਕਹਾਣੀਆਂ ਵਿੱਚ ਪਹਿਲੀ ਵਾਰ ਜਟਕੀ ਹਉਂ ਦੇ ਖੋਖਲੇਪਨ ਨੂੰ ਉਜਾਗਰ ਕੀਤਾ ਅਤੇ ਕਿਰਸਾਣ ਦੇ 'ਜੱਟ ਸਰਦਾਰ' ਹੋਣ ਦੇ ਭਰਮ ਦਾ ਨਿਵਾਰਣ ਕਰਦਿਆਂ ਉਸਨੂੰ ਹਕੀਕਤ ਦੇ ਰੂਬਰੂ ਹੁੰਦਾ ਵਿਖਾਇਆ ਹੈ ਜੱਟ-ਕਿਰਸਾਣੀ ਦੀਆਂ ਜ਼ਮੀਨਾਂ ਗਹਿਣੇ ਪੈਣ ਤੇ ਹੌਲੀ ਹੌਲੀ ਵਿਕ ਜਾਣ ਨਾਲ ਉਸਦੇ 'ਕੰਮੀ-ਕਮੀਣ' ਬਣ ਜਾਣ ਦੀ ਪ੍ਰਕਿਰਿਆ ਪਹਿਲੀ ਵਾਰ ਮੇਰੀਆਂ ਕਹਾਣੀਆਂ ਰਾਹੀਂ ਹੀ ਪੇਸ਼ ਹੋਈ।

ਮਨੁੱਖੀ ਰਿਸ਼ਤਿਆਂ ਦੇ ਅਸਹਿਜ ਹੋਣ ਦੀ ਕਹਾਣੀ ਮੈਂ ਕੇਵਲ ਚੌਗਿਰਦੇ ਵਿਚੋਂ ਐਵੇਂ ਉਡਦੇ ਜਾਂਦਿਆਂ ਹੀ ਨਹੀਂ ਫੜੀ। ਇਸਦਾ ਮੇਰੇ ਚੌਗਿਰਦੇ ਅਤੇ ਮੇਰੇ ਆਪੇ ਨਾਲ ਵੀ ਗਹਿਰਾ ਰਿਸ਼ਤਾ ਹੈ। ਪਹਿਲਾਂ ਤਾਂ ਮੈਂ ਆਪਣੇ ਪਿਤਾ ਦੇ ਨਸ਼ੱਈ ਹੋ ਜਾਣ ਸਮੇਂ ਉਸ ਨਾਲ ਜੁੜੇ ਤਣਾਓਸ਼ੀਲ ਰਿਸ਼ਤੇ ਵਿਚੋਂ ਗੁਜ਼ਰਿਆ ਹੀ ਸਾਂ ਅਤੇ ਉਸਦੀ ਉਮਰ ਦੇ ਪਿਛਲੇ ਚਾਰ-ਪੰਜ ਸਾਲ ਸਾਡੇ ਸੰਬੰਧ ਸੁਖਾਵੇਂ ਨਹੀਂ ਸਨ ਰਹਿ ਗਏ। ਉਸਦੀ ਮੌਤ ਪਿੱਛੋਂ ਮੇਰੇ ਸਮੇਤ ਸਾਰੇ ਪਰਿਵਾਰ ਦੀ ਮਾਨਸਿਕ ਦਸ਼ਾ ਦਾ ਵਰਨਣ 'ਅੰਗ-ਸੰਗ' ਕਹਾਣੀ ਵਿਚੋਂ ਵੇਖਿਆ ਜਾ ਸਕਦਾ ਹੈ। ਕਹਾਣੀ ਵਿੱਚ ਜਦੋਂ ਮੁੱਖ-ਪਾਤਰ ਅਮਰੀਕ ਨੂੰ ਆਪਣੇ ਪਰਵਾਰ ਦੇ ਜੀਆਂ ਕੋਲੋਂ ਪਿਤਾ ਵੱਲੋਂ ਚੁੱਕੇ ਕਰਜ਼ਿਆਂ ਅਤੇ ਗਹਿਣੇ ਪਈ ਜ਼ਮੀਨ ਦਾ ਪਤਾ ਲੱਗਦਾ ਹੈ ਤਾਂ ਉਹ ਕਹਿੰਦਾ ਹੈ-

"ਇਸ ਹਿਸਾਬ ਨਾਲ ਤਾਂ ਜਿਹੜੀ ਦੋ ਕਿੱਲੇ ਬਚਦੀ ਸੀ, ਜੇ ਜਿਊਂਦਾ ਰਹਿੰਦਾ ਤਾਂ ਉਹ ਵੀ ਗਹਿਣੇ ਪੈ ਜਾਣੀ ਸੀ ਤੇ ਪਿੱਛੇ ਰਹਿ ਜਾਣਾ ਸੀ।" ਗੱਲ ਅਜੇ ਅਮਰੀਕ ਦੇ ਮੂੰਹ ਵਿੱਚ ਹੀ ਸੀ ਕਿ ਛੋਟਾ ਮਹਿੰਦਰ ਬੋਲ ਪਿਆ, "ਪਿੱਛੇ ਰਹਿ ਜਾਣਾ ਸੀ ਠੁਣਠੁਣ ਗੁਪਾਲ। ਓ ਮੈਂ ਤਾਂ ਆਹਨਾਂ ਭਾ ਜੀ ਅਜੇ ਵੀ ਵੇਲੇ ਸਿਰ ਮਰ ਗਿਆ। ਚੰਗਾ ਈ ਹੋਇਆ ਇਹ



Namdhari Elibrary NamdhariElibrary@gmail.com

ਵੀ।" ਗੱਲ ਕਰਕੇ ਮਹਿੰਦਰ ਫਿੱਕਾ ਜਿਹਾ ਹੱਸਿਆ। ਉਸਦੇ ਹਾਸੇ ਵਿੱਚ ਨਾ ਕੋਈ ਖ਼ੁਸ਼ੀ ਸੀ ਤੇ ਨਾ ਹੀ ਕੋਈ ਦਰਦ। ਅਜੀਬ ਤਰ੍ਹਾਂ ਦਾ ਇੱਕ ਬੇਰੰਗ ਹਾਸਾ। ਹਨੇਰੇ ਵਿੱਚ ਹੀ ਪਰਿਵਾਰ ਦੇ ਹੋਰ ਵੀ ਇੱਕ-ਦੋ ਜੀਅ ਹੌਲੀ ਜਿਹੀ ਹੱਸੇ ਇੰਜ ਲੱਗਦਾ ਸੀ ਜਿਵੇਂ ਉਹਨਾਂ ਨੂੰ ਮਹਿੰਦਰ ਦੀ ਆਖੀ ਗੱਲ ਸਰਬਸੰਮਤੀ ਨਾਲ ਪਰਵਾਨ ਸੀ ਤੇ ਉਹ ਇਸ 'ਘਰ ਦੇ ਸਾਈਂ' ਦੇ 'ਵੇਲੇ ਸਿਰ' ਤੁਰ ਜਾਣ 'ਤੇ ਜਿਵੇਂ ਸੁਰਖ਼ਰੂ ਹੋਏ ਮਹਿਸੂਸ ਕਰ ਰਹੇ ਸਨ।

ਇਸ ਕਹਾਣੀ ਦਾ ਬਹੁਤ ਸਾਰਾ ਹਿੱਸਾ ਭਾਵੇਂ ਮਨੋ-ਕਲਪਨਾ 'ਤੇ ਆਧਾਰਿਤ ਹੈ ਅਤੇ ਕਹਾਣੀ ਵਿਚਲੇ ਪਿਓ ਨੂੰ 'ਮਾੜਾ' ਵਿਖਾਉਣ ਵਾਲੇ ਸਾਰੇ ਵੇਰਵੇ ਮੇਰੇ ਪਿਤਾ ਨਾਲ ਸੰਬੰਧਤ ਨਹੀਂ ਪਰ ਉਸਦੀ ਮੌਤ 'ਤੇ ਮੁੱਖ-ਪਾਤਰ ਦੇ ਛੋਟੇ ਭਰਾ ਵੱਲੋਂ ਕੀਤੀ ਟਿੱਪਣੀ ਅਤੇ ਉਸ ਟਿੱਪਣੀ ਬਾਰੇ ਪਰਿਵਾਰ ਦਾ ਪ੍ਰਤੀਕਰਮ ਹਕੀਕਤ ਦੇ ਐਨ ਨੇੜੇ ਹੈ। ਇਸਤੋਂ ਵੱਡਾ ਦੁਖਾਂਤ ਕੀ ਹੋ ਸਕਦਾ ਹੈ ਕਿ ਆਪਣੇ ਪਿਤਾ ਅਤੇ ਪਰਿਵਾਰ ਦੇ ਮੁਖੀ ਦੀ ਮੌਤ 'ਤੇ ਪਰਿਵਾਰ ਦੇ ਜੀਆਂ ਵੱਲੋਂ ਸੁਖ ਦਾ ਅਨੁਭਵ ਕੀਤਾ ਜਾਵੇ, ਜਿਸਦੀ ਉਮਰ ਵੀ ਅਜੇ ਕੇਵਲ ਪੰਜਤਾਲੀ-ਛਿਆਲੀ ਸਾਲ ਸੀ।

ਇਹ ਉਹੋ ਪਿਓ ਸੀ ਜਿਸ ਨੂੰ ਮੈਂ ਛੋਟੇ ਹੁੰਦੇ ਅੰਤਾਂ ਦਾ ਲਾਡ-ਪਿਆਰ ਕਰਦਾ ਸਾਂ। ਹਰ ਵੇਲੇ ਜਿਸਦੀ ਉਂਗਲੀ ਫੜ੍ਹੀ 'ਗਿਰਧਾਰੀ ਲਾਲ' ਬਣਿਆਂ ਰਹਿੰਦਾ ਸਾਂ। ਜਿਸਨੇ ਮੇਰੇ ਅੰਦਰ ਸਾਹਿਤ ਪੜ੍ਹਨ ਅਤੇ ਪਿਆਰਨ ਦੇ ਪਹਿਲੇ ਬੀਜ ਬੀਜੇ ਸਨ। ਜਿਹੜਾ ਸੁਭਾ ਦਾ ਏਨਾ ਧੀਰਾ ਅਤੇ ਸਹਿਜ ਸੀ ਕਿ ਉਸਨੂੰ ਭਾਈਚਾਰੇ ਦੇ ਕਿਸੇ ਬੰਦੇ ਨਾਲ ਮੈਂ ਕਦੀ ਗੁੱਸੇ ਹੁੰਦਿਆਂ ਜਾਂ ਲੜਦਿਆਂ ਨਹੀਂ ਸੀ ਵੇਖਿਆ। ਜਿਸਦੀ ਲੰਮੀ ਛਾਲ ਦੀ ਪਿੰਡ ਦੇ ਬਜ਼ੁਰਗ ਮਾਣ ਨਾਲ ਗੱਲ ਕਰਦੇ ਸਨ; ਜਿਹੜਾ ਵਾਢੀ ਜਾਂ ਗੋਡੀ ਕਰਦਾ ਸੀ ਤਾਂ ਦੂਜਿਆਂ ਤੋਂ ਦੋ-ਦੋ ਕਰਮਾਂ ਅੱਗੇ ਨਿਕਲ ਜਾਂਦਾ ਸੀ। ਜਿਸਨੇ ਮੈਨੂੰ ਆਪਣੇ ਖ਼ੂਨ ਨਾਲ ਸਿੰਜੇ ਜਾਣ ਵਾਲਾ ਬੂਟਾ ਆਖਿਆ ਸੀ ਅਤੇ ਜਿਸਨੂੰ ਵੱਡਾ ਹੋ ਕੇ ਛਾਂ ਅਤੇ ਫ਼ਲ ਦੇਣ ਦਾ ਮੈਂ ਵਚਨ ਦਿੱਤਾ ਸੀ। ਜਿਹੜਾ ਆਮ ਮਾਪਿਆਂ ਤੋਂ ਉਲਟ ਮੇਰੇ ਖ਼ਤਰਨਾਕ ਸਮਝੇ ਜਾਣ ਵਾਲੇ ਸ਼ੁਰੂਆਤੀ ਸਿਆਸੀ ਜੀਵਨ 'ਤੇ ਮਾਣ ਕਰਦਾ ਸੀ ਅਤੇ ਮੇਰੇ ਸਾਥੀਆਂ ਨੂੰ 'ਭਗਤ ਸਿੰਘ' ਦਾ ਨਵਾਂ ਰੂਪ ਸਮਝ ਕੇ ਪਿਆਰਦਾ ਸੀ; ਜਿਸਨੇ ਮੇਰੀ ਲਿਖਤ ਅਤੇ ਅਮਲ ਦਾ ਮੁੱਲ ਪਾਉਂਦਿਆਂ ਮੈਨੂੰ 'ਵਗਦੇ ਦਰਿਆ' ਵਰਗੀ ਮਾਣ-ਮੱਤੀ ਤੁਲਨਾ ਦਿੱਤੀ ਸੀ; ਜਿਹੜਾ ਦਹਾਕਾ ਪਹਿਲਾਂ ਪੜ੍ਹੀ ਮੇਰੀ ਕਵਿਤਾ ਵਿੱਚ ਅਚੇਤ ਹੀ ਦਿੱਤੇ ਸੁਨੇਹੇ ਦਾ ਆਦਰ ਕਰਦਿਆਂ ਮੈਨੂੰ ਮਰਜ਼ੀ ਨਾਲ ਵਿਆਹ ਕਰਨ ਦੀ ਖੁੱਲ੍ਹ ਦੇਣ ਲਈ ਤਿਆਰ ਸੀ। ਅਜਿਹੇ ਮਨੁੱਖ ਦੇ ਸਮੁੱਚੇ ਕਿਰਦਾਰ ਅਤੇ ਜੀਵਨ ਇਤਿਹਾਸ 'ਤੇ ਤਾਂ ਪੋਚਾ ਨਹੀਂ ਸੀ ਫੇਰਿਆ ਜਾ ਸਕਦਾ! ਉਹ ਹਾਲਾਤ ਦੇ ਦਬਾਓ ਅਧੀਨ ਜੇ ਨਸ਼ੇ ਕਰਨ ਲੱਗ ਪਿਆ ਸੀ ਤਾਂ ਇਸ ਵਿੱਚ ਉਸ ਇਕੱਲੇ ਦਾ ਕੀ ਕਸੂਰ ਸੀ। ਕੁੱਝ ਕਸੂਰ ਉਸਨੂੰ ਨਾ ਸਮਝਣ ਵਾਲੇ ਪਰਿਵਾਰ ਦੇ ਜੀਆਂ ਦਾ ਵੀ ਤਾਂ ਸੀ ਜਿਹੜੇ ਉਸਨੂੰ ਢਹਿੰਦੇ ਦਿਨਾਂ ਵਿੱਚ ਮਾਨਸਿਕ ਆਸਰਾ ਦੇਣ ਦੀ ਥਾਂ ਉਸ ਨੂੰ 'ਮਾੜਾ-ਚੰਗਾ' ਆਖ ਕੇ ਨਿੰਦਦੇ ਰਹੇ ਸਨ ਅਤੇ ਉਸਨੂੰ ਹੀਣ-ਭਾਵਨਾ ਵਿੱਚ ਗ਼ਰਕ ਜਾਣ ਦੇਣ ਲਈ ਖ਼ੁਦ ਵੀ ਜ਼ਿੰਮੇਵਾਰ ਸਨ। ਕੁੱਝ ਵੀ ਸੀ ਪਿਤਾ ਦੀ ਮੌਤ 'ਤੇ ਹੋਏ 'ਸੁਰਖ਼ਰੂਈਅਤ ਦੇ ਅਹਿਸਾਸ' ਨੇ ਦੱਸ ਦਿੱਤਾ ਸੀ ਕਿ ਬੰਦੇ ਅਤੇ ਲਹੂ ਦਾ ਰਿਸ਼ਤਾ ਹੀ ਸਭ ਕੁੱਝ ਨਹੀਂ ਹੁੰਦਾ। ਰਿਸ਼ਤੇ ਵੀ ਪੈਸੇ ਦੀ ਟੁਣਕਾਰ 'ਤੇ ਪਰਖੇ ਜਾਂਦੇ ਨੇ। ਰਿਸ਼ਤੇ ਤਾਂ ਆਪਣੀਆਂ ਗਰਜ਼ਾਂ ਨਾਲ ਬੱਝੇ ਹੁੰਦੇ ਨੇ। ਗਰਜ਼ ਪੂਰੀ ਕਰਦਾ ਰਿਸ਼ਤਾ ਮੋਹ ਵੀ ਦਿੰਦਾ ਹੈ ਤੇ ਮਹਿਕ ਵੀ 'ਲੱਡੂ ਮੁੱਕਣ' ਅਤੇ 'ਯਰਾਨੇ ਟੁੱਟਣ' ਦੀ ਲੋਕ-ਬੋਲੀ ਕਿਸੇ ਐਵੇਂ ਰਾਹ ਜਾਂਦਿਆਂ ਨਹੀਂ ਸੀ ਜੋੜ ਦਿੱਤੀ, ਇਸ ਦੇ ਪਿੱਛੇ ਸਮਿਆਂ 'ਚੋਂ ਕਸ਼ੀਦੇ ਸੱਚ ਦੀ ਪ੍ਰਮਾਣਿਕਤਾ ਬੋਲਦੀ ਸੀ।

ਪਿਤਾ ਦੀ ਮੌਤ ਤੋਂ ਕੁੱਝ ਚਿਰ ਪਹਿਲਾਂ ਮੇਰੀ ਦਾਦੀ ਮਾਂ ਹਰਨਾਮ ਕੌਰ ਵੀ ਇਸ ਦੁਨੀਆਂ ਨੂੰ ਅਲਵਿਦਾ ਕਹਿ ਗਈ ਬਾਪੂ ਹਕੀਕਤ ਸਿੰਘ ਹੁਣ ਇਕੱਲਾ ਰਹਿ ਗਿਆ ਅਤੇ ਸਾਡੇ ਨਾਲ ਹੀ ਰੋਟੀ ਖਾਣ ਲੱਗ ਪਿਆ ਸੀ। ਮੇਰੀਆਂ ਦੋਵਾਂ ਭੈਣਾਂ ਦੇ ਰਿਸ਼ਤੇ ਬਾਪੂ ਨੇ ਆਪਣੀ ਮਰਜ਼ੀ ਨਾਲ ਕੀਤੇ ਸਨ ਭੈਣਾਂ ਦੇ ਵਿਆਹਾਂ ਦਾ ਖ਼ਰਚਾ ਤਾਂ ਮੇਰੇ ਪਿਤਾ ਨੇ ਆਪਣੇ ਸਿਰ-ਬ-ਸਿਰ ਔਖੇ-ਸੌਖੇ ਹੋ ਕੇ ਕੀਤਾ ਪਰ ਵਿਆਹਾਂ ਤੋਂ ਪਿੱਛੋਂ ਬਾਪੂ ਨੇ ਦੋਵਾਂ ਕੁੜੀਆਂ ਨੂੰ ਸਹੁਰੇ ਘਰ ਮਾਣ ਅਤੇ ਸ਼ਾਨ ਨਾਲ ਵਸਾਉਣ ਲਈ ਅਤੇ ਆਪਣੀ 'ਸਰਦਾਰੀ-ਸ਼ਾਨ' ਵਿਖਾਉਣ ਲਈ ਅਜਿਹਾ ਵਿਹਾਰ ਸ਼ੁਰੂ ਕੀਤਾ ਜਿਹੜਾ ਉਹਦੇ ਆਪਣੇ ਲਈ ਵੀ ਤੇ ਸਾਡੇ ਸਾਰੇ ਪਰਿਵਾਰ ਲਈ ਵੀ ਸੰਕਟ ਦਾ ਕਾਰਨ ਬਣ ਗਿਆ।

ਮੇਰੇ ਦੋਵੇਂ ਭਣਵੱਈਏ ਨਿਮਨ-ਕਿਰਸਾਣੀ ਪਰਿਵਾਰਾਂ ਨਾਲ ਸੰਬੰਧਤ ਸਨ। ਪਹਿਲਾਂ ਮੇਰੇ ਤੋਂ ਦੂਜੇ ਥਾਂ ਵਾਲੀ ਭੈਣ ਗੁਰਮੀਤੋ ਦਾ ਵਿਆਹ ਹੋਇਆ। ਬਾਪੂ ਨੇ ਆਪਣੀ ਕੁੱਝ ਜ਼ਮੀਨ ਵੇਚੀ ਅਤੇ ਭੈਣ ਦੇ ਨਾਂ 'ਤੇ ਉਹਦੇ ਸਹੁਰੇ ਪਿੰਡ ਕੋਰੋਂਵਾਲ ਚਾਰ-ਪੰਜ ਏਕੜ ਜ਼ਮੀਨ ਉਸਨੂੰ ਗਹਿਣੇ ਲੈ ਕੇ ਦੇ ਦਿੱਤੀ ਲੋੜਾਂ-ਗਰਜ਼ਾਂ ਦਾ ਹੀ ਆਦਰ ਮਾਣ ਹੈ ਅਗਲੇ ਉਸਨੂੰ 'ਬਾਪੂ ਜੀ-ਬਾਪੂ ਜੀ' ਆਖਦਿਆਂ ਨਾ ਥੱਕਣ ਉਹਨਾਂ ਦੇ ਪਿੰਡ ਵਿੱਚ ਵੀ ਬਾਪੂ ਦੀ 'ਬੱਲੇ! ਬੱਲੇ!' ਹੁੰਦੀ ਸੀ ਬਾਪੂ ਨੇ ਤਾਂ ਉਹਨਾਂ ਨੂੰ ਮਹੀਨੇ ਦਾ ਸੌਦਾ-ਸੂਤ ਵੀ ਪਵਾ ਕੇ ਦੇਣਾ ਸ਼ੁਰੂ ਕਰ ਦਿੱਤਾ ਉਹ ਦਸ-ਪੰਦਰਾਂ ਦਿਨ ਓਥੇ ਰਹਿੰਦਾ



Namdhari Elibrary NamdhariElibrary@gmail.com

ਤੇ ਦਸ-ਪੰਦਰਾਂ ਦਿਨ ਸਾਡੇ ਕੋਲ ਲਾ ਜਾਂਦਾ ਭੈਣ ਦੇ ਸਹੁਰੇ ਤਾਂ ਚਾਹੁੰਦੇ ਸਨ ਕਿ ਇਹ ਸੋਨੇ ਦੀ ਮੁਰਗੀ ਹਰ ਵੇਲੇ ਉਹਨਾਂ ਦੀ ਮੁੱਠੀ ਵਿੱਚ ਰਹੇ; ਪਰ ਫਿਰ ਕੁੱਝ ਚਿਰ ਲਈ ਬਾਪੂ ਨੂੰ ਮਜਬੂਰੀ ਵੱਸ ਕਾਂਟਾ ਬਦਲਣਾ ਪੈ ਗਿਆ। ਜਦੋਂ ਮੇਰੇ ਤੋਂ ਛੋਟੀ ਮੇਰੀ ਭੈਣ ਸੁਰਜੀਤ ਦਾ ਰਿਸ਼ਤਾ ਹੋਇਆ ਤਾਂ ਬਾਪੂ ਨੇ ਉਸਦੇ ਵਿਆਹ ਤੋਂ ਦੋ ਮਹੀਨੇ ਬਾਅਦ ਹੀ ਆਪਣੀ ਕੁੱਝ ਹੋਰ ਜ਼ਮੀਨ ਵੇਚ ਕੇ ਉਹਦਾ ਨਵਾਂ ਤੇ ਵੱਖਰਾ ਘਰ ਪਾਉਣ ਲਈ ਪੱਕੀਆਂ ਇੱਟਾਂ ਸੁਟਵਾ ਦਿੱਤੀਆਂ ਅਤੇ ਓਥੇ ਰਹਿ ਕੇ ਆਪਣੇ ਖ਼ਰਚੇ ਅਤੇ ਆਪਣੀ ਦੇਖ-ਰੇਖ ਵਿੱਚ ਦੋ ਕਮਰਿਆਂ ਦਾ ਵੱਖਰਾ ਹਿੱਸਾ ਉਸ ਨੂੰ ਪਵਾ ਦਿੱਤਾ। ਜੇ ਦੂਜੀ ਭੈਣ ਨੂੰ ਜ਼ਮੀਨ ਲੈ ਕੇ ਦਿੱਤੀ ਸੀ ਤਾਂ ਇਹ ਕਿਉਂ ਪਿੱਛੇ ਰਹੇ! ਉਸਨੇ ਉਸਨੂੰ ਵੀ ਓਨੀ ਕੁ ਹੀ ਜ਼ਮੀਨ ਗਹਿਣੇ ਲੈ ਦਿੱਤੀ। ਹੁਣ ਦੋਵੇਂ ਭੈਣਾਂ ਦੇ ਸਹੁਰੇ ਕੋਈ ਨਾ ਕੋਈ ਇਹੋ ਜਿਹਾ ਬਹਾਨਾ ਬਣਾਉਣ ਦੀ ਕੋਸ਼ਿਸ਼ ਵਿੱਚ ਰਹਿੰਦੇ ਕਿ ਬਾਪੂ ਦੀ ਉਹਨਾਂ ਨੂੰ ਬੜੀ ਲੋੜ ਹੈ! ਬਾਪੂ ਕੁੱਝ ਦਿਨ ਉਹਨਾਂ ਕੋਲ ਆ ਕੇ ਜ਼ਰੂਰ ਰਹੇ!

ਇਹਨਾਂ ਦਿਨਾਂ ਵਿੱਚ ਮੇਰਾ ਵਿਆਹ ਹੋ ਗਿਆ ਬਾਪੂ ਵੀ ਗੋਤ ਦਾ ਢਿਲੋਂ ਸੀ ਅਤੇ ਮੇਰੀ ਪਤਨੀ ਰਜਵੰਤ ਵੀ ਝਬਾਲੀਏ ਢਿਲੋਂਆਂ ਦੀ ਧੀ ਹੋਣ ਕਰਕੇ ਉਹਨਾਂ ਦੋਵਾਂ ਨੇ ਦਾਦੇ-ਪੋਤੀ ਵਾਲਾ ਰਿਸ਼ਤਾ ਬਣਾ ਲਿਆ। ਮੇਰੀ ਪਤਨੀ ਦਾ ਪਿਤਾ ਉਹਦੇ ਬਚਪਨ ਵਿੱਚ ਹੀ ਗੁਜ਼ਰ ਗਿਆ ਹੋਣ ਕਰਕੇ ਉਹ ਪਿਓ ਦੇ ਪਿਆਰ ਤੋਂ ਵਾਂਝੀ ਰਹੀ ਸੀ। ਇਸ ਲਈ ਉਸਨੇ ਬਾਪੂ ਨਾਲ ਡੂੰਘੇ ਆਦਰ ਵਾਲਾ ਨੇੜਲਾ ਰਿਸ਼ਤਾ ਬਣਾ ਲਿਆ। ਜੇ ਕਦੀ ਬਾਪੂ ਘਰ ਦੇ ਕਿਸੇ ਜੀਅ ਨਾਲ ਕਿਸੇ ਗੱਲੋਂ ਨਰਾਜ਼ ਜਾਂ ਗੁੱਸੇ ਹੋ ਜਾਂਦਾ ਤਾਂ ਉਹ ਮੰਨਦਾ ਵੀ ਰਜਵੰਤ ਦੇ ਆਖਿਆਂ ਹੀ ਬਾਪੂ ਨੂੰ ਵੀ ਬੜੇ ਚਿਰ ਬਾਅਦ ਮਹਿਸੂਸ ਹੋਇਆ ਕਿ ਇਸ ਘਰ ਵਿੱਚ ਕੋਈ ਉਸਦਾ ਆਪਣਾ ਉਸਨੂੰ ਨੇੜਿਓਂ ਮੁਹੱਬਤ ਕਰਨ ਵਾਲਾ ਹੈ। ਪਿਛਲੇ ਸਾਲਾਂ ਵਿੱਚ ਮੇਰਾ ਪਿਓ ਤੇ ਮੈਂ ਤਾਂ ਆਪਸ ਵਿੱਚ ਹੀ ਉਲਝੇ ਰਹੇ ਸਾਂ। ਬਾਪੂ ਨਾਲ 'ਉਚੇਚਾ ਸਲੂਕ' ਕਰਨ ਦੀ ਸਾਡੇ ਕੋਲ ਵਿਹਲ ਹੀ ਕਿੱਥੇ ਸੀ! ਹੁਣ ਬਾਪੂ ਘਰ ਵਿੱਚ ਟਿਕ ਗਿਆ ਸੀ। ਕੁੜੀਆਂ ਕੋਲ ਜਾਂਦਾ ਵੀ ਤਾ ਦੋ-ਦੋ ਚਾਰ-ਚਾਰ ਦਿਨ ਲਾ ਕੇ ਵਾਪਸ ਮੁੜ ਆਉਂਦਾ। ਘਰ ਵਿੱਚ ਉਸਦੀ ਸਾਨੂੰ ਵੀ ਲੋੜ ਸੀ, ਕਿਉਂਕਿ ਘਰ ਵਿੱਚ ਮੈਂ ਅਤੇ ਮੇਰੀ ਪਤਨੀ ਹੀ ਰਹਿ ਗਏ ਸਾਂ ਜਦ ਕਿ ਮੇਰੇ ਛੋਟੇ ਭਰਾ ਅਤੇ ਭੈਣ ਨੂੰ ਨਾਲ ਲੈ ਕੇ ਬੀਬੀ ਨੇ ਖੇਤਾਂ ਵਿੱਚ ਬਹਿਕ ਉੱਤੇ ਰਹਿਣਾ ਸ਼ੁਰੂ ਕਰ ਦਿੱਤਾ ਸੀ।

ਉਹਨਾਂ ਦੇ ਬਹਿਕ ਉੱਤੇ ਜਾ ਵੱਸਣ ਦੀ ਵੀ ਆਪਣੀ ਕਹਾਣੀ ਸੀ ਮੈਂ ਬਿਜਲੀ ਦਾ ਟਿਊਬਵੈੱਲ ਤਾਂ ਲਵਾ ਲਿਆ ਸੀ ਪਰ ਨਿੱਤ ਦਿਨ-ਰਾਤ ਨੂੰ ਉਸਦੀ ਰਾਖੀ ਕਰਨ ਜਾਣ ਦੀ ਬੜੀ ਮੁਸ਼ਕਿਲ ਸੀ ਉਹਨਾਂ ਦਿਨਾਂ ਵਿੱਚ ਮੋਟਰਾਂ ਦੀਆਂ ਚੋਰੀਆਂ ਬਹੁਤ ਹੁੰਦੀਆਂ ਸਨ। ਪਹਿਲਾਂ ਤਾਂ ਮੈਂ ਰਾਤ ਨੂੰ ਆਪ ਜਾ ਕੇ ਵੀ ਬੰਬੀ ਦੀ ਰਾਖੀ ਰੱਖਦਾ ਪਰ ਪਿੱਛੋਂ ਅਸੀਂ ਆਪਣੇ ਨਾਨਕਿਆਂ ਤੋਂ ਇੱਕ ਬਜ਼ੁਰਗ 'ਮਹਿਰਾ' ਸਿੰਘ ਖੇਤਾਂ ਵਿੱਚ ਮੋਟਰ ਦੀ ਰਾਖੀ ਲਿਆ ਬਿਠਾਇਆ ਉਸਨੂੰ ਮੇਰੇ ਨਾਨਕੇ ਪਿੰਡ 'ਗੌਂਡ' ਕਹਿਕੇ ਸੰਬੋਧਨ ਕੀਤਾ ਜਾਂਦਾ ਸੀ, ਇਸ ਲਈ ਉਹ ਸਾਡਾ ਵੀ 'ਗੌਂਡ' ਹੋ ਗਿਆ ਉਹ ਮੋਟਰ ਵਾਲੇ ਕੋਠੇ ਵਿੱਚ ਰਹਿੰਦਾ। ਉਹਦਾ ਰੋਟੀ ਪਾਣੀ ਓਥੇ ਪਹੁੰਚ ਜਾਂਦਾ। ਫਿਰ ਅਸੀਂ ਬੰਬੀ ਵਾਲੇ ਕਮਰੇ ਨਾਲ ਇੱਕ ਹੋਰ ਵੱਡਾ ਪੱਕਾ ਕਮਰਾ ਛੱਤ ਲਿਆ। ਸਭ ਤੋਂ ਛੋਟੀ ਭੈਣ ਤਾਂ ਸਕੂਲ ਚਲੀ ਜਾਂਦੀ ਤੇ ਛੋਟਾ ਭਰਾ ਸੁਰਿੰਦਰ ਬੋਤੀ 'ਤੇ ਪੱਠੇ ਲੈ ਆਉਂਦਾ ਬੀਬੀ ਨੂੰ ਰੋਜ਼ ਕਾਮੇ ਦੀ ਅਤੇ ਬਾਬੇ 'ਗੌਂਡ' ਦੀ ਰੋਟੀ ਲੈ ਕੇ ਜਾਣਾ ਪੈਂਦਾ। ਅਸੀਂ ਉਸਨੂੰ ਮਹੀਨੇ ਬਾਅਦ ਸੱਠ-ਸੱਤਰ ਰੁਪਏ ਤਨਖ਼ਾਹ ਵਜੋਂ ਵੀ ਦਿੰਦੇ ਬਹਿਕ ਪਿੰਡੋਂ ਦੋ ਢਾਈ ਮੀਲ ਦੂਰ ਸੀ।

ਸ਼ਾਮ ਨੂੰ ਮੈਂ ਨਾਲ ਲੱਗ ਕੇ ਪੱਠੇ ਕੁਤਰਾਉਂਦਾ ਮਾਲ-ਡੰਗਰ ਸਾਂਭਣ ਵਿੱਚ ਵੀ ਕਾਮੇ ਅਤੇ ਸੁਰਿੰਦਰ ਦੀ ਮਦਦ ਕਰਦਾ ਮੈਂ ਨੌਕਰੀ ਵੀ ਕਰਦਾ ਸਾਂ ਹੋਰ ਵੀ ਸਾਹਿਤਕ ਅਤੇ ਸਿਆਸੀ ਰੁਝੇਵੇਂ ਹੁੰਦੇ ਸਨ। ਮੈਂ ਪੂਰੇ ਬੰਦੇ ਵਾਂਗ ਵਾਹੀ-ਖੇਤੀ ਦੇ ਕੰਮ ਨੂੰ ਸਮਰਪਿਤ ਨਹੀਂ ਸਾਂ ਹੋ ਸਕਦਾ ਇਹ ਚੰਗੀ ਗੱਲ ਸੀ ਕਿ ਮੇਰੀ ਪਤਨੀ ਮੇਰੀ ਮੀਚਾ ਵਾਲੀ ਮਿਲ ਗਈ ਸੀ ਅਤੇ ਉਸਨੇ ਹਰ ਦੁਖ-ਸੁਖ ਵਿੱਚ ਮੇਰੇ ਨਾਲ ਨਿਭਣ ਦਾ ਵਚਨ ਨਿਭਾਇਆ ਵਿਆਹ ਪਿੱਛੋਂ ਮਿਲਣ ਵਾਲੀ ਆਪਣੀ ਪਹਿਲੀ ਤਨਖ਼ਾਹ ਉਸਨੇ ਬੀਬੀ ਦੇ ਹੱਥ 'ਤੇ ਲਿਆ ਰੱਖੀ ਉਸ ਵੱਲੋਂ ਦਿੱਤਾ ਮਾਣ ਸਵੀਕਾਰ ਕਰਦਿਆਂ ਬੀਬੀ ਨੇ ਤਨਖ਼ਾਹ ਮੈਨੂੰ ਫੜਾ ਦਿੱਤੀ ਅਸੀਂ ਆਪਣੀਆਂ ਦੋਵਾਂ ਤਨਖਾਹਾਂ ਵਿਚੋਂ ਪੈਸੇ ਬਚਾ ਕੇ ਜਸਵੰਤ ਦੇ ਪੈਸੇ ਮੋੜੇ ਖੇਤਾਂ ਵਿਚਲਾ ਵੱਡਾ ਪੱਕਾ ਕਮਰਾ ਪਵਾਇਆ ਪਿਤਾ ਦਾ ਕਰਜ਼ਾ ਮੋੜਿਆ ਗਹਿਣੇ ਪਈ ਜ਼ਮੀਨ ਛੁਡਵਾਈ। ਮੈਂ ਤਨਖ਼ਾਹ ਵਿਚੋਂ ਹੀ ਵਹਾਈ ਤੇ ਖਾਦ-ਪਾਣੀ ਦਾ ਖ਼ਰਚਾ ਕਰਦਾ ਘਰ ਦੇ ਰੋਟੀ-ਟੁੱਕ ਦਾ ਖ਼ਰਚਾ ਕਰਦਾ। ਪੈਸੇ ਕਿੱਲੀ 'ਤੇ ਟੰਗੇ ਮੇਰੇ ਕੁੜਤੇ ਦੀ ਜੇਬ ਵਿੱਚ ਪਏ ਹੁੰਦੇ ਤੇ ਜਿਸਨੂੰ ਲੋੜ ਹੁੰਦੀ ਉਹ ਮੇਰੇ ਬੋਝੇ ਵਿਚੋਂ ਲੋੜ ਅਨੁਸਾਰ ਪੈਸੇ ਲੈ ਲੈਂਦਾ।

ਮੇਰੀ ਜੇਬ ਵਿਚਲੇ ਪੈਸੇ ਪਰਿਵਾਰ ਦੇ ਕੁੱਝ ਜੀਆਂ ਨੂੰ ਅਣਸੁਖਾਵੇਂ ਲੱਗਣ ਲੱਗੇ। ਸ਼ਰੀਕਾਂ ਨੇ ਮੇਰੇ ਭਰਾ ਨੂੰ ਚੁੱਕਣਾ ਸ਼ੁਰੂ ਕਰ ਦਿੱਤਾ ਕਿ 'ਉਹ (ਮੈਂ) ਤਾਂ ਪੜ੍ਹ ਗਿਆ ਹੈ ਤੇ ਦੋਵੇਂ


Namdhari Elibrary NamdhariElibrary@gmail.com

ਜੀਅ ਕਮਾਉਂਦੇ ਹਨ। ਤੂੰ ਰਹਿ ਗਿਓਂ ਅਨਪੜ੍ਹ ਦਾ ਅਨਪੜ੍ਹ! ਸਾਰੀ ਉਮਰ ਭਰਾ-ਭਰਜਾਈ ਦੇ ਹੱਥਾਂ ਵੱਲ ਵਿੰਹਦਾ ਰਹੇਂਗਾ। ਹੁਣ ਤੋਂ ਹੀ ਆਪਣਾ ਕੁੱਝ ਵੱਖਰਾ ਜੁਗਾੜ ਸ਼ੁਰੂ ਕਰ' ਭੈਣਾਂ ਵੀ ਆਉਂਦੀਆਂ ਤਾਂ ਕਰਦੀਆਂ ਰਹਿੰਦੀਆਂ, 'ਹਾਇ! ਵਿਚਾਰਾ! ਸਾਡਾ ਛੋਟਾ ਵੀਰ! ਵੱਡਾਂ 'ਚ ਬੁੱਥੇ ਮਰਾਉਣ ਜੋਗਾ ਰਹਿ ਗਿਆ ਕਿਤੇ ਚਾਰ ਅੱਖਰ ਇਹ ਵੀ ਢਿੱਡ ਵਿੱਚ ਪਾ ਲੈਂਦਾ!'

ਮੈਨੂੰ ਸਮਝ ਨਹੀਂ ਸੀ ਆਉਂਦੀ ਕਿ ਮੈਂ ਹੁਣ 'ਛੋਟੇ ਵੀਰ ਲਈ' ਕੀ ਕੁੱਝ ਕਰਾਂ? ਪਰ ਵੀਰ ਸੀ ਕਿ ਸ਼ਰੀਕਾਂ ਦੀ ਚੁੱਕ ਵਿੱਚ ਆ ਕੇ ਇੱਕ ਦੋ ਵਾਰ ਸ਼ਰਾਬ ਨਾਲ ਟੂੰਨ ਹੋ ਕੇ ਘਰ ਆਇਆ। ਇਹ ਉਸਦਾ ਸਪਸ਼ਟ ਬਗ਼ਾਵਤੀ ਰਵੱਈਆ ਸੀ। ਮੈਂ ਉਸਨੂੰ ਪਹਿਲੀ ਵਾਰ ਇਸ ਹਾਲਤ ਵਿੱਚ ਵੇਖ ਕੇ ਬਹੁਤ ਦੁਖੀ ਹੋਇਆ। ਮੈਂ ਤਾਂ ਸੋਚਿਆ ਸੀ ਕਿ ਅਸੀਂ ਦੋਵੇਂ ਭਰਾ ਰਲ-ਮਿਲ ਕੇ ਘਰ ਦੀ ਲੀਹੋਂ-ਲੱਥੀ ਗੱਡੀ ਛੇਤੀ ਹੀ ਰਾਹੇ ਪਾ ਲਵਾਂਗੇ। ਦੁਖੀ ਮਨ ਨਾਲ ਮੈਂ ਉਸਨੂੰ ਉਸਦੀ ਇਸ ਹਰਕਤੋਂ ਵਰਜਿਆ ਅਤੇ ਪਿਓ ਵਰਗੇ ਭਰਾ ਵਜੋਂ ਝਿੜਕਦਿਆਂ ਸਮਝਾਇਆ ਕਿ ਅੱਗੇ ਇਸ ਘਰ ਨੇ ਸ਼ਰਾਬ ਦੇ ਬਥੇਰੇ ਰੰਗ ਵੇਖੇ ਨੇ, ਇਸ ਲਈ ਉਹ ਕੁੱਝ ਅਕਲ ਕਰੇ। ਉਸਨੇ ਸ਼ਰਾਬ ਦੇ ਨਸ਼ੇ ਵਿੱਚ ਮੈਨੂੰ 'ਵੱਡੇ ਅਕਲ ਵਾਲੇ ਨੂੰ ਆਪਣੀ ਅਕਲ ਆਪਣੇ ਕੋਲ ਹੀ ਰੱਖਣ' ਦੀ ਸਲਾਹ ਦੇ ਮਾਰੀ ਉਸਤੋਂ ਬਾਅਦ ਵੀ ਉਹ ਮੇਰੇ ਨਾਲ ਬੋਲ-ਕੁਬੋਲ ਕਰਨ ਦਾ ਬਹਾਨਾ ਲੱਭਣ ਲੱਗਾ। ਉਸਨੂੰ ਸ਼ਹਿ ਦੇਣ ਵਾਲਾ ਕੋਈ ਨਾ ਕੋਈ ਸਾਥੀ ਬੈਠਕ ਵਿੱਚ ਵੀ ਉਸਦੇ ਨਾਲ ਆਇਆ ਬੈਠਾ ਹੁੰਦਾ ਅਤੇ ਝੂਠੀ ਮੂਠੀ ਵਿੱਚ ਪੈ ਕੇ ਉਸਨੂੰ ਸਮਝਾਉਣ ਅਤੇ 'ਵੱਡੇ ਭਰਾ ਦੀ ਇੱਜ਼ਤ ਕਰਨ' ਦੀ ਸਿੱਖਿਆ ਦੇਣ ਦਾ ਨਾਟਕ ਵੀ ਕਰਦਾ। ਘਰ ਦੀ ਗੱਡੀ ਲੀਹੇ ਪਾਉਣ ਵਾਲਾ ਮੇਰਾ ਸੁਪਨਾ ਵਿਖੰਡਤ ਹੋਣਾ ਸ਼ੁਰੂ ਹੋ ਗਿਆ।

ਮੇਰੀ ਪਤਨੀ ਨੂੰ ਤਾਂ ਸਵੇਰੇ ਸੱਤ ਵਜੇ ਸਕੂਲ ਹਾਜ਼ਰ ਹੋਣਾ ਹੁੰਦਾ ਸੀ ਅਜੇ ਉਸਦੀ ਸੁਰ ਸਿੰਘ ਦੀ ਬਦਲੀ ਨਹੀਂ ਸੀ ਹੋਈ ਉਹ ਅਜੇ ਆਪਣੇ ਪੇਕੇ ਪਿੰਡ ਝਬਾਲ ਹੀ ਡਿਊਟੀ 'ਤੇ ਜਾਂਦੀ ਸੀ। ਸੱਤ ਵਜੇ ਸਕੂਲੇ ਪਹੁੰਚਣ ਲਈ ਘਰੋਂ ਹੋਰ ਵੀ ਸੁਵੱਖਤੇ ਤੁਰਨਾ ਪੈਂਦਾ ਸੀ। ਉਹ ਸਵੇਰੇ ਸਵੇਰੇ ਸਾਰੇ ਟੱਬਰ ਦਾ ਅੰਨ-ਪਾਣੀ ਤਾਂ ਕਰ ਕੇ ਜਾ ਨਹੀਂ ਸੀ ਸਕਦੀ। ਪਰ ਉਹ ਸਵੇਰੇ ਸਭ ਲਈ ਚਾਹ-ਪਾਣੀ ਬਣਾ ਕੇ, ਨਾਸ਼ਤਾ ਤਿਆਰ ਕਰਕੇ ਅਤੇ ਵਿਹੜੇ ਵਿੱਚ ਸਾਫ਼-ਸਫ਼ਾਈ ਕਰ ਕੇ ਜਾਂਦੀ। ਉਹ ਤਾਂ ਡੰਗਰਾਂ ਵਾਲੀ ਹਵੇਲੀ ਵਿੱਚ ਵੀ ਬਹੁਕਰ ਫੇਰ ਕੇ ਜਾਂਦੀ। ਸ਼ਾਮ ਨੂੰ ਸਾਰੇ ਟੱਬਰ ਦੇ ਸਵੇਰ ਤੋਂ ਹੁਣ ਤੱਕ 'ਸਾਂਭ' ਕੇ ਰੱਖੇ ਜੂਠੇ ਭਾਂਡੇ ਵੀ ਸਾਫ਼ ਕਰਦੀ ਤੇ ਸਾਰਾ ਰੋਟੀ-ਟੁੱਕ ਵੀ ਖ਼ੁਸ਼ੀ ਖ਼ੁਸ਼ੀ ਕਰਦੀ। ਇਸਦੇ ਬਾਵਜੂਦ ਪਰਿਵਾਰ ਦੇ ਮਨਾਂ ਵਿੱਚ ਕੋਈ ਰੜਕ ਜ਼ਰੂਰ ਸੀ ਅਤੇ ਇਸੇ ਰੜਕ ਕਰਕੇ ਹੀ ਉਹਨਾਂ ਨੇ ਇੱਕ ਤਰ੍ਹਾਂ ਮੇਰੇ ਅਤੇ ਮੇਰੀ ਪਤਨੀ ਤੋਂ ਅਲੱਗ ਹੋਣ ਦਾ ਅੰਦਰੋ-ਅੰਦਰ ਫ਼ੈਸਲਾ ਕਰ ਲਿਆ ਸੀ।

ਪਿਛਲੇ ਦੋ ਕੁ ਮਹੀਨਿਆਂ ਤੋਂ ਉਹ ਸਵੇਰੇ ਮਾਲ-ਡੰਗਰ ਆਪਣੇ ਨਾਲ ਹੀ ਖੇਤਾਂ ਵਿੱਚ ਲੈ ਜਾਂਦੇ ਸਨ ਦੁੱਧ, ਖੰਡ ਅਤੇ ਰੋਟੀ-ਟੁੱਕ ਬਨਾਉਣ ਦਾ ਸਮਾਨ ਵੀ ਨਾਲ ਲੈ ਜਾਂਦੇ ਅਤੇ ਓਥੇ ਹੀ ਦੁਪਹਿਰ ਦੀ ਰੋਟੀ ਪਕਾ ਲੈਂਦੇ। ਇਸ ਰੋਸ਼ਨੀ ਵਿੱਚ ਹੀ ਇੱਕ ਦਿਨ ਬੀਬੀ ਨੇ ਆਖਿਆ, "ਪੁੱਤ ਏਨੀ ਦੂਰੋਂ ਦੋ ਢਾਈ ਮੀਲ ਦੂਰ ਜਾ ਕੇ ਵਾਹੀ ਨਹੀਂ ਹੁੰਦੀ ਸਾਰੀ ਦਿਹਾੜੀ ਰਹੀਦਾ ਤਾਂ ਬਾਹਰ ਹੀ ਹੈ, ਰਾਤ ਨੂੰ ਘਰ ਰੋਟੀ ਖਾਣ ਤੇ ਸੌਣ ਹੀ ਆਈਦਾ ਹੈ। ਮੇਰੀ ਸਲਾਹ ਹੈ ਕਿ ਆਪਾਂ ਮਾਲ ਡੰਗਰ ਬਾਹਰ ਬਹਿਕ ਤੇ ਹੀ ਲੈ ਜਾਈਏ ਤੇ ਓਥੇ ਹੀ ਟਿਕਾਣਾ ਕਰ ਲਈਏ। ਆਸੇ ਪਾਸੇ ਦੇ ਨੇੜਲੇ ਖੇਤਾਂ ਵਿੱਚ ਵੀ ਸਾਰੇ ਲੋਕ ਬਹਿਕਾਂ 'ਤੇ ਆ ਕੇ ਰਹਿਣ ਲੱਗ ਪਏ ਨੇ।"

ਜ਼ਾਹਿਰ ਸੀ ਕਿ ਇਹ ਫ਼ੈਸਲਾ ਸਾਨੂੰ ਦੋਵਾਂ ਜੀਆਂ ਨੂੰ ਵਾਰਾ ਨਹੀਂ ਸੀ ਖਾਂਦਾ। ਬੱਸ ਅੱਡੇ ਤੋਂ ਵੀ ਸਾਡਾ ਖੇਤ ਦੋ ਕੁ ਮੀਲ ਦੀ ਵਿੱਥ 'ਤੇ ਸੀ। ਖੇਤਾਂ ਨੂੰ ਜਾਂਦਾ ਰਾਹ ਵੀ ਕੱਚਾ ਸੀ। ਮੈਂ ਅਤੇ ਮੇਰੀ ਪਤਨੀ ਨੂੰ ਓਥੋਂ ਸਕੂਲ ਜਾਣਾ ਬਹੁਤ ਮੁਸ਼ਕਿਲ ਸੀ। ਇਹਨਾਂ ਦਿਨਾਂ ਵਿੱਚ ਤਾਂ ਮੇਰੀ ਪਤਨੀ ਨੂੰ ਪਹਿਲਾ ਬਾਲ ਹੋਣ ਵਾਲਾ ਸੀ। ਉਹ ਰੋਜ਼ ਖੇਤਾਂ ਵਿੱਚ ਆਉਣ-ਜਾਣ ਦਾ ਚਾਰ-ਪੰਜ ਮੀਲ ਪੈਂਡਾ ਕਿਵੇਂ ਤੁਰ ਸਕਦੀ ਸੀ। ਇਹ ਨਹੀਂ ਕਿ ਬੀਬੀ ਨੂੰ ਇਹਨਾਂ ਗੱਲਾਂ ਦਾ ਅਹਿਸਾਸ ਨਾ ਹੋਵੇ ਪਰ ਉਹ ਤਾਂ ਫ਼ੈਸਲਾ ਕਰੀ ਬੈਠੇ ਸਨ। ਮੈਂ ਉਹਨਾਂ ਦੀ ਬਾਹਰ ਰਿਹਾਇਸ਼ ਲੈ ਜਾਣ ਦੀ ਮਰਜ਼ੀ ਸੁੰਘ ਲਈ ਸੀ। ਉਹਨਾਂ ਦੇ ਇਸ ਫ਼ੈਸਲੇ ਨਾਲ ਸਹਿਮਤ ਹੋਣ ਤੋਂ, ਮੈਂ ਆਪਣੀ ਮਜਬੂਰੀ ਦੱਸ ਕੇ, ਅਸਮਰਥਾ ਪ੍ਰਗਟਾਈ। ਮੈਨੂੰ ਇਹ ਵੀ ਅਹਿਸਾਸ ਹੋ ਗਿਆ ਕਿ ਉਹਨਾਂ ਨੂੰ ਆਪਣੀ ਮਰਜ਼ੀ ਦਾ ਫ਼ੈਸਲਾ ਮੰਨਵਾਉਣ ਲਈ ਮੈਂ ਹੁਣ ਸਮਰੱਥ ਨਹੀਂ ਰਹਿ ਗਿਆ।

ਜੇ ਉਹ ਸਾਨੂੰ, ਖ਼ਾਸ ਤੌਰ 'ਤੇ ਮੇਰੀ ਪਤਨੀ ਨੂੰ ਇਸ ਹਾਲਤ ਵਿੱਚ ਛੱਡ ਕੇ ਜਾਣਾ ਚਾਹੁੰਦੇ ਸਨ ਤਾਂ ਮੈਂ ਉਹਨਾਂ ਨੂੰ ਰੋਕਣ ਵਾਲਾ ਕੌਣ ਸਾਂ। ਸ਼ਾਇਦ ਸਾਡੇ ਤੋਂ ਅਲੱਗ ਹੋਣ ਵਿੱਚ ਹੀ ਉਹਨਾਂ ਨੂੰ ਖ਼ੁਸ਼ੀ 'ਤੇ ਸਕੂਨ ਮਿਲਣ ਦੀ ਆਸ ਹੋਵੇ। ਉਹਨਾਂ ਦੇ ਇਸ ਫ਼ੈਸਲੇ ਪਿਛੇ ਕਿਹੜੇ ਦਬਾਅ ਸਨ, ਮੈਨੂੰ ਤਾਂ ਇਸਦੀ ਵੀ ਪੂਰੀ ਸਮਝ ਨਹੀਂ ਸੀ ਆ ਰਹੀ। ਸੱਚੀ ਗੱਲ ਤਾਂ ਇਹ ਹੈ ਕਿ ਉਹਨਾਂ ਦੇ ਇਸ ਫ਼ੈਸਲੇ ਨਾਲ ਮੇਰੇ ਦਿਲ ਨੂੰ ਡਾਢੀ ਸੱਟ ਵੱਜੀ। ਮੈਂ ਤਾਂ ਤਨ, ਮਨ, ਧਨ ਨਾਲ ਹਰ ਤਰ੍ਹਾਂ ਉਹਨਾਂ ਦੇ ਸੁਖ ਨੂੰ ਸਮਰਪਤਿ ਸਾਂ। ਪਰ ਉਹ ਫਿਰ



Namdhari Elibrary NamdhariElibrary@gmail.com

ਵੀ ਮੇਰੇ ਅਤੇ ਮੇਰੀ ਪਤਨੀ ਤੋਂ ਦੁਖੀ ਹੀ ਹੋਣਗੇ ਜੋ ਇਹ ਫ਼ੈਸਲਾ ਲੈਣ ਲਈ ਮਜਬੂਰ ਹੋਏ ਜਾਂ ਸੱਚ-ਮੁੱਚ ਮੈਨੂੰ ਪਰਿਵਾਰ ਦਾ 'ਆਗੂ' ਨਾ ਮੰਨਣ ਅਤੇ ਆਪਣੇ ਫ਼ੈਸਲਿਆਂ ਦਾ ਆਪ 'ਸਰਦਾਰ' ਹੋਣ ਵਿੱਚ ਹੀ ਉਹਨਾਂ ਨੂੰ ਆਪਣੀ ਭਲਾਈ ਨਜ਼ਰ ਆਉਂਦੀ ਹੋਵੇ। ਕੁੱਝ ਵੀ ਸੀ, ਅਸੀਂ ਦੋਵਾਂ ਧਿਰਾਂ ਨੇ ਉੱਤੋਂ ਉੱਤੋਂ ਸਹਿਜ ਰਹਿਣ ਦਾ ਯਤਨ ਹੀ ਕੀਤਾ ਅਤੇ ਇਸ ਨੂੰ ਸਮੇਂ ਅਤੇ ਹਾਲਾਤ ਦੀ ਲੋੜ ਮੁਤਾਬਕ ਲਿਆ ਠੀਕ ਨਿਰਣਾ ਬਣਾ ਕੇ ਹੀ ਪੇਸ਼ ਕੀਤਾ। ਮੇਰੀਆਂ ਭੈਣਾਂ ਨੇ ਵੀ ਇਸ ਫ਼ੈਸਲੇ ਨੂੰ ਰੱਦ ਕਰਵਾਉਣ ਦੀ ਕੋਈ ਕੋਸ਼ਿਸ਼ ਨਾ ਕੀਤੀ। ਸ਼ਾਇਦ ਉਹਨਾਂ ਦੀ ਵੀ ਇਹੋ ਮਰਜ਼ੀ ਸੀ ਜਾਂ ਸਾਰਾ ਕੁੱਝ ਹੋਇਆ ਹੀ ਉਹਨਾਂ ਦੀ ਮਰਜ਼ੀ ਨਾਲ ਸੀ।

ਉਹਨਾਂ ਨੇ ਕੁੱਝ ਦਿਨਾਂ ਬਾਅਦ ਹੀ ਲੋੜੀਂਦਾ ਸਮਾਨ, ਭਾਂਡੇ-ਟੀਂਡੇ, ਮੰਜੇ-ਬਿਸਤਰੇ, ਸੰਦੂਕ, ਪੇਟੀ ਤੇ ਹੋਰ ਸਾਰਾ ਕੁੱਝ ਖੇਤਾਂ ਵਿੱਚ ਢੋ ਲਿਆ। ਅਸੀਂ ਉਹਨਾਂ ਨੂੰ ਘਰੋਂ ਕੋਈ ਵੀ ਚੀਜ਼ ਚੁੱਕਣੋਂ ਨਾ ਰੋਕਿਆ। ਹੋਰ ਤਾਂ ਹੋਰ ਉਹ ਇੱਕ ਆਲੇ ਦੀਆਂ ਤਾਕੀਆਂ ਲਾਹ ਕੇ ਤੇ ਮਿੱਟੀ ਦਾ ਚਾਵਾਂ-ਚੁੱਲ੍ਹਾ ਵੀ ਚੁੱਕ ਕੇ ਲੈ ਗਏ। ਪੂਰੇ ਦਿਨਾਂ 'ਤੇ ਹੋਣ ਕਰਕੇ ਰਜਵੰਤ ਨੂੰ ਉਹਨਾਂ ਦਿਨਾਂ ਵਿੱਚ ਬੀਬੀ ਦੀ ਬੜੀ ਲੋੜ ਸੀ। ਹਾਰ ਕੇ ਮੈਂ ਉਸਨੂੰ ਉਹਦੇ ਪੇਕੇ ਪਿੰਡ ਝਬਾਲ ਭੇਜ ਦਿੱਤਾ। ਜਿੱਥੇ ਹਸਪਤਾਲ ਦੀਆਂ ਨਰਸਾਂ ਦੀ ਅਣਗਹਿਲੀ ਕਰਕੇ ਸਾਡਾ ਬੱਚਾ ਪੈਦਾ ਹੁੰਦਿਆਂ ਹੀ ਸਵਾਸ ਤਿਆਗ ਗਿਆ, ਜਿਸਦੇ ਤੁਰ ਜਾਣ ਦੀ ਟੀਸ ਅੱਜ ਵੀ ਸਾਡੇ ਅੰਦਰ ਰੜਕਦੀ ਹੈ।

ਪਰ ਬੀਬੀ ਨੂੰ ਤਾਂ 'ਛੋਟੇ ਪੁੱਤਰ' ਨੂੰ ਸਾਂਭਣ ਦਾ ਫ਼ਿਕਰ ਸੀ। ਬੀਬੀ ਨੂੰ ਵੱਡੇ ਪੁੱਤ ਦਾ ਏਨਾ ਕੁ ਫ਼ਿਕਰ ਜ਼ਰੂਰ ਸੀ ਕਿ ਉਹ ਸਾਡੇ ਲਈ ਬਾਹਰੋਂ ਵਰਤਣ ਜੋਗਾ ਦੁੱਧ ਲੈ ਕੇ ਰੋਜ਼ ਇੱਕ ਗੇੜਾ ਹੁਣ ਪਿੰਡ ਦਾ ਮਾਰਨ ਲੱਗੀ ਸੀ। ਨਿਰਾਸ਼ ਹੋ ਕੇ ਮੈਂ ਵਾਹੀ ਨਾਲੋਂ ਨਾਤਾ ਹੀ ਤੋੜ ਲਿਆ ਅਤੇ ਸਾਰੀ ਜ਼ਮੀਨ ਭਰਾ ਦੇ ਵਾਹੁਣ-ਕਮਾਉਣ ਲਈ ਛੱਡ ਦਿੱਤੀ। ਸਾਰੇ ਮਾਲ-ਡੰਗਰ ਵਿਚੋਂ ਇੱਕ ਤੋਕੜ ਮੱਝ ਹੀ ਮੇਰੇ ਹਿੱਸੇ ਵਿੱਚ ਰੱਖੀ ਗਈ, ਜਿਸਦਾ ਦੁੱਧ ਬੀਬੀ ਲੈ ਕੇ ਆਉਂਦੀ ਸੀ। ਬਾਕੀ ਸਾਰਾ ਮਾਲ-ਡੰਗਰ ਜਿਸ ਵਿੱਚ ਦੋ ਬਲਦ, ਇੱਕ ਡਾਚੀ, ਦੋ ਮੱਝਾਂ ਅਤੇ ਝੋਟੀਆਂ ਵਗੈਰਾ ਸਨ ਉਹਨਾਂ ਨੇ ਆਪੇ ਹੀ ਆਪਣੇ ਪੇਟੇ ਪਾ ਲਏ ਉਹਨਾਂ ਸੋਚਿਆ ਹੋਵੇਗਾ, ਮੈਨੂੰ ਇਹਨਾਂ ਵਿਚੋਂ ਕਾਹਦਾ ਬਣਦਾ ਹਿੱਸਾ ਦੇਣਾ ਹੈ। ਨਾਲੇ ਅਸਾਂ ਨੌਕਰੀ ਕਰਨ ਵਾਲਿਆਂ ਨੇ ਡੰਗਰਾਂ ਦਾ ਕਰਨਾ ਵੀ ਕੀ ਹੈ।

*(ਚਲਦਾ....)*

## ਸੂਬਾ ਸੁਰਿੰਦਰ ਕੌਰ ਖਰਲ ਦੀ ਪੁਸਤਕ ਦੇਸ਼ ਦੇਸ਼ਾਂਤਰ




ਸੂਬਾ ਸੁਰਿੰਦਰ ਕੌਰ ਖਰਲ ਦੀ ੯੬ ਪੰਨਿਆਂ ਦੀ ਪੁਸਤਕ 'ਦੇਸ਼ ਦੇਸ਼ਾਂਤਰ' (ਮੁੱਲ ੧੩੫/ਰੁਪੈ) ਲੋਕ ਗੀਤ ਪ੍ਰਕਾਸ਼ਨ ਚੰਡੀਗੜ੍ਹ ਨੇ ਛਾਪੀ ਹੈ। ਇਹ ਬਰਮਾ, ਥਾਈਲੈਂਡ, ਅਫਰੀਕਾ, ਪਾਕਿਸਤਾਨ ਦੇ ਮੁਲਕਾਂ ਵਿਚ ਲੇਖਕਾ ਦਾ ਆਪਣੇ ਪਤੀਦੇਵ ਸੰਤ ਭਗਵੰਤ ਸਿੰਘ ਨਾਲ ਯਾਤਰਾ ਪ੍ਰਸੰਗਾਂ ਦਾ ਸੰਗ੍ਰਹਿ ਹੈ। ਸੂਬਾ ਖਰਲ ਬਹੁਤ ਵਿਅਸਤ ਵਿਅਕਤੀ ਹਨ। ਉਹ ਨਾਮਧਾਰੀਆਂ ਦੀ ਸਤਿਗੁਰੂ ਜਗਜੀਤ ਸਿੰਘ ਜੀ ਵਲੋਂ ਥਾਪੀ ਸੂਬਾ ਵੀ ਹਨ। ਨਾਮਧਾਰੀ ਸ਼ਹੀਦਾਂ ਦੀ ਪੈੜ ਕਢਦਿਆਂ ਪਿੰਡ ਪਿੰਡ ਭਰਮਣ ਵੀ ਕੀਤਾ ਹੈ। ਬਾਲ ਸਾਹਿਤ ਤੋਂ ਲੈ ਕੇ ਕਵਿਤਾਵਾਂ ਕਹਾਣੀਆਂ ਜੀਵਨੀਆਂ ਯਾਤਰਾ ਲੇਖਾਂ ਦੀਆਂ ਪੁਸਤਕਾਂ ਵੀ ਲਿਖੀਆਂ ਹਨ ਅਤੇ ਅਖਬਾਰਾਂ ਵਿਚ ਸਿਲਸਲੇਵਾਰ ਲੇਖ ਵੀ ਲਿਖੇ ਹਨ। ਉਹਨਾਂ ਨੇ ਪੰਥਕ ਜ਼ਿੰਮੇਵਾਰੀਆਂ ਨਿਭਾਉਂਦਿਆਂ ਸੂਬਾ, ਪ੍ਰਧਾਨ, ਟਰੱਸਟੀ, ਮੈਂਬਰਾਂ ਦੀਆਂ ਅਹੁਦਾਰੀਆਂ ਤੇ ਕੰਮ ਕਰਨ ਦਾ ਸੁਭਾਗ ਵੀ ਪ੍ਰਾਪਤ ਹੋਇਆ ਹੈ। ਸੂਬਾ ਖਰਲ ਨੂੰ ਮਿਲੇ ਮਾਨ ਸਨਮਾਨਾਂ ਦੀ ਵੀ ਇਕ ਲੰਬੀ ਸੂਚੀ ਹੈ। ਸੂਬਾ ਸੁਰਿੰਦਰ ਕੌਰ ਖਰਲ ਸੰਪਰਕਸ਼ੀਲ ਵਿਅਕਤੀ ਹਨ। ਅਹਿਮ ਹਸਤੀਆਂ ਅਖਬਾਰੀ ਦੁਨੀਆ, ਸਿਆਸੀ ਅਤੇ ਸਾਹਿਤਕ ਸ਼ਖਸੀਆਂ ਨਾਲ ਸੰਪਰਕ ਰੱਖਣਾ ਉਹਨਾਂ ਦਾ ਸ਼ੌਕ ਵੀ ਹੈ ਅਤੇ ਮੁਹਾਰਤ ਵੀ। ਇਸਦੇ ਨਾਲ ਹੀ ਉਹਨਾਂ ਵਲੋਂ ਆਪਣੀਆਂ ਅਖਬਾਰੀ ਲਿਖਤਾਂ, ਰਿਪੋਰਟਾਂ ਨੂੰ ਪੁਸਤਕ ਰੂਪ ਦੇਣ ਦਾ ਉਦਮ ਵੀ ਨਿਰੰਤਰ ਜਾਰੀ ਹੈ। ਸੂਬਾ ਖਰਲ ਦੇ ਪਤੀ ਦੇਵ ਸੰਤ ਭਗਵੰਤ ਸਿੰਘ ਹਰ ਵਕਤ ਦੇ ਅਤੇ ਹਰ ਕਾਰਜ ਦੇ ਸਾਥੀ ਹਨ। ਇਹ ਪੁਸਤਕ ਬਹੁਤ ਕਾਹਲੀ ਵਿਚ ਲਿਖੀ ਅਤੇ ਛਪਵਾਈ ਗਈ ਲਗਦੀ ਹੈ। ਅਜਿਹੇ ਰੁਝੇਵੇਂ ਵਾਲੇ ਵਿਅਕਤੀ ਕੋਲ ਨਿੱਠ ਕੇ ਲਿਖਣ ਸੋਧਨ ਦਾ ਵਕਤ ਕਿਥੇ ਹੁੰਦਾ ਹੈ। ਫੇਰ ਵੀ ਬਹੁ ਮੁਲੀ ਇਤਿਹਾਸਕ, ਸਾਹਿਤਕ ਅਤੇ ਸਮਾਜਕ ਜਾਣਕਾਰੀ ਪਾਠਕ ਨੂੰ ਦਿੰਦੀ ਹੈ।

*—ਜਗਦੀਸ਼ ਸਿੰਘ ਵਰਿਆਮ*



Namdhari Elibrary NamdhariElibrary@gmail.com

# ਜਦੋਂ ਮੈਕਾਲਿਫ਼ ਮੇਰੇ ਪਿੰਡ ਰਿਹਾ

*—ਗੁਰਬਚਨ ਸਿੰਘ ਭੁੱਲਰ*

ਮੇਰੇ ਪਿੰਡ ਪਿੱਥੋ ਤੋਂ ਕੋਈ ਇਕ ਕੋਹ ਵਾਟ ਦੂਰ ਖੇਤਾਂ ਵਿਚ ਭਾਈ ਕਾਨ੍ਹ ਸਿੰਘ ਦੀ ਕੋਠੀ ਸੀ ਉਹ ਆਪ ਤਾਂ ਓਦੋਂ ਗੁਜ਼ਰ ਗਏ ਸਨ ਜਦੋਂ ਮੈਂ ਅਜੇ ਸਿਰਫ਼ ਇਕ ਸਾਲ, ਅੱਠ ਮਹੀਨੇ ਤੇ ਪੰਜ ਦਿਨਾਂ ਦਾ ਸੀ ਪਰ ਮੇਰੀ ਚੜ੍ਹਦੀ ਉਮਰ ਵਿਚ ਉਹਨਾਂ ਦੀ ਕੋਠੀ ਤੇ ਬਾਗ਼ ਪੂਰੇ ਜਲੌਅ ਨਾਲ ਕਾਇਮ ਸਨ ਉਥੇ ਜਾਣ ਦਾ ਮੌਕਾ ਮਿਲਦਾ ਤਾਂ ਮੇਰ ਬਾਪੂ ਜੀ ਇਹ ਗੱਲ ਜ਼ਰੂਰ ਯਾਦ ਕਰਦੇ ਕਿ ਜਦੋਂ ਉਹ ਸੋਲਾਂ-ਸਤਾਰਾਂ ਸਾਲ ਦੇ ਸਨ, ਮੈਕਾਲਿਫ਼ ਨਾਂ ਦਾ ਇਕ ਅੰਗਰੇਜ਼ ਵਿਦਵਾਨ ਸਿਆਲਾਂ ਵਿਚ ਕਈ ਮਹੀਨੇ ਇਸ ਕੋਠੀ ਵਿਚ ਰਹਿ ਕੇ ਗਿਆ ਸੀ ਪਇਮਾਰਤ ਦੇ ਚੁਫੇਰੇ ਦੇ ਬਾਗ਼ ਵਿਚ ਛਾਂਦਾਰ ਤੇ ਫਲਦਾਰ ਦਰੱਖਤਾਂ ਤੋਂ ਇਲਾਵਾ ਭਾਂਤਸੁਭਾਂਤੇ ਚਿਰਕਾਲੀ ਤੇ ਮੌਸਮੀ ਫੁੱਲ ਖਿੜੇ ਰਹਿੰਦੇ ਸਨ ਸਾਡੇ ਇਲਾਕੇ ਵਿਚ ਉਸ ਸਮੇਂ ਅਜਿਹੇ ਬਿਰਛ-ਬੂਟੇ ਤੇ ਫੁੱਲ-ਫਲ ਕੋਈ ਆਮ ਗੱਲ ਨਹੀਂ ਸੀ ਉਥੇ ਖਿੜਦੇ ਗੁਲਾਬ ਦੇ ਵੱਡੇ ਵੱਡੇ ਫੁੱਲ ਅੱਜ ਵੀ ਜਿਵੇਂ ਮੇਰੀਆਂ ਅੱਖਾਂ ਸਾਹਮਣੇ ਟਹਿਕ ਰਹੇ ਹਨ ਪੇਸ਼ਾਵਰ ਗ਼ੈਰ-ਪੰਜਾਬੀ ਮਾਲੀ ਹਮੇਸ਼ਾ ਹੀ ਹੱਥਾਂ ਵਿਚ ਖੁਰਪੀਆਂ ਫੜੀਂ ਕੰਮ ਵਿਚ ਰੁੱਝੇ ਦਿਖਾਈ ਦਿੰਦੇ ਕਈ ਦਿਨਾਂ ਮਗਰੋਂ ਵਾਰੀ-ਸਿਰ ਆਉਂਦੇ ਨਹਿਰੀ ਪਾਣੀ ਨਾਲ ਸਿੰਜਾਈ ਕਰਨ ਤੋਂ ਇਲਾਵਾ ਪੱਕੀ ਡੱਗੀ ਭਰ ਲਈ ਜਾਂਦੀ ਸੀ ਜੋ ਬਾਕੀ ਦਿਨਾਂ ਨੂੰ ਬੂਟੇ ਸਿੰਜਣ ਦੇ ਕੰਮ ਆਉਂਦੀ ਪਰਿਵਾਰ ਦਾ ਇਕ ਪੱਕਾ ਘਰ ਪਿੰਡ ਵਿਚ ਵੀ ਸੀ ਸਮੇਂ ਸਮੇਂ ਜਦੋਂ ਕੋਈ ਨਾਭੇ ਤੋਂ ਆਉਂਦਾ, ਦੋਵੇਂ ਥਾਂ ਰੌਣਕ ਹੋ ਜਾਂਦੀ ਪੱਕਾ ਵਸਨੀਕ ਤਾਂ ਸਿਰਫ਼ ਹਰਸ਼ਾ ਸਿੰਘ ਸੀ ਜੋ ਸਾਰੇ ਕੰਮਕਾਜ ਦਾ ਮੁਖ਼ਤਿਆਰ ਸੀ

ਮੈਨੂੰ ਇਹ ਕੋਠੀ ਤੇ ਬਾਗ਼ ਦੇਖਣ ਦਾ ਮੌਕਾ ਕਈ ਵਾਰ ਮਿਲਿਆ ਇਹਦਾ ਇਕ ਵੱਖਰਾ ਹੀ ਕਾਰਨ ਸੀ ਫ਼ੌਜ ਵਿਚੋਂ ਸੇਵਾਮੁਕਤ ਹੋ ਕੇ ਆਏ ਬਾਪੂ ਜੀ ਸ਼ੌਕੀਆ ਵੈਦਗੀ ਕਰਦੇ ਸਨ ਆਂਢ-ਗੁਆਂਢ ਤੋਂ ਇਲਾਵਾ ਖਾਸ ਕਰਕੇ ਉਹ ਸਾਡੇ ਘਰ ਤੋਂ ਕੁਛ ਹੀ ਦੂਰ ਵਸੇ ਹੋਏ ਰਵਿਦਾਸੀਆਂ ਤੇ ਮਜ਼ਹਬੀਆਂ ਦੇ ਵਿਹੜਿਆਂ ਦੇ ਰੋਗੀਆਂ ਨੂੰ ਮੁਫ਼ਤ ਦਵਾਈ ਦਿੰਦੇ ਸਨ ਬਹੁਤ ਸਾਰੀਆਂ ਦਵਾਈਆਂ ਉਹ ਪ੍ਰਸਿੱਧ ਸੰਸਥਾ, ਭਾਈ ਮੋਹਨ ਸਿੰਘ ਵੈਦ ਤੋਂ ਤਰਨਤਾਰਨੋਂ ਮੰਗਵਾਉਂਦੇ ਅਤੇ ਕੁਛ ਦਵਾਈਆਂ ਉਹ ਆਪ ਵੀ ਬਣਾਉਂਦੇ ਉਹਨਾਂ ਨੇ ਭਾਈ ਮੋਹਨ ਸਿੰਘ ਵੈਦ ਦੀਆਂ ਇਲਾਜੀ ਪੁਸਤਕਾਂ ਤੋਂ ਇਲਾਵਾ ਮੇਘ ਮੁਨੀ ਲਿਖਿਤ, ਮਹੰਤ ਗਣੇਸ਼ਾ ਸਿੰਘ ਦੇ ਅਨੁਵਾਦਿਤ ਤੇ ਭਾਈ ਪ੍ਰਤਾਪ ਸਿੰਘ ਸੁੰਦਰ ਸਿੰਘ ਅੰਮ੍ਰਿਤਸਰ ਵੱਲੋਂ ਸੰਮਤ 1989 ਵਿਚ ਪ੍ਰਕਾਸ਼ਿਤ ਗ੍ਰੰਥ ?ਮੇਘ ਬਿਨੋਦ? ਸਮੇਤ ਹਿੰਦੀ-ਸੰਸਕ੍ਰਿਤ ਦੇ ਕਈ ਪੁਰਾਣੇ ਵੈਦਕ ਗ੍ਰੰਥਾਂ ਦੇ ਪੰਜਾਬੀ ਅਨੁਵਾਦ ਵੀ ਰੱਖੇ ਹੋਏ ਸਨ ਉਹ ਪੇਟ ਦੇ ਕੋੜੇ ਤੇ ਸੂਲ ਦੀ ਇਕ ਬਹੁਤ ਹੀ ਕਾਰਗਰ ਦਵਾਈ ਬਣਾਇਆ ਕਰਦੇ ਸਨ ਜਿਸਦਾ ਆਧਾਰ ਬਿਲਕੁਲ ਨੌਂਬੂ ਦੀ ਸ਼ਕਲ ਦੀ ਪਰ ਦੋ ਸੰਤਰਿਆਂ ਜਿੱਡੀ ਵੱਡੀ ਸੂਈਧਾਰ ਗਲਗਲ ਦਾ ਰਸ ਹੁੰਦਾ ਸੀ ਸਾਡੇ ਨੇੜੇ-ਤੇੜੇ ਉਹਦਾ ਇਕੋ-ਇਕ ਬੂਟਾ ਭਾਈ ਕਾਨ੍ਹ ਸਿੰਘ ਦੀ ਕੋਠੀ ਵਾਲੇ ਬਾਗ਼ ਵਿਚ ਹੀ ਸੀ ਹਰਸ਼ਾ ਸਿੰਘ ਨਾਲ ਪਿਤਾ ਜੀ ਦੇ ਬੜੇ ਚੰਗੇ ਸੰਬੰਧ ਸਨ ਅਤੇ ਉਹ, ਸ਼ਾਇਦ ਮੁਫ਼ਤ ਦਿੱਤੀ ਜਾਣ ਵਾਲੀ ਦਵਾਈ ਬਣਦੀ ਹੋਣ ਕਾਰਨ, ਇਹ ਗਲਗਲਾਂ ਵੀ ਖ਼ੁਸ਼ੀ ਖ਼ੁਸ਼ੀ ਮੁਫ਼ਤ ਹੀ ਦੇ ਦਿੰਦਾ ਸਗੋਂ ਉਹਦੀ ਖੁੱਲ੍ਹਦਿਲੀ ਦੇਖ ਕੇ ਇਉਂ ਲਗਦਾ ਜਿਵੇਂ ਉਹਨੇ ਸਾਨੂੰ ਦੇਣ ਲਈ ਹੀ ਉਹ ਸਾਂਭ ਸਾਂਭ ਕੇ ਰੱਖੀਆਂ ਹੋਈਆਂ ਹੋਣ ਬਾਪੂ ਜੀ ਦਸਦੇ, ਇਹ ਨਾਂ ਇਸ ਕਰਕੇ ਪਿਆ ਹੈ ਕਿ ਜੇ ਇਸ ਵਿਚ ਸੂਈ ਖੋਭ ਦਿੱਤੀ ਜਾਵੇ, ਉਹ ਇਹਦੇ ਅੰਦਰਲੇ ਰਸ ਵਿਚ ਪੂਰੀ ਤਰ੍ਹਾਂ ਖੁਰ ਜਾਂਦੀ ਹੈ



ਬਾਪੂ ਜੀ ਇਹ ਵੀ ਦਸਦੇ ਕਿ ਅੰਗਰੇਜ਼ ਹੋਣ ਦੇ ਬਾਵਜੂਦ ਮੈਕਾਲਿਫ਼ ਪੂਰੀ ਸ਼ਰਧਾ ਨਾਲ ਗੁਰੂ ਗ੍ਰੰਥ ਸਾਹਿਬ ਦਾ ਅਨੁਵਾਦ ਅੰਗਰੇਜ਼ੀ ਵਿਚ ਕਰਨ ਲਗਿਆ ਹੋਇਆ ਸੀ ਇਸੇ ਸੰਬੰਧ ਵਿਚ ਉਹ ਸਾਡੇ ਪਿੰਡ ਆਇਆ ਸੀ ਉਹਦੇ ਨਾਲ ਦੋ ਸਿੱਖ ਵਿਦਵਾਨ ਸਨ ਜੋ ਉਹਨੇ ਤਨਖ਼ਾਹ ਦੇ ਕੇ ਰੱਖੇ ਹੋਏ ਸਨ ਇਕ ਬਾਣੀ ਦਾ ਗੁਣੀ ਗਿਆਤਾ ਤੇ ਅਰਥਕਾਰ ਸੀ ਪਰ ਉਹਨੂੰ ਅੰਗਰੇਜ਼ੀ ਨਹੀਂ ਸੀ ਆਉਂਦੀ ਦੂਜਾ ਬਾਣੀ ਦੇ ਅਰਥਾਂ ਦੀ ਸਮਝ ਦੇ ਪੱਖੋਂ ਤਾਂ ਓਨਾਂ ਸੰਪੂਰਨ ਨਹੀਂ ਸੀ ਪਰ ਪਹਿਲੇ ਦੇ ਦੱਸੇ ਅਰਥਾਂ ਨੂੰ ਵਧੀਆ ਅੰਗਰੇਜ਼ੀ ਵਿਚ ਮੈਕਾਲਿਫ਼ ਨੂੰ ਸਮਝਾ ਸਕਣ ਦੇ ਸਮਰੱਥ ਸੀ ਉਹ ਆਮ ਕਰਕੇ ਗਰਮੀਆਂ ਵਿਚ ਕਿਸੇ ਪਹਾੜੀ ਨਗਰ ਚਲਿਆ ਜਾਂਦਾ ਅਤੇ ਸਰਦੀਆਂ ਵਿਚ ਅੰਮ੍ਰਿਤਸਰ ਜਾਂ ਨਾਭੇ ਰਹਿੰਦਾ ਉਹਦੇ ਘਰ ਸਿੱਖ ਵਿਦਵਾਨ ਅਕਸਰ ਹੀ ਵਿਚਾਰ-ਚਰਚਾ ਲਈ ਆਏ ਰਹਿੰਦੇ



Namdhari Elibrary NamdhariElibrary@gmail.com

ਇਕ ਵਾਰ ਉਹਨੇ ਇਕਾਂਤ ਤੇ ਸੁਖ-ਸ਼ਾਂਤੀ ਦੀ ਇੱਛਾ ਦੱਸੀ ਤਾਂ ਭਾਈ ਸਾਹਿਬ ਨੇ ਅਮਲੇ-ਫ਼ੈਲੇ ਸਮੇਤ ਉਹਦੇ ਰਹਿਣ ਦਾ ਪ੍ਰਬੰਧ ਆਪਣੀ ਪਿੱਛੋ ਦੀ ਖੇਤਾਂ ਵਾਲੀ ਕੋਠੀ ਵਿਚ ਕਰ ਦਿੱਤਾ ਠੀਕ ਹੀ ਉਹ ਜਿਹੜਾ ਕੰਮ ਨੇਪਰੇ ਚਾੜ੍ਹਨ ਆਇਆ ਸੀ, ਉਹਦੇ ਲਈ ਇਸ ਤੋਂ ਵਧੀਆ ਥਾਂ ਕੋਈ ਨਹੀਂ ਸੀ ਹੋ ਸਕਦੀ

ਬਾਪੂ ਜੀ ਦੀ ਉਮਰ ਤੋਂ ਅੰਦਾਜ਼ਾ ਲਾਇਆਂ ਉਹ ਸਮਾਂ ਵੀਹਵੀਂ ਸਦੀ ਦੇ ਆਰੰਭਕ ਸਾਲਾਂ ਦਾ ਬਣਦਾ ਹੈ ਪਹਿਲੇ ਦਹਾਕੇ ਦੇ ਮਗਰਲੇ ਅੱਧ ਵਿਚ ਤਾਂ ਅੰਗਰੇਜ਼ੀ ਅਨੁਵਾਦ ਦੀ ਛਪਾਈ ਦਾ ਕੰਮ ਇੰਗਲੈਂਡ ਦੇ ਆਕਸਫ਼ੋਰਡ ਯੂਨੀਵਰਸਿਟੀ ਪ੍ਰੈੱਸ ਵਿਚ ਸ਼ੁਰੂ ਹੋ ਗਿਆ ਸੀ ਇਹ ਕਹਿਣਾ ਤੱਥਾਂ ਤੋਂ ਦੂਰ ਦੀ ਗੱਲ ਬਿਲਕੁਲ ਨਹੀਂ ਹੋਵੇਗੀ ਕਿ ਉਸ ਸਮੇਂ ਮੈਕਾਲਿਫ਼ ਅਨੁਵਾਦ ਦਾ ਕਾਰਜ ਸੰਪੂਰਨ ਕਰ ਚੁੱਕਿਆ ਹੋਵੇਗਾ ਅਤੇ ਪੂਰੇ ਖਰੜੇ ਉੱਤੇ ਆਖ਼ਰੀ ਨਜ਼ਰ ਮਾਰਨ ਲਈ ਮੁਕੰਮਲ ਇਕਾਂਤ ਤੇ ਸ਼ਾਂਤੀ ਲਭਦਾ ਸਾਡੇ ਪਿੰਡ ਆਇਆ ਹੋਵੇਗਾ ਇਉਂ ਉਸ ਦੇ ਕੀਤੇ ਗੁਰੂ ਗ੍ਰੰਥ ਸਾਹਿਬ ਦੇ ਅੰਗਰੇਜ਼ੀ ਅਨੁਵਾਦ ਵਿਚ ਮੇਰੇ ਪਿੰਡ ਦਾ ਵੀ ਗਿਨਣਜੋਗ ਸੀਰ ਰਿਹਾ

ਮੈਕਸ ਆਰਥਰ ਮੈਕਾਲਿਫ਼ ਦਾ ਜਨਮ 10 ਸਤੰਬਰ 1841 ਨੂੰ ਆਇਰਲੈਂਡ ਵਿਚ ਹੋਇਆ ਸੀ ਭਾਸ਼ਾ ਅਤੇ ਸਾਹਿਤ ਨਾਲ ਉਹਨੂੰ ਸ਼ੁਰੂ ਤੋਂ ਹੀ ਲਗਾਉ ਸੀ ਕਾਲਜ ਵਿਚ ਪੜ੍ਹਦਿਆਂ ਪਹਿਲੀ ਵਾਰ 1857-58 ਦੇ ਸਾਲ ਲਈ ਉਹਨੇ ਸਾਹਿਤਕ ਵਿਭਾਗ ਦਾ ਜੂਨੀਅਰ ਵਜ਼ੀਫ਼ਾ ਪ੍ਰਾਪਤ ਕੀਤਾ ਅਤੇ ਅਗਲੇ ਦੋ ਸਾਲਾਂ ਲਈ ਇਹ ਵਜ਼ੀਫ਼ਾ ਉਹਦੀ ਹੀ ਪ੍ਰਾਪਤੀ ਬਣਿਆ ਰਿਹਾ 1860 ਵਿਚ ਬੀਏ ਦੀ ਡਿਗਰੀ ਉਹਨੇ ਆਧੁਨਿਕ ਭਾਸ਼ਾਵਾਂ ਸੰਬੰਧੀ ਫ਼ਸਟ ਕਲਾਸ ਆਨਰਜ਼ ਨਾਲ ਪ੍ਰਾਪਤ ਕੀਤੀ ਉਸੇ ਸਾਲ ਉਹ ਪੁਰਾਤਨ ਕਲਾਸਿਕਾਂ ਸੰਬੰਧੀ ਸੀਨੀਅਰ ਵਜ਼ੀਫ਼ਾ ਪ੍ਰਾਪਤ ਕਰਨ ਵਿਚ ਸਫਲ ਰਿਹਾ ਅਤੇ ਕਾਲਜ ਦੀ ਸਾਹਿਤ ਅਤੇ ਸੰਵਾਦ ਸਭਾ ਦਾ ਵੀ ਸਕੱਤਰ ਚੁਣਿਆ ਗਿਆ ਅਗਲੇ ਸਾਲ ਉਹਨੂੰ ਆਧੁਨਿਕ ਭਾਸ਼ਾਵਾਂ ਤੇ ਇਤਿਹਾਸ ਸੰਬੰਧੀ ਸੀਨੀਅਰ ਵਜ਼ੀਫ਼ਾ ਦਿੱਤਾ ਗਿਆ ਉਹਨੇ ਯੂਨਾਨੀ ਤੇ ਲਾਤੀਨੀ ਕਲਾਸਿਕ ਮੂਲ ਭਾਸ਼ਾਵਾਂ ਵਿਚ ਪੜ੍ਹੇ ਹੋਏ ਸਨ ਅਤੇ ਉਹ ਫ਼ਰਾਂਸੀਸੀ ਤੇ ਇਤਾਲਵੀ ਭਾਸ਼ਾਵਾਂ ਵੀ ਪੜ੍ਹ ਲੈਂਦਾ ਸੀ 1862 ਵਿਚ ਉਹ ਆਈਸੀਐਸ ਬਣਿਆ

ਫ਼ਰਵਰੀ 1864 ਵਿਚ ਇਕ ਅਧਿਕਾਰੀ ਵਜੋਂ ਪੰਜਾਬ ਪੁੱਜਣ ਤੋਂ ਛੇਤੀ ਹੀ ਮਗਰੋਂ ਉਹਨੂੰ ਅੰਮ੍ਰਿਤਸਰ ਦੀ ਦੀਵਾਲੀ ਦੇਖਣ ਦਾ ਮੌਕਾ ਮਿਲਿਆ ਉਥੋਂ ਦੇ ਸ਼ਾਂਤ ਮਾਹੌਲ ਨੇ ਅਤੇ ਸਮਝ ਵਿਚ ਨਾ ਆਈ ਹੋਣ ਦੇ ਬਾਵਜੂਦ ਸੰਗੀਤ ਨਾਲ ਗਾਈ ਜਾ ਰਹੀ ਬਾਣੀ ਨੇ ਉਹਨੂੰ ਬੇਹੱਦ ਪ੍ਰਭਾਵਿਤ ਕੀਤਾ ਮਗਰੋਂ ਉਹਨੇ ਕਿਸੇ ਤੋਂ ਉਥੇ ਗਾਏ ਗਏ ਸ਼ਬਦਾਂ ਦੇ ਅਰਥ ਅੰਗਰੇਜ਼ੀ ਵਿਚ ਸਮਝੇ ਤਾਂ ਉਹ ਰਚਨਾ ਦੀ ਦਾਰਸ਼ਨਿਕ ਬੁਲੰਦੀ ਤੇ ਅਧਿਆਤਮਕ ਗਹਿਰਾਈ ਮਹਿਸੂਸ ਕਰ ਕੇ ਧੰਨ ਹੀ ਹੋ ਗਿਆ ਇਸ ਘਟਨਾ ਨੇ ਪੰਜਾਬ ਦੇ ਲੋਕਾਂ ਅਤੇ ਉਹਨਾਂ ਦੀਆਂ ਧਾਰਮਿਕ ਰਵਾਇਤਾਂ ਵਿਚ ਉਹਦੀ ਤਿੱਖੀ ਦਿਲਚਸਪੀ ਜਗਾ ਦਿੱਤੀ ਸਿੱਟੇ ਵਜੋਂ ਉਹਨੇ ਪੰਜਾਬੀ ਸਭਿਆਚਾਰ ਅਤੇ ਸਿੱਖ ਧਰਮ ਸੰਬੰਧੀ ਲੇਖ ਲਿਖਣੇ ਸ਼ੁਰੂ ਕੀਤੇ ਜੋ 1875-81 ਦੇ ਸਮੇਂ ਵਿਚ ?ਕੈਲਕਟਾ ਰੀਵਿਊ? ਨਾਂ ਦੇ ਰਸਾਲੇ ਵਿਚ ਛਪਦੇ ਰਹੇ ਇਸ ਦੌਰਾਨ ਉਹਨੇ ਪੰਜਾਬੀ ਅਤੇ ਕੁਝ ਹੋਰ ਭਾਰਤੀ ਭਾਸ਼ਾਵਾਂ ਦੀ ਕੰਮਕਾਜੀ ਜਾਣਕਾਰੀ ਵੀ ਪ੍ਰਾਪਤ ਕੀਤੀ ਜਿਉਂ ਜਿਉਂ ਸਿੱਖ ਧਰਮ ਅਤੇ ਬਾਣੀ ਵਿਚ ਉਹਦੀ ਦਿਲਚਸਪੀ ਵਧਦੀ ਗਈ, ਉਹ ਇਸ ਸਿੱਟੇ ਉੱਤੇ ਪੁਜਦਾ ਗਿਆ ਕਿ ਉਹਦਾ ਅਸਲ ਟੀਚਾ ਅਤੇ ਮਿਸ਼ਨ ਗੁਰੂ ਗ੍ਰੰਥ ਸਾਹਿਬ ਨੂੰ ਅੰਗਰੇਜ਼ੀ ਵਿਚ ਅਨੁਵਾਦਣਾ ਹੈ

ਸਿੱਖ ਵਿਦਵਾਨਾਂ ਨਾਲ ਇਸ ਸੰਬੰਧ ਵਿਚ ਕੀਤੇ ਗਏ ਸਲਾਹ-ਮਸ਼ਵਰਿਆਂ ਨੇ ਉਹਦਾ ਉਤਸਾਹ ਹੋਰ ਵੀ ਵਧਾ ਦਿੱਤਾ ਇਸ ਦਾ ਇਕ ਵੱਡਾ ਕਾਰਨ ਡਾਕ ਅਰਨੈਸਟ ਟਰੰਪ ਦੇ ਕੀਤੇ ਗੁਰੂ ਗ੍ਰੰਥ ਸਾਹਿਬ ਦੇ ਅਨੁਵਾਦ ਨਾਲ ਸਿੱਖਾਂ ਨੂੰ ਲੱਗੀ ਠੇਸ ਸੀ ਇਹ ਅਨੁਵਾਦ ਇੰਡੀਆ ਆਫ਼ਿਸ ਨੇ ਕਰਵਾਇਆ ਸੀ ਅਤੇ 1877 ਵਿਚ ਪ੍ਰਕਾਸ਼ਿਤ ਹੋਇਆ ਸੀ ਸਿੱਖ ਵਿਦਵਾਨਾਂ ਨੇ ਇਹਨੂੰ ਗ਼ਲਤੀਆਂ ਤੇ ਤਰੁਟੀਆਂ ਨਾਲ ਭਰਿਆ ਆਖ ਕੇ ਰੱਦ ਕਰ ਦਿੱਤਾ ਸੀ ਜਿਥੇ ਟਰੰਪ ਦੇ ਕੰਮ ਵਿਚੋਂ ਉਹਦੀ ਸਾਮਰਾਜੀ ਮਾਨਸਿਕਤਾ ਅਤੇ ਆਪਣੇ ਅਧੀਨ ਲੋਕਾਂ ਤੇ ਉਹਨਾਂ ਦੇ ਸਭਿਆਚਾਰਾਂ ਲਈ ਘਿਰਣਾ ਝਲਕਦੀ ਸੀ, ਮੈਕਾਲਿਫ਼ ਨੇ ਇਹ ਕਾਰਜ ਆਪਣੀ ਅੰਦਰਲੀ ਆਵਾਜ਼ ਸਦਕਾ ਤੇ ਨਿਰੋਲ ਸ਼ਰਧਾ ਭਾਵਨਾ ਨਾਲ ਹੱਥ ਲਿਆ ਸੀ ਇਸੇ ਕਰਕੇ ਸਿੱਖ ਵਿਦਵਾਨ ਉਸ ਨਾਲ ਲਗਾਤਾਰ ਵਿਚਾਰ-ਚਰਚਾ ਕਰਦੇ ਰਹਿੰਦੇ ਸਨ ਤੇ ਅਨੁਵਾਦ ਦਾ ਕਾਰਜ ਨੇਪਰੇ ਚਾੜ੍ਹਨ ਲਈ ਹਲਾਸ਼ੇਰੀ ਦਿੰਦੇ ਰਹਿੰਦੇ ਸਨ

ਸਿੱਖ ਵਿਦਵਾਨਾਂ ਨਾਲ ਨਿਰੰਤਰ ਵਾਹ ਸਦਕਾ ਉਹ ਭਾਈ ਕਾਨ੍ਹ ਸਿੰਘ ਦੇ ਨਾਂ ਤੋਂ ਤਾਂ ਜਾਣੂ ਸੀ ਪਰ ਅਜੇ ਉਹਨਾਂ ਦੇ ਮੇਲ ਦਾ ਕੋਈ ਸਬੱਬ ਨਹੀਂ ਸੀ ਬਣਿਆ 1885 ਵਿਚ ਰਾਵਲਪਿੰਡੀ ਵਿਚ ਹਿੰਦੁਸਤਾਨ ਦੇ ਗਵਰਨਰ ਜਨਰਲ ਅਤੇ ਅਫ਼ਗਾਨਿਸਤਾਨ ਦੇ ਬਾਦਸ਼ਾਹ ਦੀ ਮੁਲਾਕਾਤ ਹੋਈ



Namdhari Elibrary NamdhariElibrary@gmail.com

ਮੈਕਾਲਿਫ਼ ਵੀ ਉਸ ਸਮੇਂ ਰਾਵਲਪਿੰਡੀ ਵਿਚ ਹੀ ਅਧਿਕਾਰੀ ਲਗਿਆ ਹੋਇਆ ਸੀ ਗਵਰਨਰ ਜਨਰਲ ਦੀ ਆਉਂਦ ਸਮੇਂ ਸੂਬੇ ਦੇ ਰਾਜਿਆਂ ਦਾ ਉਥੇ ਹਾਜ਼ਰੀ ਭਰਨਾ ਇਕ ਰੀਤ ਸੀ ਇਸ ਕਾਰਨ ਮਹਾਰਾਜਾ ਹੀਰਾ ਸਿੰਘ ਨਾਭਾ ਉਥੇ ਪਹੁੰਚਿਆ ਹੋਇਆ ਸੀ ਅਤੇ ਉਸ ਦੇ ਅਮਲੇ-ਫ਼ੈਲੇ ਵਿਚ ਭਾਈ ਕਾਨ੍ਹ ਸਿੰਘ ਵੀ ਸ਼ਾਮਲ ਸੀ ਮੈਕਾਲਿਫ਼ ਦੀ ਉਹਨੂੰ ਮਿਲਣ ਦੀ ਚਿਰ-ਪੁਰਾਣੀ ਚਾਹ ਪੂਰੀ ਹੋ ਗਈ ਉਹ ਭਾਈ ਸਾਹਿਬ ਤੋਂ ਏਨਾਂ ਪ੍ਰਭਾਵਿਤ ਹੋਇਆ ਜਿੰਨਾ ਹੋਰ ਕਿਸੇ ਸਿੱਖ ਵਿਦਵਾਨ ਤੋਂ ਨਹੀਂ ਸੀ ਹੋਇਆ ਭਾਈ ਸਾਹਿਬ ਇਕ ਪਾਸੇ ਸਿੱਖ ਸਿਧਾਂਤਾਂ ਤੇ ਗੁਰਬਾਣੀ ਦੇ ਗਿਆਤਾ ਸਨ ਅਤੇ ਦੂਜੇ ਪਾਸੇ ਅੰਗਰੇਜ਼ੀ ਭਾਸ਼ਾ ਤੇ ਪੱਛਮੀ ਵਿਦਵਤਾ ਦੇ ਚੰਗੇ ਜਾਣੂ ਸਨ ਸਿੱਖ ਵਿਦਵਾਨਾਂ ਵਿਚੋਂ ਅਜਿਹਾ ਸੁਮੇਲ ਮੈਕਾਲਿਫ ਥਨੂੰ ਹੋਰ ਕਿਸੇ ਵਿਚ ਨਜ਼ਰ ਨਹੀਂ ਸੀ ਆਇਆ ਭਾਈ ਸਾਹਿਬ ਤੋਂ ਪੁੱਛ ਕੇ ਉਹਨੇ ਹੀਰਾ ਸਿੰਘ ਅੱਗੇ ਉਹਨਾਂ ਦੀਆਂ ਸੇਵਾਵਾਂ ਦੀ ਪ੍ਰਾਪਤੀ ਲਈ ਬੇਨਤੀ ਕੀਤੀ ਉਹ ਮੈਕਾਲਿਫ਼ ਦੇ ਵਿੱਢੇ ਕੰਮ ਦੀ ਮਹੱਤਤਾ ਪਛਾਣਦਿਆਂ ਝੱਟ ਸਹਿਮਤ ਹੋ ਗਿਆ ਭਾਈ ਸਾਹਿਬ ਚਾਰ ਮਹੀਨੇ ਰਾਵਲਪਿੰਡੀ ਰਹੇ ਅਤੇ ਉਹਨੂੰ ਬਾਣੀ ਦੀਆਂ ਬਰੀਕੀਆਂ ਤੋਂ ਇਲਾਵਾ ਸਿੱਖ ਧਰਮ, ਇਤਿਹਾਸ, ਸਿਧਾਂਤ, ਪ੍ਰੰਪਰਾਵਾਂ ਤੇ ਰੀਤਾਂ ਬਾਰੇ ਜਾਣਕਾਰੀ ਦਿੰਦੇ ਰਹੇ ਉਸ ਪਿੱਛੋਂ ਰਾਜੇ ਦਾ ਬੁਲਾਵਾ ਆਉਣ ਕਾਰਨ ਉਹ ਭਾਵੇਂ ਨਾਭੇ ਚਲੇ ਗਏ ਪਰ ਉਹਨਾਂ ਦੋਵਾਂ ਦਾ ਸੰਪਰਕ ਨਿਰੰਤਰ ਬਣਿਆ ਰਿਹਾ

ਮੈਕਾਲਿਫ਼ ਲਈ ਅੰਮ੍ਰਿਤਸਰ ਤੋਂ ਪਿੱਛੋਂ ਨਾਭਾ ਇਕ ਕਿਸਮ ਦਾ ਦੂਜਾ ਘਰ ਹੀ ਬਣ ਗਿਆ ਪ੍ਰਿੰਸੀਪਲ ਤੇਜਾ ਸਿੰਘ ਦੇ ਸ਼ਬਦਾਂ ਵਿਚ ਭਾਈ ਕਾਨ੍ਹ ਸਿੰਘ ਉਹਦੇ ਲਈ ਰਾਹ-ਦਿਖਾਵੇ, ਦਾਰਸ਼ਨਿਕ ਅਤੇ ਮਿੱਤਰ ਸਨ ਉਹਦਾ ਸਾਡੇ ਪਿੰਡ ਆ ਕੇ ਠਹਿਰਨਾ ਵੀ ਉਹਨਾਂ ਦੋਵਾਂ ਦੇ ਅਜਿਹੇ ਗੂੜ੍ਹੇ ਨਾਤੇ ਦਾ ਹੀ ਸਿੱਟਾ ਸੀ

ਗੁਰੂ ਗ੍ਰੰਥ ਸਾਹਿਬ ਦਾ ਅੰਗਰੇਜ਼ੀ ਵਿਚ ਅਨੁਵਾਦ ਕਰਦਿਆਂ ਮੈਕਾਲਿਫ਼ ਨੂੰ ਕਿਹੜੇ ਕਿਹੜੇ ਰਾਹਾਂ ਉੱਤੇ ਤੁਰਨਾ ਪਿਆ, ਕਿਹੜੀਆਂ ਕਿਹੜੀਆਂ ਹਾਲਤਾਂ, ਮੁਸ਼ਕਿਲਾਂ ਤੇ ਪਰਖਾਂ ਵਿਚੋਂ ਲੰਘਣਾ ਪਿਆ ਅਤੇ ਕੀ ਕੀ ਕੁਰਬਾਨੀਆਂ ਦੇਣੀਆਂ ਪਈਆਂ, ਇਹ ਆਪਣੇ ਆਪ ਵਿਚ ਇਕ ਵੱਖਰੀ ਕਹਾਣੀ ਹੈ!

*(011-65736868)*

# ਸੁਨੇਹਾ ਨੂਰੇ ਮਾਹੀ ਦਾ

*—ਰਣਜੀਤ ਆਜ਼ਾਦ ਕਾਂਝਲਾ*

ਨੂਰਾ ਮੁੱਖ 'ਚੋਂ ਕੀ ਬੋਲੇ? ਹੰਝੂ ਅੱਖੀਆਂ 'ਚੋਂ ਡੋਲੇ!
ਕੀ ਦੱਸਾਂ? ਬੋਲ ਗੁਰੂ ਜੀ,
ਜੋ ਸਰਹਿੰਦ ਵਿਚ ਵਰਤਿਆ ਕਹਿਰ ਭਾਰਾ।
ਜ਼ਿਮੀ-ਅਸਮਾਨ ਡੋਲਿਆ,
ਡੋਲ ਗਿਆ ਸਰਹਿੰਦ ਸ਼ਹਿਰ ਸਾਰਾ...!!
ਸੂਬੇ ਨੇ ਬੱਚਿਆਂ ਨੂੰ ਦਿੱਤੇ ਬੜੇ ਸੀ ਡਰਾਬੇ।
ਸਾਹਿਬਜ਼ਾਦੇ ਸਿਦਕੋਂ ਨਾ ਡੋਲੇ ਵਾਂਗ ਬਾਬੇ!
ਖੋਲ੍ਹ ਕਿਤਾਬ ਕਾਜ਼ੀ ਫ਼ਤਵਾ ਸੁਣਾਏ।
ਪਰ ਪੋਤੇ ਰਤਾ ਵੀ ਨਾ ਸੀ ਘਬਰਾਏ!
ਕੰਧਾਂ 'ਚ ਚਿਣਾ ਕੇ ਕਤਲ ਕਰਨ ਦਾ
ਹੁਕਮ ਸੁਣਾਇਆ ਬੜਾ ਭਾਰਾ...!!
ਕੱਲੀ ਕੱਲੀ ਗੱਲ ਮਾਤਾ ਨੇ ਸਮਝਾਈ ਸੀ।
ਸਾਰੀ ਰਾਤ ਬਸ ਏਹੋ ਸਿਖਿਆ ਸੁਣਾਈ ਸੀ।
ਤੁਸਾਂ ਦਾਦੇ ਦੀ ਪੱਗ ਹੈ ਚਿੱਟੀ ਰੱਖਣੀ
ਖੜੇ ਲੋਕੀਂ ਤੱਕਣਗੇ, ਕੀ ਕਰਦੇ ਹਤਿਆਰਾ? ...??
ਨੂਰੀ ਮੁੱਖਾਂ 'ਤੇ ਜਲੌਅ ਸੀ ਝਲਕਾਂ ਮਾਰਦਾ।
ਕਰਜ਼ ਤਾਰ ਦਿੱਤਾ ਪੁੱਤਾਂ ਨੇ ਮਾਂ ਦੇ ਪਿਆਰ ਦਾ!
ਹੁੱਬਕੀਂ-ਹੁੱਬਕੀਂ ਸਾਰਾ ਜਗ ਰੋ ਪਿਆ
ਤੱਕ ਕੇ ਵਿਲੱਖਣ ਇਹ ਕਾਰਾ? ...!!
ਕਿਤਾਬ ਖੋਲ੍ਹ ਕਾਜ਼ੀ ਨੇ ਫੱਤਵਾ ਸੁਣਾਇਆ ਸੀ।
ਜਾਵੇ ਇਨਾ ਬਾਲਾਂ ਨੂੰ ਦੀਵਾਰ 'ਚ ਚਿਣਾਇਆ।
ਸੀਸ ਕਲਮ ਕਰ ਦੇਣ ਦਾ ਕਰਤਾ ਸੀ ਜਲਾਦਾਂ ਨੂੰ ਇਸ਼ਾਰਾ...!!
ਫੜਨਾ ਪਿਤਾ ਨੂੰ ਫੜੋ-ਇਨ੍ਹਾਂ ਬਾਲਾਂ ਦਾ ਕੀ ਕਸੂਰ ਹੈ?
ਇਸਲਾਮ-ਸ਼ਰਾ 'ਚ ਇਹ ਹੈ ਕਿਥੇ? ਕੇਹਾ ਦਸਤੂਰ ਹੈ?
ਨਵਾਬ ਸ਼ੇਰ ਖਾਂ ਮੁਹੰਮਦ ਮਾਲੇਰਕੋਟਲਾ ਨੇ ਹੱਕ 'ਚ ਲਾਇਆ ਸੀ ਨਾਂਅਰਾ!
ਸੁਣ ਵਿਥਿਆ ਗੁਰੂ ਜੀ ਨੇ-ਤੀਰ੍ਹ ਕਾਹੀ ਦੇ ਬੂਟੇ ਦੀ ਜੜ ਖੋਭਿਆ।
ਇਹ ਜਬਰ ਮਾਸੂਮਾਂ ਤੇ ਕਮਾਨੇ ਤੇ ਹੁਣ ਨਉਂ ਬੇੜਾ ਡੁੱਬਿਆ।
'ਆਜ਼ਾਦ' ਗੁਰਾਂ ਮੁਖੋਂ ਬੋਲਿਆ,
ਸਰਹਿੰਦ ਬਣ ਗਿਆ ਸਿੱਖੀ ਦਾ ਮੁਨਾਰਾ।
ਸਿਜਦਾ ਕਰਨ ਲੋਕੀਂ ਆਇਆ ਕਰਣਗੇ
ਤੱਕਣ ਖ਼ੂਨੀ ਕੰਧ ਦਾ ਨਜ਼ਾਰਾ...।

*ਸ਼ਿਵਪੁਰੀ, ਧੂਰੀ (ਪੰਜਾਬ)*
*ਮੋਬ-੯੪੬੪੬-੯੭੭੮੧*



Namdhari Elibrary NamdhariElibrary@gmail.com



## ਨਵੇਂ ਵਰ੍ਹੇ ਦੀ ਪਹਿਲੀ ਕਿਰਨੇ !

*—ਪ੍ਰਿੰ. ਕਰਤਾਰ ਸਿੰਘ ਕਾਲੜਾ*

ਨਵੇਂ ਵਰ੍ਹੇ ਦੀ ਪਹਿਲੀ ਕਿਰਨੇ, ਸਾਥੋਂ ਮੁੱਖ ਨਾ ਮੋੜ।
ਹਾਲੇ ਸਾਡੇ ਦੇਸ਼ ਨੂੰ, ਚਾਨਣ ਦੀ ਹੈ ਲੋੜ।

ਅਜੇ ਹੈ ਵਿਹੜਾ ਸੱਖਣਾ, ਸੁੰਨ ਹੈ ਕਰਦੀ ਪੌਣ।
ਭੁੱਖੇ ਮਰਦੇ ਲੋਕ ਵੀ, ਸੁੱਟੀ ਬੈਠੇ ਧੌਣ।

ਅਜੇ ਹਨੇਰਾ ਸੰਘਣਾ, ਲੋਕੀ ਬਹੁਤ ਗ਼ਰੀਬ।
ਰਾਜਧਾਨੀਏਂ ਚਾਨਣੇ, ਫੁੱਟੇ ਲੋਕ ਨਸੀਬ।

ਭਾਰਤ ਹੋਰ ਗ਼ਰੀਬ ਦਾ, ਤੇ ਧਨੀਆਂ ਦਾ ਹੋਰ।
ਕਿਹੜਾ ਦੱਸੇ ਬੋਲ ਕੇ, ਰਲੇ ਕੁੱਤੀ ਤੇ ਚੋਰ।

'ਅਸਾਂਜ' 'ਹਜ਼ਾਰੇ' ਵਾਂਗਰਾਂ, ਕੋਈ ਜਗਾਵੇ ਆਣ।
'ਕੇਜਰੀਵਾਲ' ਦੇ ਵਾਂਗਰਾਂ, ਮਾਰੇ ਬੇਧੀ ਬਾਣ।

ਲੁੱਟ ਕਿਰਤੀ ਦੀ ਕਿਰਤ ਦੀ, ਕਰਦੇ ਪ੍ਰਭੂਤਾਵਾਨ।
ਖ਼ੁਦਕੁਸ਼ੀਆਂ ਦੇ ਰਾਹ ਪਿਆ, ਕਿਰਤੀ ਤੇ ਕਿਰਸਾਨ।

ਫੇਲ੍ਹ ਨੀਤੀਆਂ ਭੇਜਦੇ, ਦੂਜੇ ਦੇਸ਼ਾਂ ਵਿਚ।
ਵਾਲ ਸਟਰੀਟੋਂ ਜਿੱਚ ਹੋ, ਕਰਨ ਹੋਰਾਂ ਨੂੰ ਜਿੱਚ।

ਭ੍ਰਿਸ਼ਟਾਚਾਰੀ ਦੌਂਤ ਨੂੰ ਦੇਂਦੇ ਨੇ ਉਤਸ਼ਾਹ।
ਸੰਭਲ ਰਹੇ ਹਰ ਦੇਸ਼ ਨੂੰ ਕਰਨਾ ਚਾਹੁਣ ਤਬਾਹ।

ਅਜੇ ਸਿਆਸਤ ਚੰਦਰੀ, ਪਾਇਐ ਘੁਪ ਹਨੇਰ।
ਜੇ ਤੂੰ ਵੀ ਮੁਖ ਮੋੜ ਗਈ, ਹੋਣੀ ਨਹੀਂ ਸਵੇਰ।

ਕਿਰਨ ਤੂੰ ਸੋਹਣੀ ਸੂਰਜੀ, ਸਾਥੋਂ ਮੁੱਖ ਨਾ ਮੋੜ।
ਹਾਲੇ ਮੇਰੇ ਦੇਸ਼ ਨੂੰ, ਹੈ ਚਾਨਣ ਦੀ ਲੋੜ।

*੨੨੪, ਪੰਜੂਸਰ ਨਾਭਾ-੧੪੭੨੦੧*
*੯੪੬੪੦-੮੮੯੯੮*



## ਨਵੇਂ ਵਰ੍ਹੇ ਤੇ ਦੁਆ

*—ਰਾਜਿੰਦਰ ਪਰਦੇਸੀ*

ਆਓ ਮਿੱਤਰੋ ਸਾਰੇ ਰਲ ਕੇ ਮੰਗੀਏ ਇਹ ਦੁਆ
ਨਵੇਂ ਸਾਲ ਵਿਚ ਵਗੇ ਨਾ ਕੋਈ ਆਫ਼ਤ ਦਾ ਦਰਿਆ

ਗ਼ਰਕਜਾਣੇ ਇਹ ਗ਼ਰਕਣ ਸੱਭੇ ਬਾਰੂਦਾਂ ਦੇ ਢੇਰ
ਦੁਨੀਆ ਤੇ ਅਮਨਾਂ ਦੀ ਚਮਕੇ ਨਿੱਤ ਹੀ ਨਵੀਂ ਸਵੇਰ
ਝਗੜੇ ਝੇੜੇ ਅਤੇ ਨਫ਼ਰਤਾਂ ਸਭ ਹੋ ਜਾਣ ਵਿਦਾ
ਆਓ ਮਿਤਰੋ ਸਾਰੇ ਰਲ ਕੇ ਮੰਗੀਏ ਇਹ ਦੁਆ।

ਹੱਕਾਂ ਖ਼ਾਤਿਰ ਲੜਨ ਜੁਝਾਰੂ ਜਿੱਤ ਦੇ ਗੱਡਣ ਝੰਡੇ
ਕਰਨ ਬਗ਼ਾਵਤ 'ਮੇਰੇ ਮੌਲਾ' ਸਰਕਾਰਾਂ ਦੇ ਛੰਡੇ
ਲੋਕਾਂ ਦੇ ਅੰਦਰੋਂ ਮਿਟ ਜਾਵੇ ਲੁਟ ਦਾ ਖ਼ੌਫ਼ ਜਿਹਾ
ਨਵੇਂ ਸਾਲ ਵਿਚ ਵਗੇ ਨਾ ਕੋਈ ਆਫ਼ਤ ਦਾ ਦਰਿਆ।

ਨੰਗਿਆਂ ਹਿੱਸੇ ਕਪੜਾ ਆਵੇ ਤੇ ਭੁੱਖਿਆਂ ਦੇ ਰੋਟੀ
ਉਹਨਾਂ ਨੂੰ 'ਉਹ' ਅਕਲਾਂ ਬਖ਼ਸ਼ੇ ਨੀਤ ਜਿਨ੍ਹਾਂ ਦੀ ਖੋਟੀ
ਬੇਘਰਿਆਂ ਲਈ ਖੁੱਲ੍ਹੇ 'ਯਾ-ਰੱਬ' ਘਰ ਘਰ ਦਾ ਬੂਹਾ
ਆਓ ਮਿਤਰੋ ਸਾਰੇ ਰਲ ਕੇ ਮੰਗੀਏ ਇਹ ਦੁਆ।

ਕਰਨ ਬਗ਼ਾਵਤ ਬਾਂਦਰੀਆਂ ਸਭ ਮੰਨਣ ਹਾਰ ਮਦਾਰੀ
ਤੋੜਨ ਜਾਲ ਕਬੂਤਰ ਸੱਭੇ ਹੋਣ ਮਾਯੂਸ ਸ਼ਿਕਾਰੀ
ਆਜ਼ਾਦੀ ਦੀ ਖ਼ੁਸ਼ਬੂ ਵੰਡੇ ਠੰਢੀ ਠਾਰ ਹਵਾ
ਨਵੇਂ ਵਰ੍ਹੇ ਵਿਚ ਵਗੇ ਨਾ ਕੋਈ ਆਫ਼ਤ ਦਾ ਦਰਿਆ।

ਸੁੱਖੀਂ ਸਾਂਦੀਂ ਘਰ ਪਰਤਣ ਪਰਦੇਸਾਂ ਤੋਂ 'ਪਰਦੇਸੀ'
ਕਰਨ ਤਰੱਕੀਆਂ ਖ਼ੁਸ਼ੀਆਂ ਵੰਡਣ ਸਭ ਦੇ ਬੇਟਾ ਬੇਟੀ
ਰਹੇ ਮਹਿਕਦਾ ਕੰਨਿਆਵਾਂ ਦੀ ਖ਼ੁਸ਼ਬੂ ਨਾਲ ਵਰ੍ਹਾ
ਆਓ ਮਿਤਰੋ ਸਾਰੇ ਰਲ ਕੇ ਮੰਗੀਏ ਇਹ ਦੁਆ।

ਨਵੇਂ ਵਰ੍ਹੇ ਵਿਚ ਵਗੇ ਨਾ ਕੋਈ ਆਫ਼ਤ ਦਾ ਦਰਿਆ
ਆਓ ਮਿਤਰੋ ਸਾਰੇ ਰਲ ਕੇ ਮੰਗੀਏ ਇਹ ਦੁਆ

*੩੫-ਬੀ/੧੬੮ ਦਸਮੇਸ਼ ਨਗਰ,*
*ਡਾਕ ਦਕੋਹਾ, ਜਲੰਧਰ, ਮੋਬ-੯੩੫੭੬-੭੧੫੫੨*



Namdhari Elibrary NamdhariElibrary@gmail.com

# ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਵਿਛੋੜੇ ਵਿਚ

*—ਲਖਵਿੰਦਰ ਸਿੰਘ ਬਾਜਵਾ*



(੧)

ਫਿਰ ਮੁੜ ਕੇ ਇਕ ਟੁੱਟਦਾ ਡਿੱਠਾ ਨੀਲ ਗਗਨ ਤੋਂ ਤਾਰਾ
ਇਸ ਗੁਲਸ਼ਣ 'ਚੋਂ ਉਹ ਫੁੱਲ ਕਿਰਿਆ ਜੋ ਸੀ ਬਹੁਤ ਪਿਆਰਾ
ਜਿਸ ਫੁੱਲ ਵਿਚੋਂ ਆਉਂਦੀ ਵੇਖੀ ਚੰਦਨ ਦੀ ਖ਼ੁਸ਼ਬੋਈ
ਜਿਸ ਤਾਰੇ ਵਿਚ ਕਿਰਨ ਅਨੋਖੀ ਆਫਤਾਬ ਦੀ ਕੋਈ
ਜਦ ਟੁੱਟੇ ਕੋਈ ਅਰਸ਼ੋਂ ਤਾਰਾ ਰੋਵੇ ਧਰਤੀ ਅੰਬਰ
ਰੋਵਣ ਨਦੀਆਂ ਨਾਲੇ ਝੀਲਾਂ ਕੁਦਰਤ ਰਚੇ ਅਡੰਬਰ
ਰੋਣ ਕਿਸੇ ਨੂੰ ਕੁਣਬੇ ਕੱਠੇ ਕਿਸੇ ਨੂੰ ਰੋਏ ਸ਼ਰੀਕਾ
ਕਿਸੇ ਨੂੰ ਪਿੰਡ ਜ਼ਿਲ੍ਹਾ ਜਾਂ ਸੂਬਾ ਜਾਂ ਫਿਰ ਦੇਸ਼ ਸਰੀਕਾ
ਕਿਸੇ ਨੂੰ ਦੁਨੀਆਂ ਧਰਤ ਅਕਾਸ਼ਾਂ ਤਬਕ ਜ਼ਿਮੀ ਦੇ ਚਾਰੇ
ਵਣ ਤ੍ਰਿਣ ਨਦੀਆਂ ਪਰਬਤ ਝੀਲਾਂ ਰੋਂਦੇ ਸਾਗਰ ਖਾਰੇ
ਐਪਰ ਇਸ ਤਾਰੇ ਦੇ ਟੁੱਟਿਆਂ ਐਸਾ ਮਾਤਮ ਛਾਇਆ
ਸਾਰੇ ਹੀ ਬ੍ਰਹਿਮੰਡ ਨੇ ਵੇਖੋ ਇਸ ਦਾ ਸੋਗ ਮਨਾਇਆ
ਜਦ ਉਹ ਬ੍ਰਹਮੀ ਸ਼ਕਤੀ ਅੰਦਰ ਵਾਂਗ ਤਰੇਲ ਸਮੋਇਆ
ਫਿਰ ਉਸੇ ਸ਼ਕਤੀ 'ਚੋਂ ਆ ਇਕ ਤਾਰਾ ਪ੍ਰਗਟ ਹੋਇਆ
ਫਿਰ ਗੁਲਸ਼ਣ ਦੇ ਗੁੰਚੇ ਆਏ ਖਿੜਿਆ ਫੁੱਲ ਅਨੋਖਾ
ਇਸ ਤੇ ਉਸ ਵਿਚ ਫਰਕ ਨਾ ਕੋਈ ਸਿਰਫ ਨਜ਼ਰ ਦਾ ਧੋਖਾ।

(੨)

ਰਾਤ ਭਰ ਚੰਨ ਦਾ ਮਾਤਮ ਮਨਾਇਆ ਸੀ ਤਾਰਿਆਂ ਨੇ
ਸੋਗ ਦਾ ਕਾਲਾ ਸੱਥਰ ਵਿਛਾਇਆ ਸੀ ਤਾਰਿਆਂ ਨੇ
ਕਹਿਰ ਦੀ ਮਸਿਆ ਦਾ ਹਨੇਰਾ ਪਸਰਿਆ ਜਾਂ ਚੁਫੇਰੇ
ਰਾਤ ਭਰ ਜਾਗ ਕੇ ਕੁਝ ਹਨੇਰਾ ਘਟਾਇਆ ਸੀ ਤਾਰਿਆਂ ਨੇ
ਜੁਗ ਜਿੰਨੀ ਹੋ ਗਈ ਲੰਬੀ ਗਮਾਂ ਦੀ ਰਾਤ ਜਾਂ
ਸਾਡਾ ਸਾਥ ਫਿਰ ਵੀ ਨਿਭਾਇਆ ਸੀ ਤਾਰਿਆਂ ਨੇ
ਮਸਿਆ ਤੋਂ ਬਾਅਦ ਚੜ੍ਹਦਾਂ ਦਿਨ ਤਾਂ ਉਡੀਕ ਅੜਿਆ
ਧੀਰਜ ਇਸ ਤਰ੍ਹਾਂ ਸਾਨੂੰ ਧਰਾਇਆ ਸੀ ਤਾਰਿਆਂ ਨੇ
ਜਦੋਂ ਸਬਰ ਨਾ ਹੋਇਆ ਖ਼ਬਰ ਦੇ ਆਉਣ ਤੀਕਰ ਵੀ
ਮਨ ਵਿਚ ਕੁਝ ਭੁਲੇਖਾ ਏਦਾਂ ਵੀ ਪਾਇਆ ਸੀ ਤਾਰਿਆਂ ਨੇ
ਅਸੀਂ ਵਿਧਾਤਾ ਤੇ ਸਵਾਲ ਕੀਤੇ ਨੇ ਉਂਗਲ ਉਠਾ ਕੇ ਵੀ
ਪਰ ਵਿਧਾਤਾ ਦਾ ਵਿਧਾਨ ਵੀ ਸਿਖਾਇਆ ਸੀ ਤਾਰਿਆਂ ਨੇ
ਆਈ ਰਾਤ ਪੁੰਨਿਆਂ ਦੀ ਤਾਂ ਚੰਨ ਫਿਰ ਤੋਂ ਉਦੇ ਹੋਇਆ
ਬਾਜਵਾ ਸਿਰ ਉਸ ਨੂੰ ਫਿਰ ਨਿਵਾਜਿਆ ਸੀ ਤਾਰਿਆਂ ਨੇ।

*ਜਗਜੀਤ ਨਗਰ (ਹਰੀਪੁਰਾ)*
*ਸਿਰਸਾ (ਹਰਿਆਣਾ)-੧੨੫੦੭੫*

*ਗੀਤ*

# ਉਦੇ ਪ੍ਰਕਾਸ਼ ਹੋ ਗਿਆ



ਗੁਰਾਂ ਜੋਤ ਨਾਲ ਜੋਤ ਨੂੰ ਜਗਾਇਆ ਉਦੇ ਪ੍ਰਕਾਸ਼ ਹੋ ਗਿਆ,
ਗੁਰੂ ਜਗਜੀਤ ਰੂਪ ਹੈ ਵਟਾਇਆ, ਉਦੇ ਪ੍ਰਕਾਸ਼ ਹੋ ਗਿਆ,

ਮੱਘਰ ਉਨਤੀ ਅਤੇ ਦਿਨ ਵੀਰ ਵਾਰ ਸੀ,
ਬ੍ਰਹਮਲੀਨ ਹੋਏ ਗੁਰੂ ਉਦਾਸ ਸੰਸਾਰ ਸੀ,
ਆਪੇ ਗੁਰਾਂ ਨੇ ਇਹ ਖੇਲ ਰਚਾਇਆ, ਓਦੇ ਪ੍ਰਕਾਸ਼ ਹੋ ਗਿਆ
ਗੁਰੂ ਜਗਜੀਤ ਰੂਪ ਹੈ ਵਟਾਇਆ..............

ਫੇਰ ਮਾਤਾ ਚੰਦ ਕੌਰ ਕੀਤਾ ਫੁਰਮਾਣ ਏ,
ਗੱਦੀ ਉਤੇ ਓਦੇ ਸਿੰਘ ਹੀ ਸੁਭਾਏ ਮਾਣ ਏ,
ਸੰਤ ਜਗਤਾਰ ਸਿੰਘ ਆਸਣ ਵਿਛਾਇਆ, ਉਦੇ ਪ੍ਰਕਾਸ਼ ਹੋ ਗਿਆ
ਗੁਰੂ ਜਗਜੀਤ ਰੂਪ ਹੈ ਵਟਾਇਆ.................

ਸ੍ਰੀ ਓਦੇ ਸਿੰਘ ਜਦੋਂ ਆਸਣ ਤੇ ਬਹਿ ਗਏ,
ਡੋਲੀ ਹੋਈ ਸੰਗਤਾਂ ਦੇ ਦਿਲ ਵੱਸ ਪੈ ਗਏ,
ਜਿਵੇਂ ਖਿਜ਼ਾ 'ਚ ਬਹਾਰ ਲੈ ਕੇ ਆਇਆ, ਉਦੇ ਪ੍ਰਕਾਸ਼ ਹੋ ਗਿਆ,
ਗੁਰੂ ਜਗਜੀਤ ਰੂਪ ਹੈ.................

ਸਭੇ ਸੰਗਤਾਂ ਦੇ ਦਿਲ ਫੁੱਲਾਂ ਵਾਂਗ ਖਿੱਲ ਗਏ,
ਜਿਵੇਂ ਕਿ ਕੰਗਾਲਾਂ ਨੂੰ ਹੈ ਹੀਰੇ ਲਾਲ ਮਿਲ ਗਏ,
ਜਿਵੇਂ ਪਿਆਸਿਆਂ ਨੂੰ ਖੂਹ ਹੈ ਥਿਆਇਆ ਉਦੇ ਪ੍ਰਕਾਸ਼ ਹੋ ਗਿਆ,
ਗੁਰੂ ਜਗਜੀਤ ਰੂਪ ਹੈ.................

ਨੌ ਪੋਹ ਨੂੰ ਭੈਣੀ ਸੰਗਤ ਆਈ ਬੇਸ਼ੁਮਾਰ ਦੀ
ਗੁਰਾਂ ਜੀ ਦਾ ਭੋਗ ਹੈ ਤੇ ਰਸਮ ਦਸਤਾਰ ਦੀ,
ਦੇਸ਼ਾਂ ਵਦੇਸ਼ਾਂ ਤੋਂ ਹੈ ਸਿੱਖਾਂ ਹਿੱਸਾ ਪਾਇਆ, ਉਦੇ ਪ੍ਰਕਾਸ਼ ਹੋ ਗਿਆ,
ਗੁਰੂ ਜਗਜੀਤ ਰੂਪ ਹੈ.................

ਸਭੇ ਧਰਮਾਂ ਤੋਂ ਪੱਗਾਂ ਭੈਣੀ ਸਾਹਿਬ ਆਈਆਂ ਨੇ,
ਹਾਜ਼ਰੀਆਂ ਕਈਆਂ, ਸਾਧਾਂ ਸੰਤਾਂ ਨੇ ਲੁਆਈਆਂ ਨੇ,
ਅੱਖੀਂ ਡਿੱਠਾ ਅਸਪਾਲ ਨੇ ਸੁਨਾਇਆ, ਓ ਦੇ ਪ੍ਰਕਾਸ਼ ਹੋ ਗਿਆ
ਗੁਰੂ ਜਗਜੀਤ ਰੂਪ ਹੈ ਵਟਾਇਆ, ਉਦੇ ਪ੍ਰਕਾਸ਼ ਹੋ ਗਿਆ।

*—ਕਰਨੈਲ ਸਿੰਘ ਅਸਪਾਲ*

*ਪਿੰਡ ਤੇ ਡਾਕ ਕਰੀਵਾਲਾ, ਸਿਰਸਾ, ਮੋਬ-੦੯੪੧੬੭-੨੨੬੧੦*



Namdhari Elibrary NamdhariElibrary@gmail.com

# ਦੋ ਗ਼ਜ਼ਲਾਂ/ —ਹਰਨੇਕ ਸਿੰਘ ਕੋਮਲ



(੧)

ਦੇਖਣ ਨੂੰ ਤਾਂ ਭਾਵੇਂ 'ਢਾਰਾ' ਲੱਗਦਾ ਹੈ।
ਰੰਮੂ ਨੂੰ 'ਘਰ' ਬੜਾ ਪਿਆਰਾ ਲੱਗਦਾ ਹੈ।
ਜਿਹੜੇ ਖੂਹ ਤੋਂ ਪਾਲੀ ਪਾਣੀ ਭਰਦੀ ਸੀ,
ਹੁਣ ਤਾਂ ਉਸਦਾ ਪਾਣੀ ਖਾਰਾ ਲੱਗਦਾ ਹੈ।
ਝੰਗ ਸਿਆਲਾਂ ਦੇ ਵਿਚ ਤ੍ਰਿਞਣ ਦਿਸਦੇ ਨਾ,
ਸੁੰਨਾ-ਸੁੰਨਾ ਤਖ਼ਤ ਹਜ਼ਾਰਾ ਲੱਗਦਾ ਹੈ।
ਸਹਿਜ-ਠਰੰਮਾ ਬੰਦੇ ਵਿਚੋਂ ਖ਼ਾਰਿਜ ਹੈ,
ਬੰਦੇ ਦਾ ਹੁਣ ਉੱਚਾ ਪਾਰਾ ਲੱਗਦਾ ਹੈ।
ਵਿਦਿਆ ਜਾਪੇ ਬੱਚੇ 'ਤੇ ਹੁਣ ਬੋਝ ਬਣੀ,
ਬੱਚੇ ਨਾਲੋਂ ਬਸਤਾ ਭਾਰਾ ਲੱਗਦਾ ਹੈ।
ਕੂੜ-ਕੁਫ਼ਰ ਤੋਂ ਬਚ ਕੇ ਜਿਹੜਾ ਰਹਿੰਦਾ ਹੈ,
'ਕੋਮਲ' ਨੂੰ ਉਹ ਸ਼ਖ਼ਸ ਪਿਆਰਾ ਲੱਗਦਾ ਹੈ।

(੨)

ਸੁਬਹ-ਸਵੇਰੇ ਫੁੱਲਾਂ ਦੀ ਗੱਲ ਕਰਦੇ ਨੇ।
ਆਥਣ ਵੇਲੇ ਠੰਡੇ ਹਉਕੇ ਭਰਦੇ ਨੇ।

ਅਦਬ-ਇਲਮ ਦੀ ਚਰਚਾ ਭਾਵੇਂ ਕਰਦੇ ਨੇ।
ਘ਼ੋਰੇ 'ਨੇਰੇ ਤੋਂ ਕਿਉਂ ਜੁਗਨੂੰ ਡਰਦੇ ਨੇ।

ਰੰਗ ਗੁਆਚੇ ਮੌਸਮ ਦੇ ਉਹ ਫੜਦਾ ਹੈ,
ਰੰਗ-ਬਰੰਗੇ ਕਮਰੇ ਦੇ ਹੁਣ ਪਰਦੇ ਨੇ।

ਦਿਲ ਵਾਲੇ ਵੀ ਦੁਨੀਆਂ ਵਾਂਗਰ ਬਦਲ ਗਏ,
ਦਿਲ ਵਾਲੇ ਵੀ ਦੌਲਤ 'ਤੇ ਹੁਣ ਮਰਦੇ ਨੇ।

ਦੁਨੀਆਂ ਹੈ ਇਕ ਮੰਡੀ ਸਭ ਕੁਝ ਵਿਕਦਾ ਹੈ,
ਸੌਦੇ ਲੋਕ ਜ਼ਮੀਰਾਂ ਦੇ ਹੁਣ ਕਰਦੇ ਨੇ।

ਨਿਰਭਉ ਹੋ ਕੇ ਦੁਨੀਆਂ ਦੇ ਵਿਚ ਜਿਉਂਦੇ ਨੇ,
ਸੱਚੇ-ਸੁੱਚੇ ਬੰਦੇ ਰੱਬ ਤੋਂ ਡਰਦੇ ਨੇ।

ਹੁਣ ਵੀ ਮੇਰੇ ਸ਼ਹਿਰ 'ਚ ਚਾਰ ਕੁ ਬੰਦੇ ਨੇ,
ਕਦੇ-ਕਦੇ ਜੋ ਚਾਨਣ ਦੀ ਗੱਲ ਕਰਦੇ ਨੇ।

*ਗਲੀ ਵਿਕਾਸ ਪਬਲਿਕ ਸਕੂਲ,*
*ਮਲੋਟ-੧੫੨੧੦੭ (ਪੰਜਾਬ)*
*ਮੋ-੯੩੧੭੭-੬੧੬੧੪*

# ਗ਼ਜ਼ਲ

*—ਸਿਰੀ ਰਾਮ ਅਰਸ਼*

ਹਰਫ਼ਾਂ ਦੇ ਬਾਲ ਦੀਵੇ, ਰੱਖੇ ਮੁੰਡੇਰ ਉੱਪਰ।
ਤੁਹਮਤ ਨਾ ਕੋਈ ਲੱਗੇ ਤਾਂ ਜੋ ਸਵੇਰ ਉੱਪਰ।

ਪਹਿਲਾਂ ਉਨ੍ਹਾਂ ਨੇ ਸਾਈ! ਬਸਤੀ ਨੂੰ ਫੂਕ ਸੁੱਟਿਆ,
ਫਿਰ ਇਕ ਪਲੰਗ ਸਜਾਇਆ ਭੂੱਬਲ ਦੇ ਢੇਰ ਉੱਪਰ।

ਕਲਿਜੁਗ ਦੇ ਕੁਝ ਮਸੀਹਾ ਦੇਖੇ ਮੈਂ ਜ਼ਿੰਦਗੀ ਵਿਚ,
ਚਾਦਰ ਕੁਰੀਤੀਆਂ ਦੀ ਪਾਉਂਦੇ ਹਨੇਰ ਉੱਪਰ।

ਰੁੱਤਾਂ ਨੇ ਵੈਣ ਪਾਏ, ਸਹਿਮੀ ਨਾ ਸਿਰਜਣਾ ਪਰ,
ਅਸਤਿਤਵ ਨੂੰ ਬਚਾਉਂਦੀ ਕੰਜਕ ਦੀ ਲੇਰ ਉੱਪਰ।

ਭਟਕਣ ਨੇ ਉਮਰ ਸਾਰੀ, ਬਣਵਾਸ ਵਿਚ ਹੀ ਰੱਖਿਆ,
ਢੋਈ ਮਿਲੇਗੀ ਜਾ ਕੇ, ਪਰਬਤ ਸੁਮੇਰ ਉੱਪਰ।

ਬੈਠੇ ਸਮਾਧੀਆਂ ਵਿਚ ਕਰਦੇ ਨੇ ਖੋਜ ਉਸ ਦੀ,
ਖੁਣਿਆ ਹੈ ਨਾਮ ਜਿਸ ਦਾ ਆਥਣ-ਸਵੇਰ ਉੱਪਰ।

ਮੰਗੇ ਜੋ ਖੈਰ ਸਭ ਦੀ, ਉਸ ਨੂਰ ਨੂੰ ਜਕੜ ਕੇ,
ਹਾਕਿਮ ਬਲੀ ਚੜ੍ਹਾਉਂਦੇ ਘਿਰਨਿਤ ਹਨੇਰ ਉੱਪਰ।

*ਮੋਬ-੯੮੮੮੪-੫੨੨੦੪*

# ਗ਼ਜ਼ਲ

*—ਨਿਰਮਲ ਸਿੰਘ ਭੰਡਾਲ*

ਆਵੇ ਨਾ ਕਿਤੇ ਕੰਗਾਲੀ, ਕਰੋ ਦੁਆ ਯਾਰੋ।
ਹੋਵੇ ਘਰ-ਘਰ ਖ਼ੁਸ਼ਹਾਲੀ, ਕਰੋ ਦੁਆ ਯਾਰੋ।

ਹੱਸੋ, ਖੇਡੋ, ਮੁਸਕਾਓ, ਮਜ਼ੇ ਕਰੋ ਹਰਦਮ
ਸੌਖੀ ਲੰਘੇ ਦੀਵਾਲੀ, ਕਰੋ ਦੁਆ ਯਾਰੋ

ਦੁਧ ਪੀਵੋ ਤੇ ਘਿਉ ਖਾਵੋ, ਨਸ਼ੇ ਕਰੋ ਨਾਹੀਂ,
ਸ਼ੀਸਾ ਕਦੇ ਨਾ ਰਹੇ ਖ਼ਾਲੀ, ਕਰੋ ਦੁਆ ਯਾਰੋ।

ਝਗੜੋ ਨਾ ਵਿਹਲੇ ਰਹਿ ਕੇ, ਪੜ੍ਹੋ, ਲਿਖੋ, ਗਾਓ,
ਸੁਪਨੇ ਆਉਣ ਨਾ ਖ਼ਿਆਲੀ, ਕਰੋ ਦੁਆ ਯਾਰੋ।

ਮਿਹਨਤ ਕਰਕੇ ਖਾਓ, ਕੁਝ ਗ਼ਰੀਬ ਨੂੰ ਦੇਵੋ,
ਖ਼ਾਲੀ ਜਾਏ ਨਾ ਸੁਆਲੀ, ਕਰੋ ਦੁਆ ਯਾਰੋ।

ਨਾ ਪ੍ਰਦੂਸ਼ਣ ਨਾ ਖ਼ੁਸ਼ਕੀ ਰਹੇ ਭਲਾ ਮੰਗੋ,
ਹੋਵੇ ਥਾਂ-ਥਾਂ ਹਰਿਆਲੀ, ਕਰੋ ਦੁਆ ਯਾਰੋ।

*੧੨੯, ਅਜੀਤ ਨਗਰ,*
*ਕਪੂਰਥਲਾ, ਮੋ-੯੮੫੨੮੧-੩੨੪੩੩*


Namdhari Elibrary NamdhariElibrary@gmail.com

## ਦੋ ਗ਼ਜ਼ਲਾਂ/ —ਪ੍ਰੋ. ਜਸਵੰਤ ਸਿੰਘ ਕੈਲਵੀ

(੧)



ਪੌਣਾਂ 'ਚ ਬੀਜ ਮਹਿਕਾਂ, ਮਹਿਕਾਂ ਦੀ ਲੋੜ ਯਾਰਾ!
ਟੁੱਟੇ ਨੇ ਦਿਲ ਜੁ ਟੁੱਟੇ, ਉਹਨਾਂ ਨੂੰ ਜੋੜ ਯਾਰਾ!

ਸੂਰਤ ਤੂੰ ਵੇਖ ਆਪਣੀ, ਸਾਹਵੇਂ ਖਲੋ ਕੇ ਇਸਦੇ,
ਸ਼ੀਸ਼ੇ ਨੂੰ ਦੋਸ਼ ਨਾ ਦੇ, ਸ਼ੀਸ਼ਾ ਨਾ ਤੋੜ ਯਾਰਾ!

ਫਰਜ਼ੋਂ ਅਵੇਸਲਾ ਹੋ ਮੂੰਹ ਨਾ ਛੁਪਾ ਤੂੰ ਬੀਬਾ!
ਜੀਵਨ ਤੋਂ ਜੋ ਲਿਆ ਹੈ ਜੀਵਨ ਨੂੰ ਮੋੜ ਯਾਰਾ!

ਵਿਸ਼ਵਾਸ ਦਾ ਜੋ ਪੁਲ ਹੈ, ਉਸਨੂੰ ਉਸਾਰ ਮੁੜ ਕੇ
ਬੇੜੀ ਤੂੰ ਬਹਿਰ ਅੰਦਰ ਐਵੇਂ ਨਾ ਰੋੜ੍ਹ ਯਾਰਾ!

ਪਹਿਨੇਂਗਾ ਕਦ ਕੁ ਤਕ ਤੂੰ, ਵਸਤਰ ਬਦਨ ਤੇ ਝੂਠੇ?
ਸੱਚ ਦਾ ਲਿਬਾਸ ਤਨ ਤੇ ਮੁੜਕੇ ਤੂੰ ਓੜ ਯਾਰਾ!

ਪੱਥਰਾਂ ਦੇ ਵਾਂਗ ਭੁੱਖੇ, ਨਫਰਤ ਦੇ ਬੋਲ ਥੱਲੇ
ਪੱਥਰ ਜੁ ਮਾਰਦੇ ਨੇ ਉਹਨਾਂ ਨੂੰ ਹੋੜ ਯਾਰਾ!

ਫਲ ਇਹ ਪਿਆਰ ਵਾਲਾ, ਪੱਕਣ ਦੇ ਸ਼ਾਖ ਉੱਤੇ
ਕਾਹਲਾ ਨਾ ਕੈਲਵੀ ਪੈ, ਹਾਇ ਨਾ ਤੋੜ ਯਾਰਾ!

(੨)

ਹੁੰਦਾ ਹਾਂ ਰੋਜ਼ ਰੋਜ਼ ਮੈਂ ਦੁੱਖਾਂ ਦੇ ਰੂਬਰੂ।
ਹੁੰਦੀ ਹੈ ਪੌਣ ਜਿਸ ਤਰ੍ਹਾਂ, ਰੁੱਖਾਂ ਦੇ ਰੂਬਰੂ।
ਮਿਹਨਤ ਕਸ਼ਾ ਨੂੰ ਰੋਲ਼ ਕੇ ਭੁੱਖੇ ਨੇ ਮਾਰਦੇ
ਹਾਕਿਮ ਸਮੇਂ ਦੇ ਬੈਠ ਕੇ ਸੁੱਖਾਂ ਦੇ ਰੂਬਰੂ।
ਝੰਡਾ ਭੁਲਾ ਕੇ ਦੇਸ਼ ਦਾ, ਪਿੰਜਰਾਂ ਨੂੰ ਆਖਦੇ-
ਸੁਪਨੇ ਲਵੋ ਬਹਾਰ ਦੇ, ਧੁੱਖਾਂ ਦੇ ਰੂਬਰੂ।
ਠਾਣਾ ਕਰ ਨਿਆਂ ਕੀ ਕੁੱਖਾਂ ਦੇ ਕਾਤਲੋ!
ਦੇਵੋ ਬਿਆਨ ਆਣ ਕੇ, ਕੁੱਖਾਂ ਦੇ ਰੂਬਰੂ।
ਉਲਟੇ ਕਲੰਡਰ ਵਾਂਗ ਹੈ ਦੁਨੀਆ ਇਹ ਦੋਸਤੋ।
ਪੜ੍ਹਦਾ ਹੈ ਕੌਣ ਪੀੜ ਹੈ ਮੁੱਖਾਂ ਦੇ ਰੂਬਰੂ?
ਕਰਦਾ ਸਲਾਮ ਖਾਸ ਮੈਂ, ਉਸਨੂੰ ਹਾਂ ਕੈਲਵੀ।
ਚੜ੍ਹਿਆ ਬਸ਼ਰ ਜੁ ਅਰਸ਼ ਤੇ ਭੁੱਖਾਂ ਦੇ ਰੂਬਰੂ।

੧੧੮/੫ ਗੁਰੂ ਅਰਜਨ ਦੇਵ ਨਗਰ,
ਫ਼ਿਰੋਜ਼ਪੁਰ ਸ਼ਹਿਰ-੧੫੨੦੦੨, ਮੋ-੯੮੭੮੩੮੧੪੭੪

## ਦੋ ਗ਼ਜ਼ਲਾਂ/ —ਸੁਰਿੰਦਰ ਕੌਰ ਬਾੜਾ



(੧)

ਜੇ ਮਰਤਬਾ ਹੋ ਚਾਹੁੰਦੇ ਵੇਖੋ ਮਿਟਾ ਕੇ ਹਸਤੀ
ਨਫ਼ਰਤ ਦੀ ਅੱਗ ਅੰਦਰ ਜਲ ਜਾਏ ਨਾ ਇਹ ਬਸਤੀ

ਤੂਫ਼ਾਨ ਬਣ ਗਿਆ ਇਹ ਝੌਕਾ ਹਵਾ ਦਾ ਜਿਸ ਪਲ
ਫਿਰ ਡੋਲ ਜਾਇਗੀ ਇਹ ਇਸ ਜ਼ਿੰਦਗੀ ਦੀ ਹਸਤੀ

ਹਰ ਬਸ਼ਰ ਸੋਚਦਾ ਏ ਦੌਲਤ ਤਾਂ ਹੈ ਇਹ ਮੇਰੀ
ਹੁੰਦੀ ਹੈ ਦਿਲ ਦੀ ਦੌਲਤ ਦੋ ਚਾਰ ਦਿਨ ਦੀ ਮਸਤੀ

ਐਨੀ ਕਤਾਰ ਲੰਮੀ ਦਿਸਦੀ ਹੈ ਇਸ ਲਈ ਇਹ
ਚਾਨਣ ਜੋ ਵੰਡਦੀ ਹੈ ਇਹ ਜੁਗਨੂਆਂ ਦੀ ਬਸਤੀ

ਹੈ ਬੰਦਗੀ ਖ਼ੁਦਾ ਦੀ ਦਿਲ ਵਿਚ ਹੈ ਜੇ ਮੁਹੱਬਤ
ਜੇ ਕਰ ਨਹੀਂ ਮੁਹੱਬਤ ਦਿਲ ਵੀ ਕੀ ਹੈ ਹਸਤੀ

ਪੱਥਰਾਂ ਦੇ ਬੁੱਤ ਵੀ ਨੇ ਮੈਂ ਮੋਮ ਬਣਦੇ ਵੇਖੇ
ਉਲਫ਼ਤ ਮਿਜਾਜ਼ ਹੋਈ ਜਦ ਜਦ ਵੀ ਖ਼ੁਦ ਪ੍ਰਸਤੀ

ਮਿਲੀਆਂ ਨੇ ਚੰਦ ਘੜੀਆਂ ਤੂੰ ਸੋਚ ਲੈ 'ਸੁਰਿੰਦਰ'
ਮਿਲਦੀ ਨਾ ਸਾਰੀ ਉਮਰਾਂ ਪਿਆਰਾਂ ਨੂੰ ਸਰਪ੍ਰਸਤੀ

(੨)

ਸੁਪਨੇ ਕਦ ਸੁਪਨਾ ਰਹਿੰਦੇ ਜਦ ਹੋ ਜਾਵਣ ਸਾਕਾਰ
ਮਹਿਲ ਬਣਾਉਂਦੇ ਫਿਰ ਇਹ ਧਰਤੀ ਅੰਬਰ ਦੇ ਵਿਚਕਾਰ

ਗੀਝ ਹੈ ਦਿਲ ਦੇ ਅੰਬਰ ਡੂਟੇ ਨਿਤ ਸਤਰੰਗੀ ਪੀਂਘ
ਪਰੀਆਂ ਦਾ ਝੁਰਮਟ ਹੋਵੇ ਤੇ ਠੰਢੀ ਪਵੇ ਫੁਹਾਰ

ਰੂਹ ਖ਼ੁਸ਼ੀਆਂ ਵਿੱਚ ਨੱਚਦੀ ਹੋਵੇ ਪਿਆਰ ਦੀ ਵੰਝਲੀ ਸੁਣ ਕੇ
ਯਾ ਰੱਬ ਹਰ ਸੁਬਹਾ ਹੀ ਹੋਵੇ ਪ੍ਰੀਤਾਂ ਦਾ ਵਿਸਥਾਰ

ਨਫ਼ਰਤ ਹੋਵੇ ਕੂਚ ਜਹਾਨੋਂ ਮੇਰੇ ਸਿਰ ਦੇ ਸਾਈਂ
ਤਖ਼ਤ ਹਜ਼ਾਰੇ ਤੇ ਸਿਆਲਾਂ ਦਾ ਹਰ ਥਾਂ ਹੋਵੇ ਪਿਆਰ

ਬੂਹੇ ਆਣ ਖਲੋ ਜਾਂਦੀ ਏ ਮੰਜ਼ਿਲ ਖ਼ੁਦ-ਬ-ਖ਼ੁਦ ਹੀ
ਜੀਣ ਦਾ ਮਕਸਦ ਮਿਲ ਜਾਵੇਗਾ ਖ਼ੁਦ ਤੇ ਕਰ ਇਕਤਬਾਰ

ਪਲ ਦੋ ਪਲ ਦਾ ਸਾਥ ਹੈ ਲਗਦਾ ਬੁਝਦਾ ਜਿਹਾ ਚਿਰਾਗ
ਜਗ ਜਗ ਬੁਝ ਬੁਝ ਹੋ ਜਾਵੇ ਨਾ ਇਸ ਦੀਵੇ ਦੀ ਹਾਰ

ਜ਼ੋਰਾਵਰ ਇਹ ਇਸ਼ਕ 'ਸੁਰਿੰਦਰ' ਲੁਟਦਾ ਰਿਹੈ ਡੰਝੋਰ
ਕੱਚਿਆਂ ਉੱਤੇ ਹੁਸਨ ਝਨ੍ਹਾਂ ਹੀ ਕਰਦਾ ਆਇਐ ਪਾਰ।

ਵਾਰਡ ਨੰ. 13, ਮਕਾਨ ਨੰਬਰ 189,
ਨੇੜੇ ਗੁਰਦੁਆਰਾ ਭਾਈ ਸੋਹਨ ਸਿੰਘ,
ਜੀ.ਟੀ. ਰੋਡ ਬਾੜਾ (ਸਰਹਿੰਦ), ਜ਼ਿਲ੍ਹਾ ਫਤਹਿਗੜ੍ਹ ਸਾਹਿਬ
ਮੋਬਾਇਲ ਨੰ. 098550-63175



Namdhari Elibrary NamdhariElibrary@gmail.com

# ਬੜੇ ਹੀ ਪਿਆਰੇ ਨੇ

*—ਮਾਸਟਰ ਅਮਰੀਕ ਸਿੰਘ*



ਸਤਿਗੁਰੂ ਉਦੈ ਸਿੰਘ ਬੜੇ ਹੀ ਪਿਆਰੇ ਨੇ,
ਬਣ ਗਏ ਨਾਮਧਾਰੀ ਪੰਥ ਦੇ ਸਹਾਰੇ ਨੇ।

ਗੁਰੂ ਜਗਜੀਤ ਮਨ ਜਿੱਤਿਆ ਜਹਾਨ ਦਾ,
ਸਮਾਂ ਆਇਆ ਜੋਤੀ ਵਿਚ ਜੋਤ ਰਲ ਜਾਣ
ਦਾ,
'ਕਰੋ' ਵਡ-ਪਰਤਾਪੀ ਪਾਸ ਜਾਣ ਦੇ ਤਿਆਰੇ ਨੇ।

ਸੰਤ ਜਗਤਾਰ ਸਿੰਘ ਆਸਨ ਵਛਾਇਆ ਏ,
ਜਗਤ ਮਾਤ ਚੰਦ ਕੌਰ ਗੱਦੀ ਤੇ ਬਿਠਾਇਆ ਏ,
ਸੰਗਤਾਂ ਨੇ ਉੱਚੀ ਉੱਚੀ ਛੱਡੇ ਜੈਕਾਰੇ ਨੇ।

ਸੁਪਨੇ ਬੇਅੰਤ ਜੀ ਦੇ ਕਰਨਗੇ ਸਾਕਾਰ ਇਹ,
ਅੱਗੇ ਨਾਲੋਂ ਕਰਨ ਸੋਹਣੀ ਪੰਥ ਦੀ ਨੁਹਾਰ ਇਹ,
ਹੋਏ ਹਰ ਪਾਸਿਓਂ ਤਾਂ ਐਸੇ ਹੀ ਇਸ਼ਾਰੇ ਨੇ।

ਰੁੱਸਿਆਂ ਨੂੰ ਇਹਨਾਂ ਿ ਆਰ ਕਰਕੇ ਮਨਾਣਾਂ ਏ,
ਪਏ ਜੋ ਕੁਰਾਹੇ ਸਿੱਧੇ ਰਾਹੇ ਫੇਰ ਪਾਣਾਂ ਏ,
ਭੁੱਲੇ ਇਨਸਾਨ ਬਣ ਜਾਣੇ ਚੰਨ ਤਾਰੇ ਨੇ।

ਵਿੱਛੜਿਆਂ ਤਾਈਂ ਘੁੱਟ ਘੁੱਟ ਗਲੇ ਲਾਣਗੇ,
ਵੈਰਾਂ ਤੇ ਵਿਰੋਧਾਂ ਤਾਈਂ ਜੜ੍ਹੋਂ ਹੀ ਮੁਕਾਣਗੇ,
ਏਦੂੰ ਬਿਨਾਂ ਹੋਣੇ ਨਹੀਂ ਉੱਚਾ ਹੀ ਗੁਜ਼ਾਰੇ ਨੇ।

ਗੁਰੂ ਜਗਜੀਤ ਆਓ ਇਹਨਾਂ ਵਿਚੋਂ ਤੱਕੀਏ
ਇਹਨਾਂ ਅਗੇ ਝੁਕਣ ਤੋਂ ਡਰੀਏ ਨ ਝੱਕੀਏ,
ਇਹ ਹੀ ਹੁਣ ਬੜੇ ਸਾਡੇ ਚਾਨਣ-ਮੁਨਾਰੇ ਨੇ।

ਕਹੇ ਅਮਰੀਕ ਆਓ ਭੈਣੀ ਸਾਹਿਬ ਚੱਲੀਏ,
ਉਹਦੀਆਂ ਬਰੂਹਾਂ ਸਦਾ ਸਦਾ ਲਈ ਮੱਲੀਏ,
ਉਥੇ ਗਿਆਂ ਮਿਲਣੇ ਸਵਰਗੀ ਨਜ਼ਾਰੇ ਨੇ।

*ਨਵਾਂ ਨਾਨੇਪੁਰ ਬਾਈਪਾਸ*
*ਸਬਜ਼ੀ ਮੰਡੀ, ਐਲਨਾਬਾਦ*
*ਸਿਰਸਾ (ਹਰਿਆਣਾ)*

*ਗੀਤ*

# ਲਾਂਵੀਂ ਬੇੜੇ ਪਾਰ ਆ ਕੇ

*—ਕਰਨੈਲ ਸਿੰਘ ਅਸਪਾਲ*



ਦੋਹਾ

ਸਜਣ ਵਇਦਾ ਕਰੇਂਦਿਆਂ ਨੈਨਾ ਚਾਏ
ਵੈਣ,
ਨਾ ਰੋ ਨੈਨੋ ਭੈੜਿਓ ਵੇਖਣ ਦਿਓ ਨੈਨ
ਸੁੱਖ ਚੱਲੇ ਦੁੱਖ ਆ ਮਿਲੇ, ਦਰੋਂ ਉਠਾਏ ਚੈਨ
ਮੇਲੇ ਫੇਰ ਮਹੱਮਦਾ ਖ਼ਬਰ ਨਹੀਂ ਕਦ ਹੋਣ ਦਾਸ।

ਚੀਨੀ ਵਾਲੇ ਪ੍ਰੀਤਮਾਂ ਵੇ ਦੇਵਣਾ ਦੀਦਾਰ ਆ ਕੇ,
ਡੁੱਬ ਰਹੇ ਸਾਗਰਾਂ 'ਚ ਲਾਵੀਂ ਬੇੜੇ ਪਾਰ ਆ ਕੇ,

ਤੇਰੇ ਸਿੱਖਾਂ ਸੇਵਕਾਂ ਰੰਗੂਨ ਗੇੜੇ ਲਾਏ ਸੀ,
ਗਲੀ ਗਲੀ ਫਿਰੇ ਇਹ ਤੁਸੀਂ ਨਜ਼ਰੀਂ ਨਾ ਆਏ ਜੀ,
ਵਿਆਕਲ ਹੋ ਹੋਏ ਸਿੱਖ, ਵੇਖੋ ਬੇਸ਼ੁਮਾਰ ਆ ਕੇ,
ਡੁੱਬ ਰਹੇ ਹਾਂ ਸਾਗਰਾਂ 'ਚ.......................

ਭਾਲਿਆ ਰੰਗੂਨ ਅਤੇ ਵੇਖੀ ਮਰਗੋਈ ਏ,
ਕਿਸੇ ਨਾਲ ਹੋਵੇ ਨਾ ਜੋ ਸਾਡੇ ਨਾਲ ਹੋਈ ਏ,
ਦਸ ਦਿਓ ਟਿਕਾਣਾ ਕੋਈ ਕਰੋ ਉਪਕਾਰ ਆ ਕੇ,
ਡੁੱਬ ਰਹੇ ਹਾਂ ਸਾਗਰਾਂ 'ਚ.....................

ਸਧਰਾਂ ਤੇ ਚਾਅ ਜੋ ਅਧੂਰੇ ਸਾਰੇ ਰਹਿ ਗਏ
ਹਾਵਾਂ ਅਤੇ ਹੰਝੂਆਂ ਦੇ ਅਸੀਂ ਵੱਸ ਪੇਹਿ ਗਏ,
ਬ੍ਰਿਹੋਂ 'ਚ ਭੁੱਜ ਰਹੇ ਹਾਂ ਤੱਕੋ ਇਕ ਵਾਰ ਆ ਕੇ,
ਡੁੱਬ ਰਹੇ ਹਾਂ ਸਾਗਰਾਂ 'ਚ .....................

ਤੇਰੇ ਬਿਨਾ ਆਜ਼ਾਦੀ ਵੀ ਗੁਲਾਮੀ ਜਿਹੀ ਭਾਸਕੀ,
ਤੁਸੀਂ ਜੋ ਸੀ ਸੋਚੀ ਉਹ ਆਜ਼ਾਦੀ ਨਹੀਂ ਜਾਪਦੀ
ਪਾਤਸ਼ਾਹ ਜੀ ਪੂਰੇ ਕਰੋ ਸੁੱਪਨੇ ਸਾਕਾਰ ਆ ਕੇ,
ਡੁੱਬ ਰਹੇ ਹਾਂ ਸਾਗਰਾਂ 'ਚ..................

ਜੇ ਤੁਸੀਂ ਆਉਣ ਨਹੀਂ ਤਾਂ ਕੋਲ ਹੀ ਬੁਲਾ ਲਉ
ਨਿਮਾਣੇ ਅਸਪਾਲ ਤਾਂ ਈ ਚਰਨਾਂ ਤੇ ਲਾ ਲਉ
ਤਪੰਦਿਆ ਸੀਨਿਆਂ ਨੂੰ ਕਰੋ ਠੰਡਾ ਠਾਰ ਆ ਕੇ,
ਡੁੱਬ ਰਹੇ ਹਾਂ ਸਾਗਰਾਂ 'ਚ................।

*ਪਿੰਡ ਤੇ ਡਾਕ ਕਰੀਵਾਲਾ,*
*ਸਿਰਸਾ*



Namdhari Elibrary NamdhariElibrary@gmail.com

# ਸਤਿਗੁਰੂ ਜਗਜੀਤ ਸਿੰਘ ਕੁਝ ਅਭੁੱਲ ਯਾਦਾਂ

—ਸੁਲੱਖਣ ਸਿੰਘ ਤਿੰਡਰ



ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸਾਰੀ ਸ੍ਰਿਸ਼ਟੀ ਦੇ ਮਾਲਕ ਸਨ। ਸਾਡੇ ਚੰਗੇ ਭਾਗ ਹਨ, ਸਾਨੂੰ ਸਤਿਗੁਰੂ ਜਗਜੀਤ ਸਿੰਘ ਜੀ ਦੇ ਗੁਰੂ ਰੂਪ ਵਿਚ ਦਰਸ਼ਨ ਹੋਏ ਹਨ। ਸਤਿਗੁਰੂ ਜਗਜੀਤ ਸਿੰਘ ਜੀ ਦੀ ਮਹਿਮਾ ਅਪਰ ਅਪਾਰ, ਉਹ ਸੁਖਾਂ ਦੇ ਸਾਗਰ ਸਨ। ਉਹ ਬ੍ਰਹਿਮੰਡਾਂ ਦੀਆਂ ਸ਼ਕਤੀਆਂ ਦੇ ਮਾਲਕ ਸਨ। ਉਹ ਸਾਖਿਆਤ ਭਗਵਾਨ ਸਰਗੁਣ ਸਰੂਪ ਸਨ ਅਤੇ ਅਨੰਤ ਕਲਾ ਦੇ ਮਾਲਕ ਸਨ।

ਸਤਿਗੁਰੂ ਜਗਜੀਤ ਸਿੰਘ ਜੀ ਆਪਣੇ ਸਿੱਖਾਂ ਨੂੰ ਸਦਾ ਨਿਵਾਜਦੇ ਸਨ। ਉਹਨਾਂ ਦੇ ਕੌਤਕਾਂ ਦਾ ਤਾਂ ਅੰਤ ਹੀ ਨਹੀਂ ਸੀ। ਉਹ ਆਪਣੇ ਸਿੱਖਾਂ ਤੇ ਸਦਾ ਬਖ਼ਸ਼ਿਸ਼ਾਂ ਕਰਦੇ ਰਹਿੰਦੇ ਸਨ। ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਜੋ ਬਖ਼ਸ਼ਿਸ਼ਾਂ ਮੇਰੇ ਤੇ ਹੋਈਆਂ, ਉਹ ਅਭੁੱਲ ਯਾਦਾਂ ਬਣ ਕੇ ਅਮਿਟ ਛਾਪ ਛੱਡ ਗਈਆਂ ਹਨ।

ਇਹ ਵਾਰਤਾ ਕੋਈ ੧੯੬੭-੬੮ ਸੰਨ ਦੇ ਨੇੜੇ ਦੀ ਹੈ ਇਨ੍ਹੀਂ ਦਿਨੀਂ ਮੈਂ ਸ੍ਰੀ ਗੁਰੂ ਹਰੀ ਸਿੰਘ ਮਹਾਂ-ਵਿਦਿਆਲ ਸ੍ਰੀ ਜੀਵਨ ਨਗਰ ਵਿਚ ਪੜ੍ਹਿਆ ਕਰਦਾ ਸੀ। ਸ੍ਰੀ ਜੀਵਨ ਨਗਰ ਵਿਚ ਤਿੰਨ ਤੋਂ ਚਾਰ ਵਜੇ ਰੋਜ਼ਾਨਾ ਨਿਤਨੇਮ ਹੁੰਦਾ ਸੀ। ਸਤਿਗੁਰੂ ਜਗਜੀਤ ਸਿੰਘ ਜੀ ਦੀ ਕ੍ਰਿਪਾ ਸਦਕਾ ਮੈਨੂੰ ਨਿਤਨੇਮ ਵਿਚ ਜਾਣ ਦੀ ਅਥਾਹ ਖਿੱਚ ਰਹਿੰਦੀ ਸੀ। ਜਦੋਂ ਸ੍ਰੀ ਮਹਾਰਾਜ ਬੀਰ ਸਿੰਘ ਜੀ ਸ੍ਰੀ ਜੀਵਨ ਨਗਰ ਹੁੰਦੇ ਸਨ ਤਾਂ ਨਿਤਨੇਮ ਵਿਚ ਜਾਣ ਦਾ ਨਜ਼ਾਰਾ ਕੁਝ ਹੋਰ ਹੀ ਹੁੰਦਾ ਸੀ। ਅਟੱਲ ਪ੍ਰਤਾਪੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਪਵਿੱਤਰ ਉਪਦੇਸ਼ ਸੁਨਣ ਨੂੰ ਨਸੀਬ ਹੁੰਦਾ ਸੀ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਰਸ਼ਨ ਦਿੰਦੇ ਰਹਿੰਦੇ ਸਨ। ਉਹਨਾਂ ਦੇ ਆਉਣ ਨਾਲ ਜੀਵਨ ਨਗਰ ਦੀਆਂ ਸੰਗਤਾਂ ਦੇ ਭਾਗ ਖੁੱਲ ਜਾਂਦੇ ਸਨ। ਇਕ ਵਾਰ ਦੀ ਗੱਲ ਹੈ ਕਿ ਦਇਆ ਦੇ ਸਾਗਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸ੍ਰੀ ਜੀਵਨ ਨਗਰ ਦਰਸ਼ਨ ਦੇ ਰਹੇ ਸਨ ਮੈਂ ਸਕੂਲੋਂ ਆ ਕੇ ਨਿਤਨੇਮ ਵਿਚ ਜਾਣਾ ਹੁੰਦਾ ਸੀ। ਮੈਂ ਸਕੂਲੋਂ ਕਾਹਲੀ ਕਾਹਲੀ ਜੀਵਨ ਨਗਰ ਵਾਲੇ ਬਾਗ ਵਾਲੇ ਰਸਤੇ ਆ ਰਿਹਾ ਸੀ ਤਾਂ ਬਾਗ ਵਿਚ ਖ਼ਾਲ ਵਾਲੀ ਪੁਲੀ ਤੇ ਦੁਨੀਆਂ ਰਹਿਬਰ, ਸ਼ਹਿਨਸ਼ਾਹ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਮੈਨੂੰ ਦਰਸ਼ਨ ਹੋਏ, ਉਸ ਵਕਤ ਉਹਨਾਂ ਦੇ ਨਾਲ ਸ. ਅਮਰ ਸਿੰਘ ਨੰਬਰਦਾਰ, ਸ. ਅਵਤਾਰ ਸਿੰਘ ਝੱਬਰ ਤੇ ਹੋਰ ਪਤਵੰਤੇ ਸੱਜਣ ਸਨ।

ਮੈਨੇ ਸਤਿਗੁਰੂ ਜੀ ਦੇ ਚਰਨਾਂ ਤੇ ਮੱਥਾ ਟੇਕਿਆ। ਸਤਿਗੁਰੂ ਜੀ ਦੀ ਨਜ਼ਰ ਮੇਰੇ ਨੱਕ ਤੇ ਹੋਈ ਧੱਦਰ ਤੇ ਪਈ। ਸਤਿਗੁਰੂ ਜੀ ਕਹਿਣ ਲੱਗੇ ਕਾਕਾ ਤੇਰੇ ਨੱਕ ਤੇ ਧੱਦਰ ਹੈ। ਮੈਂ ਹੱਥ ਜੋੜ ਕੇ ਖੜਾ ਸਤਿਗੁਰਾਂ ਦੀਆਂ ਖੁਸ਼ੀਆਂ ਲੈ ਰਿਹਾ ਸਾਂ। ਸਤਿਗੁਰਾਂ ਨੇ ਆਪਣੀ ਉਂਗਲ ਦੀ ਛੋਹ ਮੇਰੇ ਨੱਕ ਤੇ ਫੇਰੀ ਤੇ ਰੋਗ ਕੱਟ ਦਿੱਤਾ। ਅਗਲੇ ਦਿਨ ਮੈਨੂੰ ਸ਼ੀਸ਼ੇ ਨਾਲ ਨੱਕ ਵੇਖਿਆ ਤੇ ਮੇਰੇ ਨੱਕ ਤੇ ਧੱਦਰ ਦਾ ਨਾਂ ਨਿਸ਼ਾਨ ਹੀ ਨਾ ਰਿਹਾ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕ੍ਰਿਪਾ ਦ੍ਰਿਸ਼ਟੀ ਨਾਲ ਧੱਦਰ ਹੱਟ ਗਈ।

ਸੰਨ ੨੦੦੦ ਦੀ ਘਟਨਾ ਹੈ ਕਿ ਮੈਂ ਮਕਾਨ ਬਣਾ ਰਿਹਾ ਸਾਂ ਤਾਂ ਮਾਇਆ ਦੀ ਤੰਗੀ ਆ ਗਈ ਕਿਉਂਕਿ ਮਕਾਨ ਬਨਾਉਣ ਲੱਗਿਆਂ ਬਹੁਤ ਧਨ ਲੱਗਦਾ ਹੈ। ਮੇਰਾ ਮਹਿਕਮੇ ਵਿਚ ਕੁਝ (Arrear) ਬਕਾਇਆ ਰੁਪਿਆ ਪਿਆ ਸੀ। ਉਹ ਮਿਲਣ ਨਾਲ ਮੇਰਾ ਕੰਮ ਚਲਦਾ ਸੀ। ਪ੍ਰੰਤੂ ਕੁਝ ਅਰਸੇ ਤੋਂ ਮਹਿਕਮਾ ਪੈਸੇ ਦੇਣ ਦਾ ਨਾਂ ਹੀ ਸੀ ਲੈ ਰਿਹਾ।

ਮੈਂ ਭਾਵੁਕ ਹੋ ਕੇ ਦੀਨ ਦੁਨੀਆ ਦੇ ਮਾਲਕ ਸਤਿਗੁਰੂ ਜੀ ਦੇ ਚਰਨਾਂ ਵਿਚ ਅਰਦਾਸ ਕੀਤੀ, "ਬਿਰਥੀ ਕਦੇ ਨਾ ਹੋਵਈ ਜਨ ਕੀ ਅਰਦਾਸ" ਦੇ ਮਹਾਂਵਾਕ ਅਨੁਸਾਰ ਅਗਲੇ ਦਿਨ ਹੀ ਮਹਿਕਮੇ ਵਿਚ ਟੈਲੀਫ਼ੋਨ ਆ ਗਿਆ ਕਿ ਜੋ ਤੁਹਾਡਾ ਬਕਾਇਆ ਰੁਪਿਆ ਹੈ ਆ ਕੇ ਲੈ ਜਾਉ। ਸਤਿਗੁਰੂ ਜਗਜੀਤ ਸਿੰਘ ਜੀ ਆਪਣੇ ਸੇਵਕਾਂ ਦੇ ਸਦਾ ਅੰਗ ਸੰਗ ਰਹਿੰਦੇ ਸਨ। ਸਤਿਗੁਰੂ ਜੀ ਮੇਰੇ ਤੇ ਅਪਾਰ ਕ੍ਰਿਪਾ ਕਰਦੇ ਰਹੇ ਅਤੇ ਆਪਣੇ ਚਰਨਾਂ ਦਾ ਪਿਆਰ ਬਖਸ਼ਦੇ ਰਹੇ।

*੧੨੮, ਜੈਪੂ ਕਾਲੋਨੀ, ਗਲੀ ਨੰ.-੬, ਸ੍ਰੀ ਮੁਕਤਸਰ ਸਾਹਿਬ-੧੫੨੦੨੬*

*ਫੋਨ-੯੫੬੯੦-੮੨੧੮੮*



Namdhari Elibrary NamdhariElibrary@gmail.com

# ਭਾਰ ਨਾ ਬਣ ਜਾਵਾਂ

—ਭੁਪਿੰਦਰ ਉਸਤਾਦ



ਮੰਗੀਲਾਲ ਰੋਜ਼ ਦੀ ਤਰ੍ਹਾਂ ਤਿਆਰ ਹੋ ਕੇ ਸਵੇਰੇ ਰੋਟੀ ਖਾ ਕੇ ਘਰੋਂ ਚਲੇ ਗਿਆ। ਸ਼ਾਮ ਨੂੰ ਜਦੋਂ ਉਹ ਵਾਪਸ ਆਇਆ ਤਾਂ ਉਸਦੇ ਹੱਥ ਵਿਚ ਲੱਡੂਆਂ ਦਾ ਲਿਫਾਫਾ ਸੀ। ਉਸਨੇ ਸਾਰਿਆਂ ਦੇ ਹੱਥਾਂ 'ਤੇ ਦੋ ਦੋ ਲੱਡੂ ਰੱਖ ਦਿੱਤੇ।

ਪੁੱਤ ਇਹ ਜ਼ਮੀਨ ਵੇਚੀ ਦੇ ਲੱਡੂ ਲੈ ਕੇ ਆਇਆਂ? ਮਾਂ ਨੇ ਖੁਸ਼ੀ ਭਰੇ ਰੌਂ 'ਚ ਪੁੱਛਿਆ।

ਨਹੀਂ ਬੀਬੀ! ਇਹ ਜ਼ਮੀਨ ਵੇਚੀ ਦੇ ਲੱਡੂ ਨਹੀਂ, ਇਹ ਤਾਂ ਮੈਂ ਨਵਾਂ ਘਰ ਖਰੀਦਿਆ, ਆਪਣੇ ਲਈ, ਉਸ ਖੁਸ਼ੀ ਵਿਚ ਹਨ। ਮੰਗੀਲਾਲ ਦੀ ਗੱਲ ਸੁਣ ਕੇ ਸਾਰੇ ਟੱਬਰ ਦੇ ਚਿਹਰਿਆਂ ਉਤੇ ਆਈ ਖੁਸ਼ੀ ਦੀ ਲਹਿਰ ਅਲੋਪ ਹੋ ਗਈ। ਪੰਡਤ ਜੀ ਦੇ ਹੱਥ ਉਤੇ ਪਿਆ ਲੱਡੂ ਜ਼ਮੀਨ ਉਤੇ ਡਿੱਗ ਪਿਆ।

ਨਵਾਂ ਘਰ ਖਰੀਦਿਆ ਤੂੰ ਆਪਣੇ ਲਈ? ਪੰਡਤ ਬਨਾਰਸੀਦਾਸ ਜੀ ਹੈਰਾਨੀ ਨਾਲ ਮੰਗੀਲਾਲ ਵਲ ਦੇਖਦੇ ਰਹਿ ਗਏ?

ਵੇ ਟੁੱਟ ਪੈਣਿਆਂ, ਦੁਗਾੜਾ ਲੱਗਣਿਆਂ, ਤੂੰ ਕਿਸੇ ਨੂੰ ਪੁੱਛਿਆ ਵੀ ਨਹੀਂ, ਤੇ ਘਰ ਵੀ ਖਰੀਦ ਆਇਆਂ। ਜ਼ਮੀਨ ਦੇ ਮਿਲੇ ਪੈਸੇ ਲਾ ਆਇਆਂ ਵਿਲੇ?

ਬੀਬੀ ਪੁੱਛਣਾ ਕੀ ਸੀ? ਮੈਂ ਸੋਚਿਆ ਜੇ ਪੈਸੇ ਘਰ ਪਏ ਰਹਿ ਗਏ ਤਾਂ ਫਜ਼ੂਲ ਦੇ ਕੰਮਾਂ 'ਚ ਖਰਚ ਹੋ ਜਾਣੇ ਨੇ, ਕਿਉਂ ਨਾ ਆਪਣੇ ਲਈ ਇਕ ਘਰ ਹੀ ਲੈ ਲਵਾਂ। ਬਣਿਆ ਬਣਾਇਆ ਮਿਲਦਾ ਸੀ ਸਸਤਾ, ਬਸ ਲੈ ਲਿਆ।

ਨਾ ਤੈਨੂੰ ਆਪਣੀ ਭੈਣ ਨਹੀਂ ਦਿਸੀ ਕੋਠੇ ਜਿੱਡੀ ਹੋਈ। ਅਜੇ ਗਏ ਦਿਨ ਤਾਂ ਏਦ੍ਹੇ ਵਿਆਹ ਦੀ ਗੱਲ ਹੋਈ ਸੀ ਤੇਰੇ ਨਾਲ। ਏਦ੍ਹੇ ਵਿਆਹ ਨੂੰ ਤੂੰ ਫਜ਼ੂਲ ਦਾ ਕੰਮ ਸਮਝ ਲਿਆ। ਨੌਂ ਸਾਲ ਤੇਰੇ ਪਿਤਾ ਜੀ ਕਰਜ਼ਾ ਲੈ ਲੈ ਕੇ ਮੁਕੱਦਮਾ ਲੜਦੇ ਰਹੇ। ਉਹ ਕਰਜ਼ਾ ਦੇਣਾ ਤੈਨੂੰ ਹੁਣ ਫਜ਼ੂਲ ਦਾ ਕੰਮ ਲੱਗਾ। ਲੀਲਾ ਦੇਵੀ ਇਕੋ-ਸਾਹ ਕਈ ਸਵਾਲ ਕਰ ਗਈ।

ਬੀਬੀ ਗੁੱਸਾ ਕਿਉਂ ਕਰਦੀ ਐਂ। ਇਸ ਸਾਲ ਪਿਤਾ ਜੀ ਨੇ ਰਿਟਾਇਰ ਹੋ ਜਾਣਾ। ਇਨ੍ਹਾਂ ਨੂੰ ਉਦੋਂ ਪੰਦਰਾਂ ਸੋਲਾਂ ਹਜ਼ਾਰ ਰੁਪਿਆ ਮਿਲ ਜਾਣਾ। ਉਸ ਨਾਲ ਬੀਨਾ ਦਾ ਵਿਆਹ ਵੀ ਹੋ ਜਾਣਾ ਤੇ ਕਰਜ਼ਾ ਵੀ ਲੱਥ ਜਾਣਾ ਖੁੱਲ੍ਹਾ ਡੁੱਲ੍ਹਾ। ਹੁਣ ਗਾਂਹ ਤੁਹਾਡੇ ਕਿਹੜਾ ਐਨੇ ਖਰਚੇ ਹਨ। ਖਫਾ ਹੋਣ ਵਾਲੀ ਕਿਹੜੀ ਗੱਲ ਹੈ। ਰੋਟੀ ਵਾਸਤੇ ਪੈਨਸ਼ਨ ਲੱਗ ਹੀ ਜਾਣੀ ਹੈ। ਮੰਗੀਲਾਲ ਨੇ ਸਭ ਕੁਝ ਸਮਝਾ ਦਿੱਤਾ।

ਵਾਹ ਪੁੱਤ ਵਾਹ! ਸਾਰੇ ਹਿਸਾਬ ਜੋੜ ਕੇ ਬੈਠਾਂ। ਜ਼ਮੀਨ ਵੇਚ ਕੇ ਤੂੰ ਖਾ ਗਿਆ ਤੇ ਕਰਜ਼ਾ ਅਸੀਂ ਲਾਹੀਏ।

ਕੀ ਖਾ ਗਿਆ ਮੈਂ? ਕੁਛ ਬਣਾਇਆ ਈ ਆ, ਗਵਾਇਆ ਤਾਂ ਨਹੀਂ। ਮੰਗੀਲਾਲ ਨੇ ਤਰਕ ਦਿੱਤਾ। ਮੈਂ ਕੋਈ ਜੂਏ 'ਚ ਤਾਂ ਨਹੀਂ ਹਾਰ ਆਇਆ, ਆਪਣਾ ਘਰ ਲੈ ਲਿਆ, ਕਾਹਦੇ ਲਈ ਅੱਖਾਂ ਕੱਢੀ ਜਾਂਦੇ ਓ।

ਜਾਹ ਦਫਾ ਹੋ ਜਾ ਫਿਰ, ਘਰ ਤਾਂ ਤੂੰ ਲੈ ਹੀ ਲਿਆ। ਵਿਆਹ ਉਥੇ ਜਾ ਕੇ ਕਰਾ ਲਈਂ। ਮਾਂ ਨੇ ਤਲਖੀ 'ਚ ਮੰਗੀਲਾਲ ਨੂੰ ਕਹਿ ਦਿੱਤਾ। ਮੰਗੀਲਾਲ ਨੇ ਪਹਿਲਾਂ ਮਾਂ ਵਲ ਦੇਖਿਆ ਤੇ ਫਿਰ ਪਿਤਾ ਵਲ। ਪੰਡਤ ਹੁਰਾਂ ਨਜ਼ਰਾਂ ਦੂਜੇ ਪਾਸੇ ਕਰ ਲਈਆਂ।

ਹੁਣ ਤੂੰ ਸਾਡੇ ਵਲ ਕੀ ਦੇਖਦਾਂ, ਤੈਨੂੰ ਹੁਣ ਸਾਡੀ ਜਰੂਰਤ ਨਹੀਂ ਰਹਿ ਗਈ। ਤੂੰ ਬਹੁਤ ਸਿਆਣਾ ਹੋ ਗਿਆਂ। ਮਾਂ ਦੀਆਂ ਅੱਖਾਂ 'ਚ ਪਾਣੀ ਭਰ ਗਿਆ।

ਮੰਗੀਲਾਲ ਨੇ ਕੋਈ ਜੁਆਬ ਨਾ ਦਿੱਤਾ। ਉਹ ਕਮਰੇ 'ਚ ਗਿਆ ਤੇ ਆਪਣਾ ਕਪੜਿਆਂ ਵਾਲਾ ਟਰੰਕ ਚੁੱਕਿਆ ਤੇ ਪੌੜੀਆਂ ਵਲ ਨੂੰ ਹੋ ਤੁਰਿਆ। ਭੈਣ ਨੇ ਉਸਨੂੰ ਰੋਕਣਾ ਚਾਹਿਆ। ਮੰਗੀਲਾਲ ਨੇ ਉਸ ਨੂੰ ਹੱਥ ਨਾਲ ਪਿੱਛੇ ਕਰ ਦਿੱਤਾ ਤੇ ਪੌੜੀਆਂ ਉਤਰ ਗਿਆ। ਅਸੀਂ ਸਾਰੇ ਹੈਰਾਨ ਪਰੇਸ਼ਾਨ ਹੋਏ ਦੇਖਦੇ ਰਹਿ ਗਏ।

ਪੰਡਤ ਬਨਾਰਸੀਦਾਸ ਜੀ ਰੇਲਵੇ 'ਚ ਇਲੈਕਟ੍ਰੀਸ਼ਨ ਸਨ ਉਹ ੧੯੫੫-੫੬ ਵਿਚ ਜਲੰਧਰ ਆਏ ਸਨ। ਸਾਡੇ ਮਕਾਨ ਦੀ ਪਹਿਲੀ ਮੰਜ਼ਲ ਉਤੇ ਮੇਰੇ ਕਮਰੇ ਦੇ ਨਾਲ ਲੱਗਦੇ ਕਮਰੇ ਵਿਚ ਉਨ੍ਹਾਂ ਦੇ ਛੇ ਜੀਆਂ ਦੇ ਟੱਬਰ ਦਾ ਬਸੇਰਾ ਸੀ। ਪੰਡਤ ਜੀ, ਉਨ੍ਹਾਂ ਦੀ ਘਰਵਾਲੀ ਲੀਲਾ ਦੇਵੀ, ਵੱਡਾ ਮੁੰਡਾ ਗੋਪਾਲ ਕੁੜੀ ਫਿਰ ਛੋਟਾ ਮੁੰਡਾ ਮੰਗੀਲਾਲ ਤੇ ਫਿਰ ਛੋਟੀ ਕੁੜੀ ਗੋਪਾਲ ਮੇਰੇ ਤੋਂ ਇਕ ਜਮਾਤ ਪਿੱਛੇ ਸੀ। ਮੇਰਾ ਸਾਰਾ ਪਰਿਵਾਰ ਹੇਠਾਂ ਰਹਿੰਦਾ ਸੀ, ਪੜ੍ਹਨ ਦਾ ਕਰਕੇ ਮੈਂ ਪਹਿਲੀ ਮੰਜ਼ਿਲ ਦਾ ਕਮਰਾ ਸਾਂਭਿਆ ਹੋਇਆ ਸੀ।



Namdhari Elibrary NamdhariElibrary@gmail.com

ਛੇ ਮੈਂਬਰਾਂ ਦੇ ਟੱਬਰ ਲਈ, ਪੰਡਤ ਜੀ ਦੀ ਤਨਖਾਹ ਵੀ ਘੱਟ ਪੈਂਦੀ ਸੀ ਤੇ ਰਹਿਣ ਵਾਸਤੇ ਇਹ ਕਮਰਾ ਤਾਂ ਹਰ ਹੀਲੇ ਘੱਟ ਹੀ ਸੀ। ਉਪਰਲੀ ਮੰਜ਼ਿਲ ਹੋਣ ਕਰਕੇ ਪੰਡਤ ਹੁਰਾਂ ਨੇ ਕਮਰੇ ਦੇ ਅੱਗੇ ਤਰਪਾਲ ਲਾ ਕੇ ਇਕ ਮੰਜਾ ਪੱਕੇ ਤੌਰ ਤੇ ਇਕ ਦੀਵਾਰ ਨਾਲ ਡਾਹ ਰੱਖਿਆ ਸੀ। ਗਰਮੀਆਂ ਨੂੰ ਤਾਂ ਕਮਰੇ ਦੇ ਅੱਗੇ ਬਹੁਤ ਥਾਂ ਸੀ, ਭਾਵੇਂ ਪੰਦਰਾਂ ਮੰਜੇ ਡਾਹ ਲੈਣ, ਪਰ ਸਰਦੀਆ ਨੂੰ ਬਹੁਤ ਮੁਸ਼ਕਲ ਹੋ ਜਾਂਦੀ ਸੀ। ਕਮਰੇ ਵਿਚ ਮੁਸ਼ਕਲ ਨਾਲ ਆਮ ਸਾਇਜ਼ ਦੇ ਦੋ ਮੰਜੇ ਹੀ ਡਾਹ ਹੁੰਦੇ ਸਨ। ਪਰ ਪੰਡਤ ਜੀ ਦੇ ਇਕੋ ਸਪੈਸ਼ਲ ਮੰਜੇ ਨੇ ਹੀ ਅੱਧੇ ਨਾਲੋਂ ਜ਼ਿਆਦਾ ਦਾ ਕਮਰਾ ਰੋਕ ਰੱਖਿਆ ਸੀ। ਉਹ ਮੰਜਾ ਤਾਂ ਵੈਸੇ ਹੀ ਢਾਈ ਫੁੱਟ ਦੇ ਕਰੀਬ ਉੱਚਾ ਸੀ। ਪੰਡਤ ਜੀ ਨੇ ਉਸ ਦੇ ਅੱਠ ਅੱਠ ਇੰਚੀ ਚੌੜੇ ਪਾਵਿਆਂ ਹੇਠ ਇੱਟਾਂ ਦੇ ਕੇ ਉਸ ਨੂੰ ਹੋਰ ਫੁੱਟ ਭਰ ਉੱਚਾ ਕੀਤਾ ਹੋਇਆ ਸੀ, ਉਸਦੇ ਹੇਠਾਂ ਇਕ ਮੰਜਾ ਵਾੜਿਆ ਹੋਇਆ ਸੀ। ਫਿਰ ਉਸ ਮੰਜੇ ਦੇ ਹੇਠਾਂ ਫਰਸ਼ ਉਤੇ ਵੀ ਬਿਸਤਰਾ ਵਿਛਾ ਲਿਆ ਜਾਂਦਾ ਸੀ। ਦੋ ਬੱਚਿਆਂ ਲਈ ਉਸ ਪੇਟੀ ਉਤੇ ਸੌਣ ਦਾ ਪ੍ਰਬੰਧ ਕੀਤਾ ਹੋਇਆ ਸੀ, ਜੋ ਵੱਡੇ ਮੰਜੇ ਦੇ ਬਰਾਬਰ ਦਰਵਾਜ਼ੇ ਦੇ ਨਾਲ ਰੱਖੀ ਹੋਈ ਸੀ। ਕਮਰੇ ਦੀ ਬਾਹਰਲੀ ਚੌਦਾਂ ਇੰਚ ਦੀ ਦੀਵਾਰ ਵਿਚ ਦੋ ਅਲਮਾਰੀਆ ਸਮਾਨ ਨਾਲ ਭਰੀਆਂ ਪਈਆਂ ਸਨ। ਬੱਚਿਆਂ ਦੇ ਫੱਟੀਆਂ ਬਸਤੇ, ਬਾਹਰ ਤਰਪਾਲ ਹੇਠਾਂ ਹੀ ਪਏ ਰਹਿੰਦੇ ਸਨ। ਪੰਡਤ ਜੀ ਦੀ ਜੀਵਨ ਗੱਡੀ ਜਿਵੇਂ ਕਿਵੇਂ ਰਿੜ੍ਹੀ ਜਾ ਰਹੀ ਸੀ। ਉਨ੍ਹਾਂ ਨੇ ਕਦੀ ਵੀ ਕੋਈ ਸ਼ਿਕਾਇਤ ਨਹੀਂ ਸੀ ਕੀਤੀ, ਕਿਸੇ ਕੋਲ। ਉਨ੍ਹਾਂ ਦਾ ਚਿਹਰਾ ਹਮੇਸ਼ਾ ਸਕੂਨ ਭਰਿਆ ਦਿਸਦਾ।

ਫਿਰ ਇਕ ਦਿਨ ਉਨ੍ਹਾਂ ਦੀ ਸ਼ਾਂਤ ਜ਼ਿੰਦਗੀ 'ਚ ਇਕ ਵਾਵਰੋਲਾ ਆ ਗਿਆ। ਜਿਸ ਨੇ ਪੰਡਤ ਜੀ ਨੂੰ ਹਿਲਾ ਕੇ ਰੱਖ ਦਿੱਤਾ। ਉਨ੍ਹਾਂ ਨੂੰ ਕਿਸੇ ਵਕੀਲ ਵਲੋਂ ਇਕ ਨੋਟਿਸ ਮਿਲਿਆ। ਨੋਟਿਸ ਦੇਖ ਕੇ ਉਹ ਪਰੇਸ਼ਾਨ ਹੋ ਗਏ। ਵਕੀਲ ਨੂੰ ਜਾ ਕੇ ਮਿਲੇ, ਵਕੀਲ ਨੇ ਲੰਬੀਆਂ ਚੌੜੀਆਂ ਕਾਨੂੰਨੀ ਘੁੰਡੀਆਂ 'ਚ ਉਨ੍ਹਾਂ ਨੂੰ ਉਲਝਾ ਦਿੱਤਾ। ਨਾ ਚਾਹੁੰਦਿਆਂ ਹੋਇਆਂ ਵੀ ਪੰਡਤ ਜੀ ਮੁਕੱਦਮੇਬਾਜ਼ੀ 'ਚ ਉਲਝ ਗਏ।

ਪੰਡਤ ਜੀ ਦਾ ਛੋਟਾ ਮੁੰਡਾ ਮੰਗੀਲਾਲ ਉਦੋਂ ਅੱਠਾਂ ਕੁ ਸਾਲਾਂ ਦਾ ਸੀ ਜਦੋਂ ਉਸਦੇ ਨਾਨੇ ਨੇ ਆਪਣੀ ਜ਼ਮੀਨ ਦਾ ਇਕ ਟੋਟਾ ਮੰਗੀਲਾਲ ਦੇ ਨਾਂ ਕਰਾ ਦਿੱਤਾ। ਮੰਗੀ ਦੇ ਇਕ ਮਾਮੇ ਨੂੰ ਇਸ ਗੱਲ ਤੇ ਇਤਰਾਜ਼ ਸੀ। ਉਸਨੇ ਕਚਿਹਰੀ 'ਚ ਉਹ ਜ਼ਮੀਨ ਲੈਣ ਲਈ ਕੇਸ ਕਰ ਦਿੱਤਾ। ਮੰਗੀਲਾਲ ਤਾਂ ਉਦੋਂ ਨਬਾਲਗ ਸੀ, ਭੁਗਤਣਾ ਪੰਡਤ ਜੀ ਨੂੰ ਪਿਆ।

ਪੰਡਤ ਜੀ ਦਾ ਘਰ ਦਾ ਖਰਚ ਤਾਂ ਪਹਿਲਾਂ ਹੀ ਮੁਸ਼ਕਲ ਨਾਲ ਚੱਲ ਰਿਹਾ ਸੀ। ਪੰਡਤ ਹੋਣ ਕਰਕੇ ਉਨ੍ਹਾਂ ਨੂੰ ਲੋਕਾਂ ਦੇ ਘਰੋਂ ਹੁੰਦਾ ਚੱਕਵੀਂ ਰੋਟੀ ਮਿਲ ਜਾਂਦਾ ਸੀ ਉਸ ਨਾਲ ਰੋਟੀ ਦਾ ਗੁਜ਼ਾਰਾ ਹੋਈ ਜਾ ਰਿਹਾ ਸੀ। ਪਰ ਮੁਕੱਦਮੇ ਦੀ ਅਣਚਾਹੀ ਆਫਤ ਨੇ ਵਕੀਲ ਦੀ ਫੀਸ ਤੇ ਕਚਿਹਰੀ ਦੇ ਖਰਚੇ ਵਧਾ ਦਿੱਤੇ ਸਨ। ਇਨ੍ਹਾਂ ਤੋਂ ਤਾਂ ਪੰਡਤ ਜੀ ਹੁਣ ਭੱਜ ਨਹੀਂ ਸੀ ਸਕਦੇ। ਹੌਲੀ ਹੌਲੀ ਕਰਜ਼ਾ ਲੈ ਕੇ ਪੰਡਤ ਜੀ ਸਭ ਝੱਲੀ ਜਾ ਰਹੇ ਸਨ। ਫਿਰ ਵੱਡੇ ਮੁੰਡੇ ਨੇ ਦਸਵੀਂ ਦੇ ਪੇਪਰ ਦੇ ਕੇ ਕੋਈ ਕੰਮ ਲੱਭ ਲਿਆ। ਜਿਸ ਨਾਲ ਪੰਡਤ ਜੀ ਨੂੰ ਥੋਹੜਾ ਜਿਹਾ ਆਸਰਾ ਹੋ ਗਿਆ।

ਵੱਡੀ ਕੁੜੀ ਨੇ ਅੱਠ ਜਮਾਤਾਂ ਪਾਸ ਕਰਕੇ ਸਿਲਾਈ ਸਿਖ ਲਈ ਤਾਂ ਕੰਮ ਕਰਦਾ ਮੁੰਡਾ ਦੇਖ ਕੇ ਉਸ ਦਾ ਵਿਆਹ ਕਰ ਦਿੱਤਾ। ਉਸਦਾ ਪ੍ਰੋਹਣਾ ਕਿਸੇ ਫੈਕਟਰੀ ਵਿਚ ਕੰਮ ਕਰਦਾ ਸੀ। ਸਾਲ ਬਾਅਦ ਕੁੜੀ ਆਪਣੇ ਘਰ ਚਲੇ ਗਈ। ਗੋਪਾਲ ਦੀ ਉਮਰ ਵੀ ਵਿਆਹ ਜੋਗੀ ਹੋ ਗਈ ਸੀ। ਔਖੇ ਸੌਖੇ ਪੰਡਤ ਜੀ ਨੇ ਗੋਪਾਲ ਦਾ ਵਿਆਹ ਵੀ ਕਰ ਦਿੱਤਾ। ਕੁੜੀ ਗਈ ਤੇ ਨੂੰਹ ਆ ਗਈ। ਕਮਰੇ ਨੂੰ ਥੋਹੜੀ ਸੌਖ ਹੋ ਗਈ। ਹੁਣ ਬਾਕੀ ਸਾਰਾ ਟੱਬਰ ਬਾਹਰ ਸੌਂਦਾ ਤੇ ਨੂੰਹ ਪੁੱਤ ਅੰਦਰ ਸੌਂਦੇ। ਗੋਪਾਲ ਦੀ ਤਨਖਾਹ ਐਨੀ ਨਹੀਂ ਸੀ ਕਿ ਉਹ ਵੱਖਰਾ ਕਮਰਾ ਲੈ ਕੇ ਕਿਰਾਏ ਉਤੇ ਰਹਿ ਕੇ ਘਰ ਤੋਰ ਸਕਦਾ।

ਮਜਬੂਰੀ ਨੇ ਸਾਰਿਆਂ ਨੂੰ ਇਕੋ ਕਮਰੇ ਵਿਚ ਤੂੜਿਆ ਪਿਆ ਸੀ। ਵੱਡੀ ਕੁੜੀ ਦੀ ਸ਼ਾਦੀ ਤੋਂ ਬਾਅਦ ਮੰਗੀਲਾਲ ਨੇ ਵੀ ਦਸਵੀਂ ਕਰ ਲਈ ਤਾਂ ਉਹ ਆਪਣੇ ਭਣੋਈਏ ਕੋਲ ਹੀ ਉਸੇ ਫੈਕਟਰੀ ਵਿਚ ਕੰਮ ਸਿੱਖਣ ਲੱਗ ਪਿਆ। ਪੰਡਤ ਜੀ ਨੂੰ ਥੋਹੜੀ ਸੌਖ ਹੋ ਗਈ। ਫਿਰ ਜ਼ਮੀਨ ਦੇ ਕੇਸ ਦਾ ਫੈਸਲਾ ਵੀ ਪੰਡਤ ਜੀ ਦੇ ਹੱਕ ਵਿਚ ਹੋ ਗਿਆ। ਨੌਂ ਸਾਲ ਪੰਡਤ ਜੀ ਨੇ ਗਿਣ ਗਿਣਕੇ ਕੱਟੇ। ਸਾਰੇ ਖੁਸ਼ ਸਨ ਕਿ ਪੰਡਤ ਜੀ ਦੇ ਰਿਟਾਇਰ ਹੋਣ ਤੋਂ ਪਹਿਲਾਂ ਪਹਿਲਾਂ ਹੀ ਫੈਸਲਾ ਹੋ ਗਿਆ। ਹੁਣ ਮੰਗੀਲਾਲ ਵੀ ਬਾਲਗ ਹੋ ਚੁੱਕਾ ਸੀ। ਪੰਡਤ ਜੀ ਦੇ ਸਿਰ ਬੇਸ਼ਕ ਕਰਜ਼ਾ ਚੜ੍ਹ ਗਿਆ ਸੀ, ਫਿਰ ਵੀ ਉਨ੍ਹਾਂ ਨੂੰ ਜਿੱਤ ਨੇ ਥੋਹੜਾ ਹੌਸਲਾ ਦੇ ਦਿੱਤਾ ਸੀ। ਸਾਰੇ ਟੱਬਰ ਨੇ ਇਕ ਦਿਨ ਬੈਠ ਕੇ ਸਲਾਹ ਕੀਤੀ ਕਿ ਜ਼ਮੀਨ ਵੇਚ ਕੇ ਨਾਲੇ ਤਾਂ ਕਰਜ਼ਾ ਲਹਿ ਜਾਵੇ ਨਾਲੇ ਛੋਟੀ ਕੁੜੀ ਦੀ ਸ਼ਾਦੀ ਹੋ ਜਾਏ। ਪੰਡਤ ਜੀ ਨੇ ਮੰਗੀਲਾਲ ਨੂੰ ਸਮਝਾਇਆ ਕਿ ਉਹ ਕਚਹਿਰੀ ਜਾ ਕੇ ਜਿੱਤੇ ਹੋਏ ਮੁਕੱਦਮੇ ਦੀ ਨਕਲ ਬਣਵਾ ਕੇ ਲੈ ਆਵੇ। ਇਹ ਕੰਮ ਕਰਦਿਆਂ ਮੰਗੀਲਾਲ ਨੇ ਮਹੀਨਾ ਭਰ ਲਾ ਦਿੱਤਾ। ਮੰਗੀਲਾਲ ਰੋਜ਼ ਸਵੇਰੇ ਤਿਆਰ ਹੋ ਕੇ ਚਲੇ ਜਾਂਦਾ ਤੇ ਸ਼ਾਮ ਨੂੰ ਮੁੜਦਾ। ਕਦੀ ਕਦੀ ਉਹ ਪਿੰਡ ਵੀ ਚਲੇ ਜਾਂਦਾ ਤੇ ਦੋ-ਦੋ ਤਿੰਨ-ਤਿੰਨ ਦਿਨ ਨਾ ਮੁੜਦਾ। ਜਿਸ ਮਾਮੇ ਨੇ ਕੇਸ ਕੀਤਾ



Namdhari Elibrary NamdhariElibrary@gmail.com

ਸੀ ਉਹ ਤਾਂ ਸਾਲ ਭਰ ਪਹਿਲਾਂ ਗੁਜ਼ਰ ਚੁੱਕਾ ਸੀ। ਦੂਜੇ ਮਾਮੇ ਨਾਲ ਮੰਗੀ ਦੀ ਬਣਦੀ ਸੀ, ਇਸ ਕਰਕੇ ਮੰਗੀ ਨੂੰ ਉਥੇ ਰਹਿਣ 'ਚ ਕੋਈ ਤਕਲੀਫ ਨਹੀਂ ਸੀ। ਮੰਗੀ ਨੇ ਫਿਰਦਿਆਂ ਤੁਰਦਿਆਂ ਜ਼ਮੀਨ ਦੇ ਗਾਹਕ ਵੀ ਬਣਾ ਲਏ ਸਨ।

ਜ਼ਮੀਨ ਦਾ ਸੌਦਾ ਹੋ ਗਿਆ। ਪੰਡਤ ਜੀ ਤੇ ਗੋਪਾਲ ਵੀ ਮੰਗੀਲਾਲ ਨਾਲ ਗਏ। ਤਸੀਲਦਾਰ ਦੇ ਸਾਹਮਣੇ ਗਾਹਕਾਂ ਨੇ ਮੰਗੀ ਨੂੰ ਪੈਸੇ ਗਿਣ ਕੇ ਦੇ ਦਿੱਤੇ। ਮੰਗੀ ਨੂੰ ਸਾਰਾ ੯੦੦੦ ਰੁਪਿਆ ਮਿਲਿਆ। ਮੰਗੀ ਨੇ ਪੈਸੇ ਲੈ ਕੇ ਆਪਣੇ ਬੈਗ ਵਿਚ ਪਾ ਕੇ ਸਾਂਭ ਲਏ। ਤਿੰਨੇ ਜਾਣੇ ਖੁਸ਼ੀ ਖੁਸ਼ੀ ਘਰ ਆ ਗਏ। ਸਾਰਾ ਟੱਬਰ ਖੁਸ਼ ਸੀ ਕਿ ਹੁਣ ਸਾਰੇ ਕੰਮ ਸੌਖੇ ਹੀ ਹੋ ਜਾਣਗੇ। ਲਿਆ ਕਰਜ਼ਾ ਵੀ ਮੋੜ ਹੋ ਜਾਏਗਾ ਤੇ ਕੁੜੀ ਦਾ ਵਿਆਹ ਵੀ ਹੋ ਜਾਏਗਾ। ਹੁਣ ਤਾਂ ਦੋਵੇਂ ਮੁੰਡੇ ਵੀ ਕਮੌਣ ਲੱਗ ਪਏ ਹਨ। ਕੋਈ ਦੋ ਤਿੰਨ ਕਮਰਿਆਂ ਵਾਲਾ ਘਰ ਵੀ ਦੇਖ ਲਵਾਂਗੇ। ਅਗਲੀ ਜ਼ਿੰਦਗੀ ਸੌਖੀ ਹੋ ਜਾਏਗੀ।

ਪਰ ਮੰਗੀਲਾਲ ਦੇ ਅਚਾਨਕ ਕਾਰਨਾਮਾ ਕਰਕੇ ਘਰੋਂ ਚਲੇ ਜਾਣ ਨਾਲ ਸਾਰੇ ਟੱਬਰ ਦੀਆਂ ਉਮੀਦਾਂ ਤੇ ਪਾਣੀ ਫਿਰ ਗਿਆ।

ਮੰਗੀਲਾਲ ਦੇ ਚਲੇ ਜਾਣ ਤੋਂ ਛੇ ਕੁ ਮਹੀਨੇ ਬਾਅਦ ਹੀ ਪੰਡਤ ਜੀ ਰਿਟਾਇਰ ਹੋ ਗਏ। ਉਨ੍ਹਾਂ ਨੇ ਸਭ ਤੋਂ ਪਹਿਲਾਂ ਛੋਟੀ ਕੁੜੀ ਦੀ ਸ਼ਾਦੀ ਕੀਤੀ। ਹੁਣ ਉਸ ਮੇਰੇ ਨਾਲ ਦੇ ਕਮਰੇ ਵਿਚ ਪੰਡਤ ਜੀ, ਉਨ੍ਹਾਂ ਦੀ ਘਰਵਾਲੀ ਲੀਲਾ ਦੇਵੀ ਅਤੇ ਨੂੰਹ ਪੁੱਤ ਰਹਿ ਗਏ। ਵਕਤ ਕਾਫ਼ੀ ਬਦਲ ਗਿਆ ਸੀ। ਲੋਕਾਂ ਦੇ ਘਰਾਂ 'ਚੋਂ ਜੋ ਹੰਦੇ ਦੀ ਰੋਟੀ ਮਿਲਦੀ ਸੀ, ਕੁਝ ਮਹਿੰਗਾਈ ਕਰਕੇ ਤੇ ਕੁਝ ਲੋਕਾਂ ਦੀ ਸੋਚ ਨੇ ਉਨ੍ਹਾਂ ਨੂੰ ਰੋਟੀ ਤਕਰੀਬਨ ਦੇਣੀ ਬੰਦ ਕਰ ਦਿੱਤੀ ਸੀ।

ਦੋਵੇਂ ਕੁੜੀਆਂ ਆਪਣੇ ਘਰੀਂ ਠੀਕ ਸਨ। ਪੰਡਤ ਜੀ ਨੇ ਕਰਜ਼ਾ ਵੀ ਲਾਹ ਦਿੱਤਾ ਸੀ। ਤਨਖਾਹ ਬੰਦ ਹੋ ਕੇ ਪੈਨਸ਼ਨ ਲੱਗ ਗਈ ਸੀ।

ਇਕ ਦਿਨ ਗੋਪਾਲ ਤੇ ਉਸਦੀ ਬੀਵੀ ਆਪਸ ਵਿਚ ਝਗੜ ਪਏ। ਅਸਲ ਵਿਚ ਪੰਡਤ ਜੀ ਨੇ ਆਪਣੇ ਕੁੜਮਾਂ ਨਾਲ ਵਾਅਦਾ ਕੀਤਾ ਸੀ ਕਿ ਗੋਪਾਲ ਨੂੰ ਸ਼ਾਦੀ ਤੋਂ ਬਾਅਦ ਅਲੱਗ ਕਮਰਾ ਲੈ ਦਿਆਂਗੇ। ਪਰ ਹਾਲਾਤ ਨੇ ਇੰਝ ਹੋਣ ਨਹੀਂ ਦਿੱਤਾ। ਇਸ ਕਰਕੇ ਮੁੰਡੇ ਵਹੁਟੀ 'ਚ ਖਿੱਚ ਖਿੱਚ ਹੁੰਦੀ ਰਹਿੰਦੀ ਸੀ। ਪਰ ਉਸ ਦਿਨ ਤਾਂ ਗੱਲ ਸਾਰਿਆਂ ਦੇ ਸਾਹਮਣੇ ਆ ਗਈ। ਕਿਉਂਕਿ ਇਕੋ ਕਮਰਾ ਹੋਣ ਕਰਕੇ ਵਹੁਟੀ ਆਪਣੇ ਆਪ ਨੂੰ ਕੈਦੀ ਮਹਿਸੂਸ ਕਰਦੀ। ਜਾਂ ਤਾਂ ਉਸਨੂੰ ਸਾਰੀ ਦਿਹਾੜੀ ਲੰਬਾ ਸਾਰਾ ਘੁੰਡ ਕੱਢ ਕੇ ਰੱਖਣਾ ਪੈਂਦਾ ਜਾਂ ਫਿਰ ਇਕੱਲੀ ਨੂੰ ਰਸੋਈ ਵਿਚ ਖੂੰਜੇ ਲੱਗ ਕੇ ਬਹਿਣਾ ਪੈਂਦਾ।

ਵੈਸੇ ਪੰਡਤ ਜੀ ਕਈ ਵਾਰ ਗੋਪਾਲ ਨੂੰ ਕਹਿ ਹਟੇ ਸਨ ਕਿ ਉਹ ਕਿਤੇ ਆਪਣਾ ਵੱਖਰਾ ਕਮਰਾ ਲੈ ਕੇ ਆਪਣਾ ਘਰ ਚਲਾ ਲਵੇ ਪਰ ਗੋਪਾਲ ਹੀ ਵੱਖਰਾ ਹੋ ਕੇ ਰਾਜੀ ਨਹੀਂ ਸੀ, ਕਿਉਂਕਿ ਉਸ ਨੂੰ ਜੋ ਤਨਖਾਹ ਮਿਲਦੀ ਸੀ ਉਸ ਵਿਚ ਕਿਰਾਏ ਤੇ ਮਕਾਨ ਲੈ ਕੇ ਘਰ ਚਲਾਉਣਾ ਉਸਨੂੰ ਔਖਾ ਲੱਗਦਾ ਸੀ।

ਉਸ ਝਗੜੇ ਤੋਂ ਬਾਅਦ ਗੋਪਾਲ ਦੀ ਬੀਵੀ ਪੇਕੇ ਚਲੇ ਗਈ। ਵਾਪਸੀ ਲਈ ਉਸਨੇ ਵਖਰੇ ਕਮਰੇ ਦੀ ਸ਼ਰਤ ਰੱਖ ਦਿੱਤੀ। ਮਜਬੂਰੀ ਨੂੰ ਗੋਪਾਲ ਨੂੰ ਵੱਖਰਾ ਕਮਰਾ ਲੈਣਾ ਹੀ ਪਿਆ। ਦੋਵੇਂ ਜਾਣੇ ਉਸੇ ਗਲੀ ਦੇ ਇਕ ਕਮਰੇ 'ਚ ਰਹਿਣ ਲੱਗ ਪਏ। ਹੁਣ ਗੋਪਾਲ ਕੰਮ ਉਤੇ ਚਲੇ ਜਾਂਦਾ ਤਾਂ ਉਸਦੀ ਵਹੁਟੀ ਇਕੱਲੀ ਰਹਿ ਜਾਂਦੀ। ਫਿਰ ਉਸ ਨੇ ਟਾਇਮ ਪਾਸ ਕਰਨ ਲਈ ਤੇ ਗੋਪਾਲ ਦਾ ਹੱਥ ਵਟਾਉਣ ਲਈ ਸਿਲਾਈ ਦਾ ਕੰਮ ਸ਼ੁਰੂ ਕਰ ਦਿੱਤਾ। ਉਦੋਂ ਟੈਲੀਵੀਜ਼ਨ ਦੀ ਬਿਮਾਰੀ ਹੈ ਨਹੀਂ ਸੀ। ਜ਼ਨਾਨੀਆਂ ਘਰਾਂ ਦੇ ਕੰਮ ਚਾਅ ਨਾਲ ਕਰਦੀਆਂ ਸਨ।

ਹੌਲੀ ਹੌਲੀ ਉਸ ਦਾ ਕੰਮ ਚਲ ਨਿਕਲਿਆ। ਇਕ ਵੇਲਾ ਐਸਾ ਆਇਆ ਕਿ ਗੋਪਾਲ ਨੂੰ ਵੀ ਆਪਣਾ ਕੰਮ ਛੱਡ ਕੇ ਵਹੁਟੀ ਦਾ ਹੱਥ ਵਟਾਉਣਾ ਪੈਂਦਾ।

ਪੰਡਤ ਜੀ ਤੇ ਲੀਲਾ ਦੇਵੀ ਬੜੀ ਸੌਹਣੀ ਆਪਣੀ ਦਿਨ ਕਟੀ ਕਰ ਰਹੇ ਸਨ ਕਿ ਇਕ ਦਿਨ ਪਿੰਡੋਂ ਸੁਨੇਹਾ ਆਇਆ ਕਿ ਲੀਲਾ ਦੇਵੀ ਦੀ ਮਾਂ ਜ਼ਿਆਦਾ ਬਿਮਾਰ ਹੈ। ਉਸਦੇ ਨੂੰਹ ਪੁੱਤ ਉਸ ਦੀ ਦੇਖਭਾਲ ਨਹੀਂ ਕਰ ਸਕਦੇ। ਇਹ ਸੁਣ ਕੇ ਲੀਲੀ ਦੇਵੀ ਨੂੰ ਮਾਂ ਦੀ ਦੇਖਭਾਲ ਲਈ ਪਿੰਡ ਜਾਣਾ ਪਿਆ। ਲੀਲਾ ਦਾ ਭਰਾ ਵੀ ਬਿਮਾਰ ਰਹਿੰਦਾ ਸੀ ਤੇ ਦੋਵੇਂ ਵੱਖ ਵੱਖ ਘਰਾਂ 'ਚ ਰਹਿੰਦੇ ਸਨ। ਇਸ ਕਰਕੇ ਲੀਲ਼ਾ ਦੇਵੀ ਨੂੰ ਮਾਂ ਕੋਲ ਹੀ ਰਹਿਣਾ ਪਿਆ। ਇਥੇ ਪੰਡਤ ਜੀ ਇਕੱਲੇ ਰਹਿ ਗਏ।

ਲੀਲਾ ਦੇਵੀ ਪਹਿਲਾਂ ਪਹਿਲਾਂ ਤਾਂ ਪੰਦਰਾਂ ਵੀਹਾਂ ਦਿਨਾਂ ਬਾਅਦ ਪੰਡਤ ਜੀ ਨੂੰ ਆ ਕੇ ਮਿਲ ਜਾਇਆ ਕਰਦੀ ਸੀ, ਫਿਰ ਉਸਦਾ ਚੱਕਰ ਦੋ-ਤਿੰਨ ਮਹੀਨੇ ਬਾਅਦ ਦਾ ਹੋ ਗਿਆ। ਫਿਰ ਪਤਾ ਲੱਗਾ ਕਿ ਉਸਦੀ ਸਿਹਤ ਵੀ ਠੀਕ ਨਹੀਂ ਰਹਿੰਦੀ। ਥੋਹੜੇ ਚਿਰ ਬਾਅਦ ਪਿੰਡੋਂ ਸੁਨੇਹਾ ਆਇਆ ਕਿ ਲੀਲਾ ਦੀ ਮਾਤਾ ਗੁਜ਼ਰ ਗਈ ਹੈ। ਪੰਡਤ ਜੀ ਪਿੰਡ ਗਏ ਤਾਂ ਉਨ੍ਹਾਂ ਨੂੰ ਉਥੇ ਮਹੀਨਾ ਹੀ ਲੱਗ ਗਿਆ। ਵਾਪਸ ਆ ਕੇ ਉਨ੍ਹਾਂ ਦੱਸਿਆ ਕਿ ਲੀਲਾ ਦੇਵੀ ਵੀ ਆਪਣੀ ਮਾਤਾ ਤੋਂ ੧੦-੧੨ ਦਿਨ ਬਾਅਦ ਗੁਜ਼ਰ ਗਈ ਸੀ। ਪੰਡਤ ਜੀ ਵਾਰੀ ਵਾਰੀ ਦੋਹਾਂ ਨੂੰ ਅੱਗ ਦੇ ਹਵਾਲੇ ਕਰ ਆਏ ਸਨ।

ਕੁੜੀਆਂ ਜਿੰਨਾਂ ਚਿਰ ਜਲੰਧਰ ਰਹੀਆਂ, ਪਿਤਾ ਵਲ



Namdhari Elibrary NamdhariElibrary@gmail.com

ਔਂਦੀਆਂ ਰਹੀਆਂ। ਕਾਫੀ ਸਮੇਂ ਤੋਂ ਉਹ ਦਿੱਲੀ ਤੇ ਬੰਬਈ ਰਹਿ ਰਹੀਆਂ ਹਨ। ਗੋਪਾਲ ਤੇ ਉਸਦੀ ਵਹੁਟੀ ਜਲੰਧਰ ਵਿਚ ਹੀ ਰਹਿੰਦੇ ਹਨ, ਕਦੀ ਕਦੀ ਚੱਕਰ ਮਾਰ ਜਾਂਦੇ ਹਨ। ਮੰਗੀਲਾਲ ਇਕ ਵਾਰ ਆਇਆ ਸੀ, ਪੰਡਤ ਜੀ ਉਸ ਨਾਲ ਨਹੀਂ ਬੋਲੇ, ਉਹ ਮੁੜ ਕੇ ਨਹੀਂ ਆਇਆ। ਹੁਣ ਪੰਡਤ ਜੀ ਇਕੱਲੇ ਰਹਿ ਰਹੇ ਸਨ।

"ਕਾਕੇ ਨਲਕਾ ਵਿਹਲਾ ਹੋ ਗਿਆ ਤਾਂ ਮੈਂ ਆਵਾਂ।" ਪੰਡਤ ਜੀ ਜੰਗਲੇ ਤੇ ਖੜ੍ਹੇ ਹੋ ਕੇ ਉਪਰੋਂ ਆਵਾਜ਼ ਦਿੰਦੇ।

"ਹਾਂ ਜੀ ਆ ਜਾਓ, ਬੱਸ ਮੈਂ ਚੁੱਕ ਰਿਹਾ ਆਪਣਾ ਸਮਾਨ।" ਮੈਂ ਉਨ੍ਹਾਂ ਨੂੰ ਆਉਣ ਲਈ ਕਹਿ ਦਿੰਦਾ।

ਉਹ ਸੁਆਹ ਦੀ ਭਰੀ ਗੜਵੀ ਲੈ ਕੇ ਹੇਠਾਂ ਆ ਜਾਂਦੇ। ਮੈਂ ਨਲਕਾ ਖਾਲੀ ਕਰ ਦਿੰਦਾ।

ਪੰਡਤ ਜੀ ਰੋਜ਼ ਦੀ ਤਰ੍ਹਾਂ ਹਰੀ ਓਮ ਦਾ ਜਾਪ ਕਰਦੇ ਕਰਦੇ ਸੁਆਹ ਨਾਲ ਨਲਕੇ ਨੂੰ ਮਾਂਜਦੇ, ਫਿਰ ਤਿੰਨ ਚਾਰ ਬਾਲਟੀਆਂ ਪਾਣੀ ਕੱਢ ਕੇ ਉਸਨੂੰ ਧੋਂਦੇ। ਫਿਰ ਸਾਬਣ ਨਾਲ ਹੱਥ ਸਾਫ ਕਰਕੇ, ਚਾਰ ਪੰਜ ਬਾਲਟੀਆਂ ਪਾਣੀ ਨਾਲ ਉਹ ਨਹਾ ਕੇ ਉਪਰ ਚਲੇ ਜਾਂਦੇ। ਉਨ੍ਹਾਂ ਦੀ ਅੱਧੀ ਦਿਹਾੜੀ ਏਸੇ ਕੰਮ 'ਚ ਲੰਘ ਜਾਂਦੀ ਹੈ।

ਉਪਰ ਜਾ ਕੇ ਉਹ ਧੂਫ ਬਾਲ ਕੇ ਕ੍ਰਿਸ਼ਨ ਜੀ ਦੀ ਫੋਟੋ ਅੱਗੇ ਰੱਖਦੇ ਤੇ ਦਸ ਕੁ ਮਿੰਟ ਪੂਜਾ ਕਰਕੇ, ਰਸੋਈ ਵਿਚ ਜਾ ਕੇ ਸਭ ਤੋਂ ਪਹਿਲਾ ਕੰਮ ਚਾਹ ਬਣਾਉਣ ਦਾ ਕਰਦੇ, ਚਾਹ ਪੀ ਕੇ ਫਿਰ ਉਹ ਰੋਟੀ ਪਕਾਉਣ ਦੇ ਆਹਰ ਲੱਗ ਜਾਂਦੇ।

ਗਰਮੀਆ ਵਿਚ ਤਾਂ ਉਹ ਤੇੜ ਇਕ ਖੱਦਰ ਦੀ ਚਾਦਰ ਬੰਨ੍ਹ ਕੇ ਹੀ ਸਾਰ ਲੈਂਦੇ ਸਨ। ਪਰ ਸਰਦੀਆਂ ਨੂੰ ਤੇੜ ਤਾਂ ਉਹ ਚਾਦਰ ਹੀ ਹੁੰਦੀ। ਬਾਕੀ ਸਰੀਰ ਨੂੰ ਉਹ ਰਜਾਈ ਨਾਲ ਢੱਕ ਲੈਂਦੇ। ਕਮੀਜ਼ ਬੁਨੈਣ ਕੁਝ ਨਹੀਂ ਪਾਉਂਦੇ। ਹਾਂ ਜਿਸ ਦਿਨ ਮਹੀਨੇ ਬਾਦ ਉਨ੍ਹਾਂ ਪੈਨਸ਼ਨ ਲੈਣ ਜਾਣਾ ਹੁੰਦਾ, ਉਸ ਦਿਨ ਉਨ੍ਹਾਂ ਦੀ ਪੂਰੀ ਟੌਹਰ ਹੁੰਦੀ ਹੈ। ਗਰਮੀਆਂ ਵਿਚ ਚਿੱਟਾ ਕਮੀਜ਼ ਪਜਾਮਾ ਅਤੇ ਚਿੱਟੀ ਪੱਗ ਉਹ ਲੰਬਾ ਲੜ ਛੱਡ ਕੇ ਬੰਨ੍ਹਦੇ ਹਨ। ਸਿਆਲ ਨੂੰ ਚਿੱਟਾ ਕਮੀਜ਼ ਪਜਾਮਾ, ਚਿੱਟੀ ਪੱਗ ਅਤੇ ਲੋੜ ਅਨੁਸਾਰ ਸਵੈਟਰ, ਜਰਸੀ ਜਾਂ ਕਾਲਾ ਕੋਟ ਜੋ ਰੇਲਵੇ ਦੀ ਵਰਦੀ ਨਾਲ ਹੁੰਦਾ ਸੀ ਉਹ ਪਾ ਕੇ ਤੇ ਹੱਥ ਵਿਚ ਚਿੱਟਾ ਦਸੂਤੀ ਦੀ ਕਢਾਈ ਨਾਲ ਕੱਢਿਆ ਥੈਲਾ ਜੋ ਲੀਲਾ ਦੇਵੀ ਨੇ ਉਨ੍ਹਾਂ ਨੂੰ ਬਣਾ ਕੇ ਦਿੱਤਾ ਸੀ, ਲੈ ਕੇ ਜਾਂਦੇ ਹਨ। ਵਾਪਸੀ ਵੇਲੇ ਉਸ ਥੈਲੇ ਵਿਚ ਉਨ੍ਹਾਂ ਲਈ ਮਹੀਨੇ ਭਰ ਦਾ ਰਾਸ਼ਣ ਹੁੰਦਾ ਸੀ। ਢਾਈ ਕਿਲੋ ਆਟਾ, ਦੋ ਕਿਲੋ ਖੰਡ, ਅੱਧਾ ਕਿਲੋ ਜਾਂ ਜ਼ਿਆਦਾ ਚਾਹ ਪੱਤੀ, ਇਕ ਪਾਈਆ ਡਾਲਡਾ ਘਿਉ ਦਾ ਡੱਬਾ ਤੇ ਲੂਣ ਹਲਦੀ ਵਗੈਰਾ। ਫਿਰ ਉਹ ਮਹੀਨਾ ਭਰ ਬਜ਼ਾਰ ਨਹੀਂ ਸਨ ਜਾਂਦੇ।

ਪੈਨਸ਼ਨ ਲੈ ਕੇ ਜਦੋਂ ਘਰ ਪਹੁੰਚਦੇ ਤਾਂ ਕਮਰੇ ਦਾ ਕਿਰਾਇਆ ਦੇ ਕੇ ਹੀ ਪੌੜੀਆਂ ਚੜ੍ਹਦੇ।

ਜਦੋਂ ਕਦੇ ਉਹ ਵਿਹਲੇ ਹੁੰਦੇ ਸਿਆਲ ਨੂੰ, ਤਾਂ ਕਮਰੇ ਤੋਂ ਬਾਹਰ ਧੁੱਪੇ ਬੈਠੇ ਕੋਈ ਧਾਰਮਿਕ ਕਿਤਾਬ ਪੜ੍ਹਦੇ ਰਹਿੰਦੇ। ਜੇ ਕਿਤੇ ਮੈਂ ਵੀ ਖਾਲੀ ਬੈਠਾ ਹੁੰਦਾ ਤਾਂ ਉਹ ਕੋਈ ਨਾ ਕੋਈ ਪੁਰਾਣ ਦੀ ਕਥਾ ਜ਼ਰੂਰ ਸੁਣਾਉਂਦੇ। ਜੇ ਮੈਂ ਪੜ੍ਹਦਾ ਜਾਂ ਕੁਝ ਕੰਮ ਕਰ ਰਿਹਾ ਹੁੰਦਾ, ਉਹ ਫਿਰ ਨਾ ਬੁਲਾਉਂਦੇ। ਉਨ੍ਹਾਂ ਦੇ ਮੂੰਹੋਂ ਕਦੀ ਵੀ ਕਿਸੇ ਨੇ ਗਿਲਾ-ਸ਼ਿਕਵਾ ਨਹੀਂ ਸੀ ਸੁਣਿਆ। ਅਜਿਹੀ ਕੋਈ ਗੱਲ ਦੂਸਰਾ ਕੋਈ ਕਰਦਾ ਤਾਂ ਉਸਨੂੰ ਰੋਕ ਦਿੰਦੇ-ਇਹ ਸਭ ਪ੍ਰਭੂ ਦੇ ਰੰਗ ਹਨ। ਪ੍ਰਭੂ ਦੇ ਕੰਮ ਵਿਚ ਕਿਸੇ ਨੂੰ ਦਖਲ ਨਹੀਂ ਦੇਣਾ ਚਾਹੀਦਾ। ਉਨ੍ਹਾਂ ਦਾ ਇਹੋ ਖਿਆਲ ਸੀ। ਉਹ ਕਹਿੰਦੇ ਸਨ, ਪ੍ਰਭੂ ਨੂੰ ਸਭ ਪਤਾ ਹੈ ਕਿਸਨੂੰ ਕੀ ਦੇਣਾ ਹੈ ਤੇ ਕਦੋਂ ਦੇਣਾ ਹੈ। ਪ੍ਰਭੂ ਆਪਣਾ ਕੰਮ ਕਰੀ ਜਾ ਰਿਹਾ ਹੈ। ਪ੍ਰਭੂ ਨੇ ਹਰ ਕਿਸੇ ਨੂੰ ਉਸਦਾ ਕੰਮ ਦਿੱਤਾ ਹੋਇਆ ਹੈ। ਚੰਗੇ ਮਾੜੇ ਹਾਲਾਤ ਪ੍ਰਭੂ ਹੀ ਪੈਦਾ ਕਰਦਾ ਹੈ। ਕਈ ਜੀਵ ਸਭ ਕੁਝ ਹੁੰਦਿਆਂ ਹੋਇਆਂ ਵੀ ਰੋਈ ਜਾਂਦੇ ਹਨ, ਮਰੂੰ ਮਰੂੰ ਕਰੀ ਜਾਂਦੇ ਹਨ। ਕਈ ਜੀਵ ਅਜਿਹੇ ਹਨ ਜਿਨ੍ਹਾਂ ਕੋਲ ਕੁਝ ਵੀ ਨਹੀਂ, ਰੋਟੀ ਮੁਸ਼ਕਲ ਨਾਲ ਚਲਦੀ ਹੈ, ਫਿਰ ਵੀ ਉਹ ਖੁਸ਼ ਹਨ ਉਨ੍ਹਾਂ ਨੂੰ ਕੋਈ ਰੰਜ ਨਹੀਂ। ਇਹ ਸਭ ਪ੍ਰਭੂ ਦੀ ਕਿਰਪਾ ਹੈ।

ਮੈਂ ਕਦੀ ਕਦੀ ਸੋਚਦਾ ਹਾਂ ਕਿ ਪੰਡਤ ਜੀ ਸ਼ਾਇਦ ਠੀਕ ਹੀ ਕਹਿ ਰਹੇ ਹਨ। ਆਦਮੀ ਕਈ ਵਾਰ ਔਖਿਆਂ ਹੋ ਕੇ ਵੀ ਕੁਝ ਹਾਸਲ ਕਰਨ ਦਾ ਯਤਨ ਕਰਦਾ ਹੈ ਪਰ ਕੁਝ ਵੀ ਹਾਸਲ ਨਹੀਂ ਹੁੰਦਾ। ਪੰਡਤ ਹੁਰਾਂ ਦਾ ਵੱਡਾ ਪੁੱਤਰ ਗੋਪਾਲ, ਉਸਦੇ ਹਾਲਾਂਤ ਚਾਹੇ ਕਿੰਨੇ ਵੀ ਖਰਾਬ ਹੁੰਦੇ, ਪਰ ਉਸਦੇ ਚਿਹਰੇ ਤੇ ਕਦੀ ਵੀ ਕੋਈ ਸ਼ਿਕਨ ਜਾਂ ਚਿੰਤਾ ਨਹੀਂ ਸੀ ਦੇਖੀ। ਜਦੋਂ ਉਹ ਮੇਰੇ ਗੁਆਂਢ ਰਹਿੰਦਾ ਹੁੰਦਾ ਸੀ ਤੇ ਅੱਜ ਵੀ ਉਸਨੂੰ ਬੇਫਿਕਰ ਤੇ ਹੱਸਦਿਆਂ ਹੀ ਦੇਖਿਆ। ਉਸਦਾ ਚਿਹਰਾ ਹਮੇਸ਼ਾ ਗੁਲਾਲ ਭਰਿਆ ਹੀ ਤੱਕਿਆ, ਚਾਹੇ ਉਹ ਭੁੱਖਾ ਹੋਵੇ ਜਾਂ ਰੱਜਿਆ ਉਸਦੀਆਂ ਗੱਲਾਂ 'ਚ ਹਾਸੇ ਤੇ ਮਸ਼ਕਰੀਆਂ ਭਰੀਆਂ ਹੁੰਦੀਆਂ। ਕਿਸੇ ਕਿਸਮ ਦੀ ਚਿੰਤਾ ਫਿਕਰ ਉਸਦੇ ਨੇੜੇ ਤੇੜੇ ਨਾ ਦਿਸਦੀ। ਬੇਸ਼ਕ ਘਰ ਵਿਚ ਕਿੰਨਾ ਵੀ ਤਣਾਅ ਹੁੰਦਾ। ਉਹ ਜਦੋਂ ਵੀ ਮਿਲਦਾ ਗੁਲਾਬੀ ਮੁਸਕੁਰਾਹਟ ਨਾਲ ਹੀ ਮਿਲਦਾ।

ਇਕ ਵਾਰ ਉਹ ਮੈਨੂੰ ਰਸਤੇ 'ਚ ਜਾਂਦਿਆਂ ਮਿਲ ਪਿਆ।
ਗੁਪਾਲ ਜੀ ਕਿਧਰ ਜਾ ਰਹੇ ਹੋ? ਮੈਂ ਉਸਨੂੰ ਪੁੱਛਿਆ।
ਜ਼ਰਾ ਸਰਕਟ ਹਾਊਸ ਤੱਕ ਚੱਲਿਆਂ।



Namdhari Elibrary NamdhariElibrary@gmail.com

ਸਰਕਟ ਹਾਊਸ ਤੱਕ? ਮੈਂ ਹੈਰਾਨੀ ਨਾਲ ਪੁੱਛਿਆ।

ਹਾਂ ਸਰਕਟ ਹਾਊਸ, ਉਥੇ ਆਪਣਾ ਪਰਤਾਪ ਸਿੰਘ ਕੈਰੋਂ ਆਇਆ ਹੋਇਆ ਨਾ, ਉਸ ਦਾ ਹੁਣੇ ਸੁਨੇਹਾ ਆਇਆ ਸੀ-ਗੋਪਾਲ ਜੀ ਤੁਸੀਂ ਆਓ ਦੋ ਬਾਜੀਆਂ ਸੀਪ ਦੀਆਂ ਲਾ ਲਈਏ। ਉਸਨੇ ਗੱਲ ਅਜਿਹੇ ਅੰਦਾਜ਼ 'ਚ ਆਖੀ ਕਿ ਮੈਂ ਤੇ ਮੇਰੇ ਦੋਸਤ ਹੈਰਾਨ ਹੋ ਕੇ ਉਸ ਵਲ ਦੇਖਣ ਲੱਗੇ।

ਕਿਉਂ ਕੈਸੀ ਰਹੀ। ਉਹ ਠਹਾਕਾ ਮਾਰ ਕੇ ਹੱਸ ਪਿਆ। ਮੈਨੂੰ ਬਾਅਦ 'ਚ ਪਤਾ ਲੱਗਾ ਕਿ ਉਸ ਦਾ ਮੁੰਡਾ ਹਸਪਤਾਲ ਦਾਖਲ ਸੀ ਤੇ ਉਹ ਉਥੇ ਜਾ ਰਿਹਾ ਸੀ।

ਇਸ ਗੱਲ ਤੋਂ ਕਾਫੀ ਚਿਰ ਪਹਿਲਾਂ ਇਕ ਵਾਰ ਗੋਪਾਲ ਨੇ ਦੱਸਿਆ ਸੀ ਕਿ ਉਹ ਦਿੱਲੀ ਵਰਕਸ਼ਾਪ 'ਚ ਕੰਮ ਕਰਦਾ ਸੀ ਤੇ ਹਰ ਦੂਸਰੇ ਸ਼ਨੀਵਾਰ ਨੂੰ ਉਹ ਜਲੰਧਰ ਔਂਦਾ ਤੇ ਐਤਵਾਰ ਰਾਤ ਨੂੰ ਵਾਪਸ ਜਾਂਦਾ। ਸਾਰਾ ਸਫਰ ਉਹ ਬਗੈਰ ਟਿਕਟੋਂ ਹੀ ਕਰਦਾ। ਇਕ ਵਾਰ ਉਹ ਫੜਿਆ ਗਿਆ। ਚੈਕਰ ਨੇ ਪੁੱਛਿਆ ਕੀ ਕੰਮ ਕਰਦੇ ਹੋ?

'ਮੈਂ ਰੇਲਵੇ ਮੁਲਾਜ਼ਮ ਹਾਂ।'

'ਰੇਲਵੇ ਵਾਲੇ ਤਾਂ ਪਾਸ ਦਿੰਦੇ ਨੇ, ਫਿਰ ਤੁਸੀਂ ਬਗੈਰ ਪਾਸ, ਬਗੈਰ ਟਿਕਟੋਂ ਸਫਰ ਕਿਉਂ ਕਰ ਰਹੇ ਹੋ?'

'ਜਨਾਬ ਪਾਸ ਕੱਚੇ ਕਾਮਿਆਂ ਨੂੰ ਨਹੀਂ ਮਿਲਦਾ, ਨਾਲੇ ਹਰ ਰੋਜ਼ ਨਹੀਂ ਮਿਲਦਾ। ਮੈਂ ਤਾਂ ਹਰ ਸ਼ਨੀਵਾਰ ਔਂਦਾ ਹਾਂ।' ਗੋਪਾਲ ਨੇ ਹੱਸਦਿਆਂ ਸਾਰੀ ਗੱਲ ਦੱਸੀ।

'ਨਾ ਤੁਹਾਡੇ ਕੋਲ ਪਾਸ ਨਾ ਟਿਕਟ, ਹੁਣ ਤਾਂ ਜੁਰਮਾਨਾ ਦੇਣਾ ਪਏਗਾ। ਚੈਕਰ ਨੇ ਕਿਹਾ। ਕੱਢੋ ੨੯ ਰੁ. ਪੰਜ ਆਨੇ।'

'ਜਨਾਬ ਜੇ ਰੇਲਵੇ ਮੁਲਾਜ਼ਮਾਂ ਨੂੰ ਵੀ ਜੁਰਮਾਨੇ ਭਰਨੇ ਪਏ ਤਾਂ ਰੇਲਵੇ 'ਚ ਕੰਮ ਕਰਨ ਦਾ ਕੀ ਫੈਦਾ ਹੋਇਆ। ਹੁਣ ਦੇਖੋ ਨਾ ਤੁਸੀਂ ਕਿਹੜਾ ਟਿਕਟ ਲੈ ਕੇ ਸਫਰ ਕਰ ਰਹੇ ਹੋ।' ਗੋਪਾਲ ਦੀ ਗੱਲ ਸੁਣ ਕੇ ਸਾਰੇ ਪਸੈਂਜਰ ਹੱਸ ਪਏ।

'ਮੈਂ ਡਿਊਟੀ ਉਤੇ ਹਾਂ।' ਚੈਕਰ ਨੇ ਹੱਸਦਿਆਂ ਕਿਹਾ।

'ਫਿਰ ਤਾਂ ਇਹ ਗੱਡੀ ਸਾਡੀ ਹੋਈ, ਕਿਉਂਕਿ ਮੈਂ ਵੀ ਰੇਲਵੇ ਦਾ ਹੀ ਮੁਲਾਜ਼ਮ ਹਾਂ, ਤੇ ਤੁਸੀਂ ਵੀ'।

'ਛੱਡੋ ਆਪਣੀ ਗੱਡੀ ਦੀ ਗੱਲ ਤੇ ਜੁਰਮਾਨਾ ਭਰ ਦਿਓ।'

'ਜੁਰਮਾਨਾ ਭਰਨਾ ਤਾਂ ਔਖੀ ਗੱਲ ਹੈ।'

'ਫਿਰ ਵੱਡੇ ਘਰ ਜਾਣਾ ਪਏਗਾ।'

'ਜਿਥੇ ਮਰਜ਼ੀ ਲੈ ਚਲੋ ਜੀ, ਮੈਂ ਕਿਹੜਾ ਨਾਂਹ ਕੀਤੀ ਐ। ਪ੍ਰਭੂ ਨੇ ਸ਼ਾਇਦ ਅੱਜ ਦੀ ਰੋਟੀ ਵੱਡੇ ਘਰ ਹੀ ਰੱਖੀ ਹੋਵੇ।'

'ਅੱਜ ਦੀ ਹੀ ਨਹੀਂ ਪੰਦਰਾਂ ਦਿਨਾਂ ਦੀ।'

'ਇਹ ਤਾਂ ਹੋਰ ਵੀ ਚੰਗੀ ਗੱਲ ਹੈ। ਪੰਦਰਾਂ ਦਿਨ ਮੁਫਤ ਦੀ ਪੱਕੀ ਪਕਾਈ ਮਿਲੇਗੀ।'

ਚੈੱਕਰ ਨੇ ਗੋਪਾਲ ਨੂੰ ਲੁਧਿਆਣੇ ਆ ਕੇ ਰੇਲਵੇ ਪੁਲਿਸ ਦੇ ਹਵਾਲੇ ਕਰ ਦਿੱਤਾ।

'ਤੁਸੀਂ ਮੈਨੂੰ ਕਿੱਥੇ ਲੈ ਕੇ ਜਾਉਗੇ?' ਗੋਪਾਲ ਨੇ ਸਿਪਾਹੀ ਨੂੰ ਪੁੱਛਿਆ। 'ਹਵਾਲਾਤੇ ਲਿਜਾ ਕੇ ਬੰਦ ਕਰ ਦਿਆਂਗਾ।' ਸਿਪਾਹੀ ਨੇ ਦੱਸਿਆ।

'ਉਸ ਵਿਚ ਤੁਹਾਨੂੰ ਕੀ ਫਾਇਦਾ ਹੋਏਗਾ? ਰਾਤ ਨੂੰ ਰੋਟੀ ਵੀ ਖੁਆਉਣੀ ਪਏਗੀ। ਮੈਂ ਬਿਮਾਰ ਆਦਮੀ ਹਾਂ, ਉਤੋਂ ਠੰਡ, ਰਾਤ ਨੂੰ ਮੈਨੂੰ ਕੁਝ ਹੋ ਗਿਆ ਤਾਂ ਡਾਕਟਰ ਨੂੰ ਬੁਲਾਉਣਾ ਪਏਗਾ, ਅੱਧੀ ਰਾਤੀਂ ਡਾਕਟਰ ਨਾ ਆਇਆ, ਮੈਂ ਮਰ ਗਿਆ ਤਾਂ, ਮੈਨੂੰ ਤਾਂ ਫਰਕ ਨਹੀਂ ਪੈਣਾ, ਪਰ ਤੁਸੀਂ ਸੋਚੋ, ਖੂਨ ਤੁਹਾਡੇ ਸਿਰ ਲੱਗ ਜਾਣਾ, ਤੁਸੀਂ ਫਸ ਜਾਣਾ, ਤਕਲੀਫ ਤੁਹਾਡੇ ਸਾਰੇ ਟੱਬਰ ਨੂੰ ਹੋਏਗੀ। ਇਸ ਕਰਕੇ ਤੁਹਾਨੂੰ ਮੇਰੀ ਸਲਾਹ ਹੈ, ਤੁਸੀਂ ਕਾਹਦੇ ਲਈ, ਮਰਿਆ ਸੱਪ ਸੰਘੀ 'ਚ ਲਪੇਟੋ, ਐਵੇਂ ਮੁਸੀਬਤ ਵਿਚ ਪਵੋ, ਮੈਨੂੰ ਛੱਡ ਦਿਉ, ਤੁਸੀਂ ਵੀ ਰਾਜੀ ਮੈਂ ਵੀ ਰਾਜੀ, ਜਾਣਾ ਤਾਂ ਮੈਂ ਬਗੈਰ ਟਿਕਟੋਂ ਹੀ ਹੈ, ਕਿਉਂਕਿ ਪੈਸੇ ਮੇਰੇ ਕੋਲ ਹੈ ਨਹੀਂ।' ਪਤਾ ਨਹੀਂ ਸਿਪਾਹੀ ਦੇ ਦਿਲ ਵਿਚ ਕੀ ਆਇਆ ਉਸ ਨੇ ਗੋਪਾਲ ਨੂੰ ਛੱਡ ਦਿੱਤਾ।

ਗੋਪਾਲ ਨੇ ਦੂਜੀ ਗੱਡੀ ਫੜੀ ਤੇ ਜਲੰਧਰ ਪਹੁੰਚ ਗਿਆ।

ਗੋਪਾਲ ਦੀ ਘਰ ਵਾਲੀ ਦਾ ਕੱਪੜਿਆਂ ਦਾ ਕੰਮ ਚੱਲ ਪਿਆ ਸੀ। ਹੁਣ ਤਾਂ ਗੋਪਾਲ ਵੀ ਉਸਦੇ ਨਾਲ ਹੀ ਕੰਮ ਕਰਨ ਲੱਗ ਪਿਆ ਸੀ। ਹੁਣ ਤਾਂ ਗੋਪਾਲ ਦੇ ਬੱਚੇ ਵੱਡੇ ਹੋ ਗਏ ਸਨ ਜੋ ਸਕੂਲ ਵਿਚ ਪੜ੍ਹਦੇ ਸਨ। ਗੋਪਾਲ ਤੋਂ ਨਾ ਤਾਂ ਟਿਕ ਕੇ ਕੰਮ ਇਕ ਥਾਂ ਹੋਇਆ ਤੇ ਨਾ ਹੀ ਉਹ ਟਿਕ ਕੇ ਇਕ ਥਾਂ ਰਿਹਾ। ਸਾਲ ਛਿਈਂ ਮਹੀਨੀਂ ਉਸਦਾ ਟਿਕਾਣਾ ਬਦਲ ਜਾਂਦਾ।

ਪੰਡਤ ਜੀ ਕਾਫੀ ਦਿਨਾਂ ਤੋਂ ਕੁਝ ਢਿਲੇ ਚੱਲ ਰਹੇ ਸਨ। ਪਿਛਲੇ ਤਿੰਨ ਚਾਰ ਦਿਨਾਂ ਤੋਂ ਉਹ ਤੁਰ ਫਿਰ ਵੀ ਨਹੀਂ ਸਕਦੇ ਸਨ। ਗੋਪਾਲ ਦਾ ਪਤਾ ਨਹੀਂ ਉਹ ਕਿਥੇ ਸੀ, ਬਹੁਤ ਦਿਨਾਂ ਤੋਂ ਏਧਰ ਨਹੀਂ ਸੀ ਆਇਆ। ਸਾਡਾ ਇਕ ਗੁਆਂਢੀ ਮੰਗੀਲਾਲ ਦੇ ਨੇੜੇ ਕੰਮ ਕਰਦਾ ਸੀ, ਮੈਂ ਉਸ ਕੋਲ ਮੰਗੀਲਾਲ ਨੂੰ ਸੁਨੇਹਾ ਭੇਜਿਆ ਕਿ ਉਸ ਦੇ ਪਿਤਾ ਜੀ ਬਿਮਾਰ ਹਨ, ਮੰਗੀਲਾਲ ਆ ਕੇ ਉਨ੍ਹਾਂ ਨੂੰ ਲੈ ਜਾਏ। ਮੰਗੀਲਾਲ ਦੂਸਰੇ ਦਿਨ ਹੀ ਆ ਗਿਆ। ਉਸਨੇ ਪਿਤਾ ਨੂੰ ਨਾਲ ਚੱਲਣ ਲਈ ਕਿਹਾ, ਪਰ ਪੰਡਤ ਜੀ ਨੇ ਇਨਕਾਰ ਕਰ ਦਿੱਤਾ।

ਜਿਸ ਦਿਨ ਮੰਗੀਲਾਲ ਇਹ ਘਰ ਛੱਡ ਕੇ ਗਿਆ ਸੀ, ਪੰਡਤ ਜੀ ਨੇ ਉਸੇ ਵੇਲੇ ਉਸ ਨਾਲੋਂ ਰਿਸ਼ਤਾ ਤੋੜ ਲਿਆ ਸੀ। ਘਰ ਦਾ ਕੋਈ ਮੈਂਬਰ ਮੰਗੀਲਾਲ ਦੇ ਜਾਣ ਨੂੰ ਕਹਿੰਦਾ ਤਾਂ ਪੰਡਤ ਜੀ ਇਨਕਾਰ ਕਰ ਦਿੰਦੇ। ਏਥੋਂ ਤੱਕ ਕਿ ਪੰਡਤ



Namdhari Elibrary NamdhariElibrary@gmail.com

ਜੀ ਮੰਗੀਲਾਲ ਦੀ ਸ਼ਾਦੀ ਤੇ ਵੀ ਨਹੀਂ ਗਏ। ਮੰਗੀਲਾਲ ਉਨ੍ਹਾਂ ਦੇ ਦਿਲੋਂ ਨਿਕਲ ਚੁੱਕਾ ਸੀ।

ਮੈਂ ਤੇ ਗੁਆਂਢੀਆਂ ਨੇ ਪੰਡਤ ਜੀ ਨੂੰ ਸਮਝਾਇਆ। ਇਹ ਤੁਹਾਡਾ ਬੱਚਾ ਹੈ। ਇਸ ਕੋਲੋਂ ਗਲਤੀ ਹੋ ਗਈ ਇਸ ਨੂੰ ਮੁਆਫ਼ ਕਰ ਦਿਓ। ਤੁਹਾਡੀ ਸਿਹਤ ਠੀਕ ਨਹੀਂ ਹੈ। ਤੁਹਾਨੂੰ ਕਿਸੇ ਸਹਾਰੇ ਦੀ ਬਹੁਤ ਲੋੜ ਹੈ। ਗੋਪਾਲ ਦਾ ਪਤਾ ਨਹੀਂ ਕਿ ਉਹ ਕਿਥੇ ਰਹਿੰਦਾ ਹੈ, ਕੁੜੀਆਂ ਉੱਥ ਦੂਰ ਹਨ। ਤੁਸੀਂ ਜਿਦ ਨਾ ਕਰੋ। ਮੈਂ ਮੰਗੀਲਾਲ ਨੂੰ ਇਸ਼ਾਰਾ ਕੀਤਾ ਤਾਂ ਉਸਨੇ ਪਿਤਾ ਦੇ ਪੈਰੀਂ ਪੈ ਕੇ ਮੁਆਫ਼ੀ ਮੰਗ ਲਈ। ਪੰਡਤ ਜੀ ਨੇ ਸਾਰਿਆਂ ਵਲ ਦੇਖਿਆ ਤੇ ਮੰਗੀਲਾਲ ਦੇ ਸਿਰ ਉਤੇ ਹੱਥ ਰੱਖ ਦਿੱਤਾ।

ਮੰਗੀਲਾਲ ਜਾ ਕੇ ਇਕ ਟਾਂਗਾ ਲੈ ਆਇਆ। ਅਸੀਂ ਫਟਾਫਟ ਸਾਰਾ ਸਮਾਨ ਟਾਂਗੇ 'ਚ ਲੱਦਿਆ ਤੇ ਪੰਡਤ ਜੀ ਨੂੰ ਮੰਗੀ ਦੇ ਨਾਲ ਤੋਰ ਦਿੱਤਾ। ਪੰਡਤ ਜੀ ਮੰਗੀ ਦੇ ਘਰ ਜਾ ਕੇ ਤੀਸਰੇ ਦਿਨ ਹੀ ਪੂਰੇ ਹੋ ਗਏ। ਸਾਨੂੰ ਉਨ੍ਹਾਂ ਦੇ ਗੁਜ਼ਰਨ ਦਾ ਸੁਨੇਹਾ ਸੁਵਖਤੇ ਹੀ ਆ ਗਿਆ। ਦੁਪਹਿਰ ਤੱਕ ਸਾਰੇ ਸੱਜਣ ਮਿੱਤਰ ਮੰਗੀਲਾਲ ਦੇ ਘਰ ਪਹੁੰਚ ਚੁੱਕੇ ਸਨ।

ਸਾਰਿਆਂ ਦੇ ਸਾਹਮਣੇ ਮੰਗੀਲਾਲ ਨੇ ਪੰਡਤ ਜੀ ਦਾ ਟਰੰਕ ਖੋਲਿਆ। ਉਸ ਵਿਚ ਤਿੰਨ ਚਾਰ ਖਾਖੀ ਰੰਗ ਦੇ ਛੋਟੇ ਵੱਡੇ ਲਿਫਾਫੇ ਪਏ ਸਨ। ਉਪਰਲੇ ਲਿਫਾਫੇ ਨੂੰ ਖੋਲ੍ਹਿਆ ਗਿਆ, ਉਸ ਵਿਚ ਤਕਰੀਬਨ ੯੦੦ ਰੁਪਿਆ ਸੀ। ਉਸਦੇ ਨਾਲ ਇਕ ਰੁੱਕਾ ਵੀ ਸੀ ਜਿਸ ਉਤੇ ਲਿਖਿਆ ਸੀ ਕਿ ਇਹ ਪੈਸੇ ਕਿਸੇ ਆਸ਼ਰਮ ਜਾਂ ਮੰਦਰ ਨੂੰ ਦੇ ਦਿੱਤੇ ਜਾਣ। ਦੂਸਰਾ ਲਿਫ਼ਾਫ਼ਾ ਵੱਡਾ ਸੀ ਉਸ ਵਿਚ ਖੱਦਰ ਦਾ ਕੱਪੜਾ ਸੀ ਤੇ ਇਕ ਛੋਟੇ ਲਿਫਾਫੇ ਵਿਚ ਕੁਝ ਪੈਸੇ ਸਨ। ਉਸ ਵਿਚ ਵੀ ਇਕ ਰੁੱਕਾ ਸੀ ਜਿਸ ਉਤੇ ਲਿਖਿਆ ਸੀ ਕਿ ਇਹ ਕੱਪੜਾ ਤੇ ਪੈਸੇ ਉਨ੍ਹਾਂ ਦੀ ਅੰਤਮ ਯਾਤਰਾ ਵਾਸਤੇ ਹਨ। ਪਤਾ ਨਹੀਂ ਅਖੀਰ ਵੇਲੇ ਮੈਨੂੰ ਕਿਸਨੇ ਅੱਗ ਦੇਣੀ ਹੈ? ਇਸ ਲਈ ਮੈਂ ਕਿਸੇ ਉਤੇ ਭਾਰ ਨਾ ਬਣ ਜਾਵਾਂ।

*ਈ. ਜੀ. ੯੧੯, ਗੋਬਿੰਦਗੜ੍ਹ, ਜਲੰਧਰ*
*ਮੋਬ-੯੮੭੬੨-੦੮੫੪੨*

## ਸਤਿਗੁਰੂ ਜਗਜੀਤ ਸਿੰਘ ਜੀ ਦਾ ਤੁਰ ਜਾਣਾ ਇਕ ਯੁਗ ਦਾ ਅੰਤ

ਸਤਿਗੁਰੂ ਜਗਜੀਤ ਸਿੰਘ ਜੀ ਸਿਰਫ ਨਾਮਧਾਰੀ ਸੰਪਰਦਾ ਦੇ ਹੀ ਨਹੀਂ ਬਲਕਿ ਕੁਲ ਲੁਕਾਈ ਦੇ ਰਹਿਬਰ ਸਨ। ਉਹਨਾਂ ਨੇ ਬੇ-ਅੰਤ ਧਾਰਮਿਕ ਤੇ ਸਮਾਜਕ ਕੰਮਾਂ ਤੋਂ ਇਲਾਵਾ ਖੇਡਾਂ, ਖੇਤੀ, ਸਿਖਿਆ, ਸਿਹਤ ਤੇ ਸੰਗੀਤ ਦੇ ਖੇਤਰ ਵਿਚ ਜੋ ਵਡਮੁੱਲਾ ਯੋਗਦਾਨ ਪਾਇਆ ਹੈ, ਉਸਦੀ ਕਿਧਰੇ ਮਿਸਾਲ ਨਹੀਂ ਮਿਲਦੀ। ਭਰੂਣ ਹੱਤਿਆ, ਬਾਲ ਵਿਆਹ ਅਤੇ ਦਾਜ ਦੀ ਲਾਹਨਤ ਦੇ ਖਿਲਾਫ਼ ਉਹਨਾਂ ਨੇ ਬੜੀ ਜੋਰਦਾਰ ਮੁਹਿਮ ਚਲਾਈ। ਉਹਨਾਂ ਨੇ ਸਮਾਜ ਵਿਚ ਏਕਤਾ, ਪ੍ਰੇਮ ਅਤੇ ਆਪਸੀ ਭਾਈਚਾਰੇ ਦੇ ਸੰਦੇਸ਼ ਨੂੰ ਨਿਰੰਤਰ ਅੱਗੇ ਤੋਰਿਆ। ਉਹਨਾਂ ਨੇ ਪੰਜਾਬੀ ਮਾਂ ਬੋਲੀ ਦੇ ਮਾਣ ਤੇ ਸਤਿਕਾਰ ਲਈ ਬੇ-ਅੰਤ ਯਤਨ ਕੀਤੇ। ਸਾਨੂੰ ਚੰਗੀ ਤਰ੍ਹਾਂ ਯਾਦ ਹੈ ਕਿ ਅਪ੍ਰੈਲ ੨੦੦੦ 'ਚ ਜਦੋਂ ਪੰਜ ਹਜ਼ਾਰ ਨਾਮਦੇਵ ਸ਼ਰਧਾਲੂ ਮਹਾਂਰਾਸ਼ਟਰ ਤੋਂ ਪੰਜਾਬ ਘੁਮਾਣ ਵਿਖੇ ਆਏ ਸਨ ਤਾਂ ਅਸੀਂ ਉਹਨਾਂ ਦੇ ਚਰਨਾਂ 'ਚ ਸੰਤ ਜਗਦੀਸ਼ ਸਿੰਘ ਵਰਿਆਮ ਜੀ ਨੂੰ ਨਾਲ ਲੈ ਕੇ ਭੈਣੀ ਸਾਹਿਬ ਜਾ ਕੇ ਸਨਿਮਰ ਬੇਨਤੀ ਕੀਤੀ ਕਿ ਸੰਗਤਾਂ ਨੂੰ ਘੁਮਾਣ ਵਿਖੇ ਦਰਸ਼ਨ ਦੇਣ ਦੀ ਕਿਰਪਾਲਤਾ ਕਰੋ, ਜੋ ਉਹਨਾਂ ਨੇ ਉਸੇ ਵੇਲੇ ਸਵੀਕਾਰ ਕੀਤੀ ਤੇ ਘੁਮਾਣ ਵਿਖੇ ਆਪਣੇ ਕੀਰਤਨੀ ਜੱਥਿਆਂ ਸਮੇਤ ਪਹੁੰਚੇ ਤੇ ਤੰਤੀ ਸਾਜ਼ਾਂ ਦੇ ਕੀਰਤਨ ਦਾ ਮਹਾਂ-ਰਾਸ਼ਟਰ ਦੇ ਸ਼ਰਧਾਲੂਆਂ ਨੇ ਖੂਬ ਅਨੰਦ ਮਾਣਿਆ। ਮਹਾਂ-ਰਾਸ਼ਟਰ ਦੇ ਸ਼ਰਧਾਲੂਆਂ ਨੇ ਸਤਿਗੁਰੂ ਜੀ ਦੇ ਸਵਾਗਤ 'ਚ ਰੰਗੋਲੀ ਬਣਾਈ ਸੀ, ਜਿਸ ਤੇ ਉਹਨਾਂ ਵੱਲੋਂ ਲਿਖਿਆ ਗਿਆ-"ਸਤਿਗੁਰੂ ਜਗਜੀਤ ਸਿੰਘ ਜੀ ਅਮਰ ਰਹੇ," ਜਦੋਂ ਸਤਿਗੁਰੂ ਜੀ ਨੇ ਇਹ ਲਫ਼ਜ਼ ਪੜ੍ਹੇ ਤਾਂ ਉਹਨਾਂ ਨੇ ਕਿਹਾ ਇਹਨਾਂ ਨੂੰ ਹੁਣੇ ਮਿਟਾ ਦਿਓ। ਕਿਧਰੇ ਅਜਿਹੀ ਨਿਮਰਤਾ ਦੀ ਮਿਸਾਲ ਮਿਲਦੀ ਹੈ? ੨੩ ਦਸੰਬਰ ਨੂੰ ਭੈਣੀ ਸਾਹਿਬ ਵਿਖੇ ਉਹਨਾਂ ਨੂੰ ਅਨੇਕ ਰਾਜਸੀ, ਧਾਰਮਿਕ ਤੇ ਸਮਾਜਿਕ ਆਗੂਆਂ ਵਲੋਂ ਭਾਵ-ਭਿੰਨੀਆਂ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ। ਜਿਨ੍ਹਾਂ ਵਿਚ ਸ. ਪ੍ਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ ਪੰਜਾਬ, ਕੇਂਦਰੀ ਰੇਲਵੇ ਮੰਤਰੀ ਸ੍ਰੀ ਪਵਨ ਕੁਮਾਰ ਬਾਂਸਲ, ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਸ੍ਰੀ ਓਮ ਪ੍ਰਕਾਸ਼ ਚੌਟਾਲਾ, ਸਾਬਕਾ ਸੰਸਦ ਮੈਂਬਰ ਜਗਮੀਤ ਸਿੰਘ ਬਰਾੜ, ਪੀਪਲਜ਼ ਪਾਰਟੀ ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ, ਭਾਰਤੀ ਕੈਮੂਨਿਸਟ ਪਾਰਟੀ ਦੇ ਆਗੂ ਡਾ. ਜੋਗਿੰਦਰ ਦਿਆਲ, ਸਾਬਕਾ ਕੇਂਦਰੀ ਮੰਤਰੀ ਬਲਵੰਤ ਸਿੰਘ ਰਾਮੂਵਾਲੀਆ, ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਪ੍ਰਧਾਨ ਪ੍ਰੋ. ਗੁਰਭਜਨ ਸਿੰਘ ਗਿਲ, ਸਥਾਨਕ ਸਰਕਾਰਾਂ ਮੰਤਰੀ ਭਗਤ ਚੂਨੀ ਲਾਲ, ਪ੍ਰੇਮ ਸਿੰਘ ਚੰਦੂਮਾਜਰਾ ਅਤੇ ਵਿਧਾਇਕ ਗੁਰ-ਇਕਬਾਲ ਕੌਰ ਬਬਲੀ ਸ਼ਾਮਲ ਹਨ। ਲੱਖਾਂ ਦੀ ਗਿਣਤੀ 'ਚ ਸੰਗਤਾਂ ਦਾ ਵੱਡਾ ਇਕੱਠਾ ਸੀ।

*—ਸੀ. ਐਲ. ਲੱਕੀ*
*(ਸਕੱਤਰ ਜਨਰਲ), ਸੰਤ ਨਾਮਦੇਵ ਫੈਡਰੇਸ਼ਨ ਪੰਜਾਬ*
*'ਖੁਸ਼ਖਬਰੀ' ਅਖਬਾਰ, ਮਿਤੀ ਜਨਵਰੀ ੨੦੧੩*



Namdhari Elibrary NamdhariElibrary@gmail.com






Namdhari Elibrary NamdhariElibrary@gmail.com

## ਕੂਕਾ ਲਹਿਰ ਦੇ ਸ਼ਹੀਦਾਂ ਦੇ ਵਾਰਿਸਾਂ ਦੀ ਭਲਾਈ ਲਈ ਕਮੇਟੀ ਕਾਇਮ ਆਜ਼ਾਦੀ ਘੁਲਾਟੀਆਂ ਦੇ ਪਰਿਵਾਰਾਂ ਵਾਲੀਆਂ ਸਹੂਲਤਾਂ ਮਿਲਣਗੀਆਂ

ਪੰਜਾਬ ਸਰਕਾਰ ਨੇ ਕੂਕਾ ਲਹਿਰ (੧੮੭੧) ਦੇ ਸ਼ਹੀਦਾਂ ਦੇ ਵਾਰਿਸਾਂ ਨੂੰ ਆਜ਼ਾਦੀ ਘੁਲਾਟੀਆਂ ਦੇ ਪਰਿਵਾਰਾਂ ਵਾਲੀਆਂ ਸਹੂਲਤਾਂ ਦੇਣ ਲਈ ਮੁੱਖ ਸਕੱਤਰ ਦੀ ਅਗਵਾਈ ਹੇਠ ਉੱਚ ਪੱਧਰੀ ਕਮੇਟੀ ਦਾ ਗਠਨ ਕੀਤਾ ਹੈ। ਰਾਜ ਸਰਕਾਰ ਦੇ ਆਜ਼ਾਦੀ ਘੁਲਾਟੀਏ ਵਿਭਾਗ ਵਲੋਂ ਇਸ ਸਬੰਧੀ ਅੱਜ ਹੀ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਹੈ। ਕੇਂਦਰ ਸਰਕਾਰ ਨੇ ਦੇਸ਼ ਦੇ ਆਜ਼ਾਦੀ ਸੰਗਰਾਮ ਵਿਚ ਅਹਿਮ ਭੂਮਿਕਾ ਨਿਭਾਉਣ ਵਾਲੀ ਇਸ ਲਹਿਰ ਦੇ ਸ਼ਹੀਦਾਂ ਨੂੰ ੨੦੦੮ ਵਿਚ ਹੀ ਆਜ਼ਾਦੀ ਲਹਿਰ ਦਾ ਹਿੱਸਾ ਮੰਨਿਆ ਹੈ। ਉਸ ਤੋਂ ਬਾਅਦ ਇਸ ਲਹਿਰ ਦੇ ਸ਼ਹੀਦਾਂ ਦੀ ਪਛਾਣ ਬਾਰੇ ਸਰਕਾਰੀ ਪੱਧਰ 'ਤੇ ਕੋਈ ਸੂਚੀ ਜਾਰੀ ਨਹੀਂ ਕੀਤੀ ਗਈ। ਲਹਿਰ ਨੂੰ ਆਜ਼ਾਦੀ ਦੇ ਛੇ ਦਹਾਕਿਆਂ ਬਾਅਦ ਮਾਨਤਾ ਮਿਲਣ ਅਤੇ ਫਿਰ ਸ਼ਹੀਦਾਂ ਦੀ ਪਛਾਣ ਨਾ ਹੋਣ ਕਾਰਨ ਦੇਸ਼ ਲਈ ਕੁਰਬਾਨੀ ਦੇਣ ਵਾਲੇ ਸ਼ਹੀਦਾਂ ਦੇ ਪਰਿਵਾਰਾਂ ਨੂੰ ਸਰਕਾਰ ਵਲੋਂ ਕੋਈ ਵੀ ਸਹੂਲਤ ਨਹੀਂ ਦਿੱਤੀ ਗਈ। ਆਜ਼ਾਦੀ ਘੁਲਾਟੀਏ ਵਿਭਾਗ ਦਾ ਕਹਿਣਾ ਹੈ ਕਿ ਇਸ ਲਹਿਰ ਦੇ ਸ਼ਹੀਦਾਂ ਦੀ ਪਛਾਣ ਅਤੇ ਉਨ੍ਹਾਂ ਦੇ ਵਾਰਿਸ਼ਾਂ ਦੀ ਖੋਜ ਕਰਨਾ ਵੱਡਾ ਕਾਰਜ ਹੈ। ਇਸ ਲਈ ਮੁੱਖ ਸਕੱਤਰ ਦੀ ਅਗਵਾਈ ਹੇਠ ਕਮੇਟੀ ਕਾਇਮ ਕੀਤੀ ਹੈ। ਕਮੇਟੀ ਨੂੰ ਤਿੰਨ ਮਹੀਨਿਆਂ ਦੇ ਅੰਦਰ ਆਪਣੀ ਰਿਪੋਰਟ ਦੇਣ ਲਈ ਹੁਕਮ ਦਿੱਤੇ ਹਨ।

ਆਜ਼ਾਦੀ ਘੁਲਾਟੀਏ ਵਿਭਾਗ ਦਾ ਕਹਿਣਾ ਹੈ ਕਿ ਕੂਕਾ ਲਹਿਰ ਦੇ ਸ਼ਹੀਦਾਂ ਦੀ ਪ੍ਰਮਾਣਿਕ ਸੂਚੀ ਹਾਸਲ ਕਰਨ ਅਤੇ ਸ਼ਹੀਦਾਂ ਸਬੰਧੀ ਪ੍ਰਮਾਣਿਕ ਤੱਥ ਹਾਸਲ ਕਰਨ ਲਈ ਵੱਖ ਵੱਖ ਸਰਕਾਰੀ ਸੰਸਥਾਵਾਂ ਜਿਨ੍ਹਾਂ ਵਿਚ ਇੰਡੀਅਨ ਕੌਂਸਲ ਆਫ਼ ਹਿਸਟੋਰੀਕਲ ਰਿਸਰਚ, ਕੇਂਦਰ ਸਰਕਾਰ ਦੇ ਡਾਇਰੈਕਟਰ ਜਨਰਲ ਪੁਰਾਤੱਤਵ ਵਿਭਾਗ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਨਾਲ ਰਾਬਤਾ ਕਾਇਮ ਕੀਤਾ ਗਿਆ ਹੈ। ਵਿਭਾਗ ਮੁਤਾਬਕ ਇਸ ਲਹਿਰ ਦੇ ਸ਼ਹੀਦਾਂ ਸਬੰਧੀ ਜੋ ਤੱਥ ਜਾਂ ਸੂਚੀ ਤਿਆਰ ਕੀਤੀ ਗਈ ਹੈ ਉਸ ਦੇ ਲਈ ਵਿਆਪਕ ਪੁਣਛਾਣ ਅਤੇ ਅਧਿਐਨ ਦੀ ਜ਼ਰੂਰਤ ਹੈ। ਇਸ ਦੇ ਲਈ ਉੱਚ ਪੱਧਰੀ ਕਮੇਟੀ ਦਾ ਗਠਨ ਕੀਤਾ ਗਿਆ ਹੈ। ਰਾਜ ਸਰਕਾਰ ਦੇ ਆਜ਼ਾਦੀ ਘੁਲਾਟੀਏ ਵਿਭਾਗ ਕੋਲ ਇਸ ਤੋਂ ਪਹਿਲਾਂ ਕੋਈ ਪ੍ਰਮਾਣਿਕ ਸੂਚੀ ਵੀ ਨਹੀਂ ਹੈ ਤੇ ਰਾਜ ਸਰਕਾਰ ਵੱਲੋਂ ਇਸ ਮਾਮਲੇ 'ਚ ਕੋਈ ਉਦਮ ਵੀ ਨਹੀਂ ਕੀਤਾ ਗਿਆ ਪਰ ਪਿਛਲੇ ਕੁੱਝ ਮਹੀਨਿਆਂ ਤੋਂ ਵਿਭਾਗ ਦੇ ਪ੍ਰਮੁੱਖ ਸਕੱਤਰ ਸਰਵੇਸ਼ ਕੌਸ਼ਲ ਨੇ ਇਸ ਮਾਮਲੇ ਵਿਚ ਜ਼ਰੂਰ ਕੁੱਝ ਫੈਸਲੇ ਲਏ ਹਨ। ਇਸ ਤਹਿਤ ਜੱਲ੍ਹਿਆਂ ਵਾਲੇ ਬਾਗ ਦੇ ਸ਼ਹੀਦਾਂ ਦੀ ਪਛਾਣ ਲਈ ਇਕ ਵੱਖਰੀ ਕਮੇਟੀ ਦਾ ਗਠਨ ਕੀਤਾ ਹੈ। ਜ਼ਿਕਰਯੋਗ ਹੈ ਕਿ ਦੇਸ਼ ਅੰਦਰ ਅੰਗਰੇਜ਼ੀ ਹਕੂਮਤ ਨੇ ਮਾਲੇਰਕੋਟਲਾ ਵਿਚ ੬੬ ਕੂਕਿਆਂ ਨੂੰ ਤੋਪਾਂ ਦੇ ਮੂਹਰੇ... ਦਿੱਤਾ ਸੀ। ਆਜ਼ਾਦੀ ਦੀ ਲਹਿਰ ਵਿਚ ਇਹ ਵੱਡੀ ਇਤਿਹਾਸਕ ਘਟਨਾ ਮੰਨੀ ਜਾਂਦੀ ਹੈ। ਇਸੇ ਤਰ੍ਹਾਂ ਰਾਏਕੋਟ ਅਤੇ ਅੰਮ੍ਰਿਤਸਰ ਵਿਚ ਕੂਕਿਆਂ ਨੇ ਜਦੋਂ ਕੁਝ ਬੁੱਚੜਾਂ ਨੂੰ ਕਤਲ ਕਰ ਦਿੱਤਾ ਸੀ ਤਾਂ ਅੰਗਰੇਜ਼ ਹਕੂਮਤ ਨੇ ਲੁਧਿਆਣਾ ਅਤੇ ਅੰਮ੍ਰਿਤਸਰ ਸ਼ਹਿਰਾਂ ਵਿਚ ਇਸ ਲਹਿਰ ਦੇ ਕਈ ਸਰਗਰਮ ਆਗੂਆਂ ਨੂੰ ਜਨਤਕ ਤੌਰ 'ਤੇ ਫਾਂਸੀ ਦਿੱਤੀ ਸੀ। ਕੂਕਾ ਲਹਿਰ ਦੇਸ਼ ਦੀ ਜੰਗ ਏ ਆਜ਼ਾਦੀ ਦਾ ਅਹਿਮ ਹਿੱਸਾ ਮੰਨੇ ਜਾਣ ਦੇ ਬਾਵਜੂਦ ਕੇਂਦਰ ਸਰਕਾਰ ਨੇ ਇਸ ਲਹਿਰ ਨੂੰ ਮਾਨਤਾ ਨਹੀਂ ਦਿੱਤੀ ਸੀ। ਇਹ ਤੱਥ ਇਤਿਹਾਸਕ ਖੋਜਕਾਰ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਵੱਲੋਂ ਲੜੀ ਗਈ ਲੰਮੀ ਕਾਨੂੰਨੀ ਲੜਾਈ ਦੌਰਾਨ ਸਾਹਮਣੇ ਆਏ ਸਨ। ਜਨਤਕ ਵਿਰੋਧ ਤੋਂ ਬਾਅਦ ਕੇਂਦਰ ਸਰਕਾਰ ਨੇ ਕੂਕਾ ਲਹਿਰ, ਜਲ੍ਹਿਆਂ ਵਾਲਾ ਬਾਗ ਗੋਲੀ ਕਾਂਡ, ਲਾਹੌਰ ਬੰਬ ਕਾਂਡ ਅਤੇ ਸ਼ਹੀਦੇ ਆਜ਼ਮ ਭਗਤ ਸਿੰਘ ਦੀ ਸ਼ਮੂਲੀਅਤ ਵਾਲੇ ਹੋਰਨਾਂ ਕਾਂਡਾਂ ਨੂੰ ਆਜ਼ਾਦੀ ਲਹਿਰ ਦਾ ਹਿੱਸਾ ਮੰਨ ਲਿਆ ਸੀ। ਕੇਂਦਰ ਸਰਕਾਰ ਦੇ ਫੈਸਲੇ ਦੇ ਬਾਵਜੂਦ ਇਨ੍ਹਾਂ ਲਹਿਰਾਂ ਦੇ ਸ਼ਹੀਦਾਂ ਤੇ ਵਾਰਿਸਾਂ ਦੀ ਅਜੇ ਤੱਕ ਕੋਈ ਪਛਾਣ ਨਹੀਂ ਕੀਤੀ ਜਾ ਸਕੀ।

ਪ੍ਰੋ. ਵੜੈਚ ਨੇ ਸਰਕਾਰ ਵਲੋਂ ਆਜ਼ਾਦੀ ਸੰਗਰਾਮ ਦੀਆਂ ਲਹਿਰਾਂ ਦੇ ਸ਼ਹੀਦਾਂ ਦੀ ਪਛਾਣ ਲਈ ਕਮੇਟੀਆਂ ਗਠਿਤ ਕਰਨ ਨੂੰ ਬੇਤੁਕੀ ਕਾਰਵਾਈ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸਾਲ ੨੦੧੧ ਦੌਰਾਨ ਨਾ ਸਿਰਫ ਇਨ੍ਹਾਂ ਲਹਿਰਾਂ ਦੇ ਸ਼ਹੀਦਾਂ ਦੀ ਬਲਕਿ ਹੋਰ ਆਜ਼ਾਦੀ ਲਹਿਰਾਂ ਦੇ ਸ਼ਹੀਦਾਂ ਦੀ ਪ੍ਰਮਾਣਿਤ ਸੂਚੀ, ਜੋ ਇੰਡੀਅਨ ਕੌਂਸਲ ਆਫ਼ ਹਿਸਟੋਰੀਕਲ ਰਿਸਰਚ ਵਲੋਂ ਤਿਆਰ ਕਰਕੇ ਪ੍ਰਕਾਸ਼ਿਤ ਕੀਤੀ ਗਈ ਹੈ, ਵਿਚ ਕਰਕੇ ਸ਼ਹੀਦ ਬਾਰੇ ਸੰਖੇਪ ਵੇਰਵਿਆਂ ਦੇ ਨਾਲ ਹੀ ਉਸ ਦਸਤਾਵੇਜ਼ ਦਾ ਵੀ ਜ਼ਿਕਰ ਹੈ ਜਿਸ ਦੇ ਆਧਾਰ ਤੇ ਸਬੰਧਤ ਨਾਂ ਸੂਚੀ ਵਿਚ ਸ਼ਾਮਲ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਡਾਇਰੈਕਟਰੀ ਨੂੰ ਆਧਾਰ ਬਣਾ ਕੇ ਰਾਜ ਸਰਕਾਰ



Namdhari Elibrary NamdhariElibrary@gmail.com

ਸ਼ਹੀਦਾਂ ਦੇ ਵਾਰਿਸਾਂ ਦੀ ਪਛਾਣ ਸਹਿਜੇ ਹੀ ਕਰ ਸਕਦੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਸਮਾਂ ਬਰਬਾਦ ਕਰਨ ਦੀ ਥਾਂ ਸ਼ਹੀਦਾਂ ਦੇ ਵਾਰਿਸਾਂ ਨੂੰ ਸਹੂਲਤਾਂ ਦੇਵੇ।

## ਨਾਮਧਾਰੀ ਪੰਜਾਬੀ ਸਾਹਿਤ ਸਭਾ ਜੀਵਨ ਨਗਰ ਵਲੋਂ ਸ਼ੋਕ ਪ੍ਰਸਤਾਵ

ਸ੍ਰੀ ਜੀਵਨ ਨਗਰ-ਅੱਜ ਮਿਤੀ ੧੭-੧੨-੨੦੧੨ ਨੂੰ ਨਾਮਧਾਰੀ ਪੰਜਾਬੀ ਸਾਹਿਤ ਸਭਾ ਦੀ ਵਿਸ਼ੇਸ਼ ਮੀਟਿੰਗ ਹੋਈ, ਜਿਸ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਦੇਹ ਦਾ ਓਹਲਾ ਕਰ ਜਾਣ ਤੇ ਸਭਾ ਵਲੋਂ ਡੂੰਘੇ ਦੁੱਖ ਦਾ ਇਜ਼ਹਾਰ ਕੀਤਾ ਗਿਆ। ਦੋ ਮਿੰਟ ਦਾ ਮੋਨਧਾਰ ਕੇ ਸ਼ਰਧਾਂਜਲੀ ਅਰਪਿਤ ਕੀਤੀ ਗਈ ਅਤੇ ਸ਼ੋਕ ਪ੍ਰਸਤਾਵ ਪੇਸ਼ ਕੀਤਾ ਗਿਆ।

ਇਸ ਤੋਂ ਪਿਛੋਂ ਸਾਰੇ ਸਾਹਿਤਕਾਰ ਸੱਜਣਾਂ ਨੇ ਆਪਣੇ ਆਪਣੇ ਢੰਗ ਦੁਆਰਾ ਸਤਿਗੁਰੂ ਜੀ ਪ੍ਰਤੀ ਆਪਣੀਆਂ ਭਾਵਨਾਵਾਂ ਦਾ ਬਹੁਤ ਹੀ ਭਾਵੁਕ ਅੰਦਾਜ਼ ਵਿਚ ਪ੍ਰਗਟਾਵਾ ਕੀਤਾ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨਾਮਧਾਰੀ ਪੰਥ ਦੇ ਹੀ ਨਹੀਂ, ਸਾਰੀ ਦੁਨੀਆਂ ਦੇ ਮਾਲਕ ਸਨ। ਉਹਨਾਂ ਦਾ ਅਸਹਿ ਵਿਛੋੜਾ ਹਰ ਹਿਰਦੇ ਤੇ ਡੂੰਘੀ ਉਦਾਸੀ ਦੀ ਲਕੀਰ ਪਾ ਗਿਆ ਹੈ। ਉਹਨਾਂ ਦੇ ਕੀਤੇ ਉਪਕਾਰਾਂ ਦਾ ਸਦਕਾ ਉਹ ਹਮੇਸ਼ਾ ਯਾਦ ਰਹਿਣ... ਪੰਥ ਨੂੰ ਹੀ ਨਹੀਂ ਸਾਰੇ ਵਿਸ਼ਵ ਨੂੰ ਇਹ ਪੂਰਾ ਨਾ ਹੋਣ ਵਾਲਾ ਘਾਟਾ ਪਿਆ ਹੈ।

ਸਤਿਗੁਰੂ ਜੀ ਕ੍ਰਿਪਾ ਕਰਨ, ਸਾਨੂੰ ਸਭ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ, ਪੰਥ ਦੀ ਚੜ੍ਹਦੀ ਕਲਾ ਰਹੇ।

*—ਜਸਵਿੰਦਰ ਸਿੰਘ ਭਿੰਡਰ, ਸਕੱਤਰ*
*—ਲਖਵਿੰਦਰ ਸਿੰਘ ਬਾਜਵਾ, ਪ੍ਰਧਾਨ*
*ਨਾਮਧਾਰੀ ਪੰਜਾਬੀ ਸਾਹਿਤ ਸਭਾ*
*ਸ੍ਰੀ ਜੀਵਨ ਨਗਰ (ਸਰਸਾ)*

## ਨਾਮਧਾਰੀ ਪੰਜਾਬੀ ਸਾਹਿਤ ਸਭਾ ਦੀ ਵਿਸ਼ੇਸ਼ ਇਕਤਰਤਾ

ਅੱਜ ਮਿਤੀ ੧੦-੧੨-੨੦੧੨ ਨੂੰ ਨਾਮਧਾਰੀ ਪੰਜਾਬੀ ਸਾਹਿਤ ਸਭਾ ਦੀ ਵਿਸ਼ੇਸ਼ ਇਕਤਰਤਾ ਲਖਵਿੰਦਰ ਸਿੰਘ ਬਾਜਵਾ (ਪ੍ਰਧਾਨ) ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿਚ ਬਹੁਤ ਸਾਰੇ ਸਾਹਿਤਕ ਪੱਖਾਂ ਤੇ ਵਿਚਾਰ ਕੀਤਾ ਗਿਆ ਅਤੇ ਸ. ਸਾਧੂ ਸਿੰਘ ਕਿਸਾਨ ਦੀ ਮਾਤਾ ਦੇ ਸੁਰਗਵਾਸ ਹੋਣ ਤੇ ਅਤੇ ਸਾਬਕਾ ਪ੍ਰਧਾਨ ਮੰਤਰੀ ਸ੍ਰੀ ਇੰਦਰ ਕੁਮਾਰ ਗੁਜਰਾਲ ਦੇ ਵਿਛੜ ਜਾਣ ਤੇ ਸਭਾ ਵਲੋਂ ਸ਼ੋਕ ਮਤੇ ਪੇਸ਼ ਕੀਤੇ ਗਏ।

ਇਸ ਮੀਟਿੰਗ ਵਿਚ ਸ੍ਰੀ ਮਾਸਟਰ ਅਮਰੀਕ ਸਿੰਘ, ਸ੍ਰੀ ਸਾਧੂ ਸਿੰਘ ਕਿਸਾਨ, ਜਗਿੰਦਰ ਸਿੰਘ ਮੁਕਤਾ, ਸਵਰਨ ਸਿੰਘ ਚੀਮਾ, ਗੁਰਮੇਲ ਸਿੰਘ ਹੰਸ, ਰਾਜਿੰਦਰ ਸਿੰਘ ਰਾਜ, ਜਸਵਿੰਦਰ ਸਿੰਘ ਭਿੰਡਰ ਅਤੇ ਲਖਵਿੰਦਰ ਸਿੰਘ ਬਾਜਵਾ ਨੇ ਆਪਣੀਆਂ ਭਾਵ-ਭਿੰਨੀਆਂ ਰਚਨਾਵਾਂ ਪੇਸ਼ ਕੀਤੀਆਂ।

## ਭਾਈ ਬਲਬੀਰ ਸਿੰਘ ਰਾਗੀ ਸਮੇਤ ੩੬ ਸ਼ਖਸੀਅਤਾਂ ਨੂੰ ਸੰਗੀਤ ਅਕਾਦਮੀ ਪੁਰਸਕਾਰ

ਨਵੀਂ ਦਿੱਲੀ (ਏਜੰਸੀਆਂ ਰਾਹੀਂ)-ਗੁਰਬਾਣੀ ਲਈ ਭਾਈ ਬਲਬੀਰ ਸਿੰਘ ਰਾਗੀ ਸਮੇਤ ਸੰਗੀਤ, ਨਾਚ, ਥੀਏਟਰ ਅਤੇ ਕਠਪੁਤਲੀ ਖੇਤਰ ਦੀਆਂ ੩੬ ਸ਼ਖਸੀਅਤਾਂ ਨੂੰ ਸੰਗੀਤ ਨਾਟਕ ਅਕਾਦਮੀ ਪੁਰਸਕਾਰ ੨੦੧੨ ਲਈ ਚੁਣਿਆ ਗਿਆ ਹੈ। ਸਭਿਆਚਾਰ ਮੰਤਰਾਲੇ ਦੇ ਇਕ ਬੁਲਾਰੇ ਨੇ ਦੱਸਿਆ ਕਿ ਪੁਰਸਕਾਰ ਪ੍ਰਾਪਤ ਕਰਨ ਵਾਲਿਆਂ ਦੀ ਚੋਣ ਸੰਗੀਤ, ਨਾਚ ਅਤੇ ਡਰਾਮਾ ਦੀ ਕੌਮੀ ਅਕਾਦਮੀ, ਸੰਗੀਤ ਨਾਟਕ ਅਕਾਦਮੀ ਦੀ ਜਨਰਲ ਕੌਂਸਿਲ ਦੀ ੨੧ ਦਸੰਬਰ ਨੂੰ ਹੋਈ ਮੀਟਿੰਗ ਵਿਚ ਕੀਤੀ ਗਈ। ਕੌਂਸਲ ਨੇ ਕਲਾ ਦੇ ਖੇਤਰ ਵਿਚ ਕਾਰਗੁਜ਼ਾਰੀ ਦਿਖਾਉਣ ਵਾਲੀਆਂ ਤਿੰਨ ਉੱਘੀਆਂ ਸ਼ਖਸੀਅਤਾਂ ਐਨ ਰਾਜਮ, ਟੀ. ਐਚ ਵਿਨੈਕਰਮ ਅਤੇ ਰਤਨ ਤਿਆਮ ਦੀ ਸੰਗੀਤ ਨਾਟਕ ਅਕਾਦਮੀ ਦੇ ਫੈਲੋ ਵਜੋਂ ਚੋਣ ਕੀਤੀ ਗਈ ਹੈ। ਅਕਾਦਮੀ ਦੀ ਫੈਲੋਸ਼ਿਪ ਬਹੁਤ ਹੀ ਵਕਾਰੀ ਤੇ ਵਿਲੱਖਣ ਸਨਮਾਨ ਹੈ ਜਿਹੜਾ ਸਿਰਫ ਗਿਣਤੀ ਦੀਆਂ ਸ਼ਖਸੀਅਤਾਂ ਨੂੰ ਦਿੱਤਾ ਗਿਆ ਹੈ। ਮੌਜੂਦਾ ਸਮੇਂ ਸੰਗੀਤ ਨਾਟਕ ਅਕਾਦਮੀ ਦੇ ੪੦ ਫੈਲੋਜ਼ ਹਨ। ਸੰਗੀਤ ਖੇਤਰ ਵਿਚ ਸੰਗੀਤ ਦੀਆਂ ਦੂਸਰੀਆਂ ਵੱਡੀਆਂ ਪ੍ਰੰਪਰਾਵਾਂ ਲਈ ਭਾਈ ਬਲਬੀਰ ਸਿੰਘ ਰਾਗੀ (ਗੁਰਬਾਣੀ) ਸਮੇਤ ੯ ਸ਼ਖਸੀਅਤਾਂ ਦੀ ਅਕਾਦਮੀ ਪੁਰਸਕਾਰ ੨੦੧੨ ਲਈ ਚੋਣ ਕੀਤੀ ਗਈ ਹੈ। ਇਸੇ ਤਰ੍ਹਾਂ ਨਾਚ ਖੇਤਰ ਵਿਚ ਵੀ ੯ ਸ਼ਖਸੀਅਤਾਂ ਦੀ ਪੁਰਸਕਾਰ ਲਈ ਚੋਣ ਕੀਤੀ ਗਈ ਹੈ। ਥੀਏਟਰ ਦੇ ਖੇਤਰ ਵਿਚ ੮ ਸ਼ਖਸੀਅਤਾਂ ਨੂੰ ਇਹ ਸਨਮਾਨ ਦਿੱਤਾ ਗਿਆ ਹੈ। ਅਕਾਦਮੀ ਦੀ ਫੈਲੋਸ਼ਿਪ ਲਈ ਤਿੰਨ ਲੱਖ ਰੁਪਏ ਅਤੇ ਅਕਾਦਮੀ ਪੁਰਸਕਾਰ ਲਈ ਇਕ ਲੱਖ ਰੁਪਏ ਨਕਦ ਤੋਂ ਇਲਾਵਾ ਤਾਮਰਪੱਤਰ ਤੇ ਇਕ ਅੰਗਵਸਤਰ ਦਿੱਤਾ ਜਾਂਦਾ ਹੈ।

## ਬਰੈਂਮਪਟਨ (ਕਨੇਡਾ) ਵਿਖੇ ਪ੍ਰੋ. ਸਾਹਿਬ ਸਿੰਘ ਤੇ ਪ੍ਰੋ. ਪ੍ਰੀਤਮ ਸਿੰਘ ਬਾਰੇ ਸੈਮੀਨਾਰ

ਪਹਿਲੀ ਵਾਰ ਅੰਤਰਰਾਸ਼ਟਰੀ ਪੱਧਰ ਉੱਤੇ ਸਿੱਖ ਸਕਾਲਰਾਂ ਦੀ ਜੀਵਨੀ ਬਾਰੇ ਸੈਮੀਨਾਰਾਂ ਦੀ ਲੜੀ ਕਨੇਡਾ ਵਿਖੇ ਆਰੰਭੀ ਗਈ ਹੈ ਜਿਸ ਵਿਚ ਟੋਰੰਟੋ (ਕਨੇਡਾ) ਦੇ ਨੌਜਵਾਨਾਂ ਵੱਲੋਂ ਹੰਭਲਾ ਮਾਰਿਆ ਗਿਆ ਹੈ। ਇਸ ਲਈ ਸਿੰਘ ਸਭਾ ਇੰਟਰਨੈਸ਼ਨਲ, ਗੁਰੂ ਪੰਥ, ਸਿੱਖ ਲਹਿਰ ਸਭਾਵਾਂ



Namdhari Elibrary NamdhariElibrary@gmail.com

ਸ਼ਾਮਲ ਹਨ। ਇਸ ਲੜੀ ਵਿਚਲਾ ਪਹਿਲਾ ਅਜਿਹਾ ਸੈਮੀਨਾਰ ਗੁਰਦੁਆਰਾ ਸਿਖ ਲਹਿਰ ਸੈਂਟਰ ਬਰੈਂਮਪਟਨ (ਕਨੇਡਾ) ਵਿਖੇ ੨੫ ਦਸੰਬਰ ਸ਼ਾਮ ੨ ਤੋਂ ੪ ਵਜੇ ਤਕ ਹੋਇਆ। ਅਗਲੇ ਸਾਲ ਦਾ ਸੈਮੀਨਾਰ ਭਾਈ ਕਾਨ੍ਹ ਸਿੰਘ ਨਾਭਾ ਜੀ ਉੱਤੇ ਕਰਨ ਲਈ ਸੋਚਿਆ ਗਿਆ। ਇਸ ਸੈਮੀਨਾਰ ਉੱਤੇ ਕੌਮਾਂਤਰੀ ਬੁਲਾਰੇ ਵਜੋਂ ਡਾ. ਹਰਸ਼ਿੰਦਰ ਕੌਰ ਪਟਿਆਲਾ ਜੋ ਕਿ ਪ੍ਰੋ. ਸਾਹਿਬ ਸਿੰਘ ਦੀ ਦੋਹਤਰੀ ਤੇ ਪ੍ਰੋ. ਪ੍ਰੀਤਮ ਸਿੰਘ ਦੀ ਬੇਟੀ ਹੈ, ਅਤੇ ਬੀਬੀ ਇੰਦਰਪਾਲ ਕੌਰ ਨੂੰ ਸੱਦਾ ਭੇਜਿਆ ਗਿਆ।

ਇਸ ਬਾਰੇ ਜਾਣਕਾਰੀ ਦਿੰਦਿਆਂ ਸ੍ਰ.ਮਨਦੀਪ ਸਿੰਘ ਗਿਲ, ਸਕੱਤਰ, ਸਿਖ ਸਭਾ ਇਟਰਨੈਸ਼ਨਲ ਨੇ ਦੱਸਿਆ ਕਿ ਜਿੱਥੇ ਬਜ਼ੁਰਗ ਇਸ ਪ੍ਰੋਗਰਾਮ ਬਾਰੇ ਉਤਸ਼ਾਹਿਤ ਹਨ, ਉੱਥੇ ਨੌਜਵਾਨਾਂ ਵਿਚ ਵੀ ਸਿੱਖ ਸਕਾਲਰਾਂ ਦੀ ਜੀਵਨੀ ਵਿਚ ਝਾਤ ਪਾਉਣ ਲਈ ਕਾਫ਼ੀ ਉਤਸ਼ਾਹ ਵੇਖਣ ਨੂੰ ਮਿਲ ਰਿਹਾ ਹੈ। ਇਸ ਕਾਨਫਰੰਸ ਵਿਚ ਪ੍ਰੋ. ਪ੍ਰੀਤਮ ਸਿੰਘ ਤੇ ਪ੍ਰੋ. ਸਾਹਿਬ ਸਿੰਘ ਦਾ ਸਿਖ ਪੰਥ ਨੂੰ ਯੋਗਦਾਨ ਦੇ ਨਾਲ ਨਾਲ ਉਨ੍ਹਾਂ ਦੀ ਜੀਵਨ ਵਿਚ ਝਾਤ ਵੀ ਪਾਈ ਗਈ। ਪ੍ਰੋ. ਸਾਹਿਬ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਟੀਕਾਕਾਰ ਸਨ ਤੇ ਪ੍ਰੋ.ਪ੍ਰੀਤਮ ਸਿੰਘ ਦੀ ਹਥ ਲਿਖਤ ਪੋਥੀਆਂ ਦੀ ਸੰਭਾਲ ਤੇ ਪੁਰਾਤਨ ਗ੍ਰੰਥਾਂ ਅਤੇ ਗੁਰੂ ਗ੍ਰੰਥ ਸਾਹਿਬ ਉੱਤੇ ਕੀਤੀ ਵਡਮੁੱਲੀ ਖੋਜ ਸਿੱਖ ਪੰਥ ਨੂੰ ਦੇਣ ਹੈ ਜਿਸ ਵਾਸਤੇ ਦੋਹਾਂ ਸ਼ਖ਼ਸੀਅਤਾਂ ਨੇ ਆਪਣਾ ਜੀਵਨ ਅਰਪਨ ਕੀਤਾ ਹੋਇਆ ਸੀ ।

ਜ਼ਿਕਰਯੋਗ ਹੈ ਕਿ ਕਨੇਡਾ ਵਿਖੇ 'ਨੱਚ ਬੱਲੀਏ' ਗਰੁੱਪ ਵੱਲੋਂ ਪਹਿਲੀ ਵਾਰ ਐਨ.ਆਰ.ਆਈਜ਼. ਵਿਚ ਕੁੜੀਆਂ ਦੀ ਘਟਦੀ ਗਿਣਤੀ ਵੇਖ ਕੇ ਕੁੜੀਆਂ ਦੀ ਲੋਹੜੀ ਮਨਾਉਣ ਦਾ ਜਤਨ ਕੀਤਾ ਗਿਆ। 'ਲੋਹੜੀ ਫੌਰ ਹਰ'। ਇਸ ਪ੍ਰੋਗਰਾਮ ਵਿਚ ਸਿਰਫ਼ ਭਾਰਤੀ ਮੂਲ ਦੇ ਹੀ ਨਹੀਂ ਬਲਕਿ ਸਾਊਥ ਏਸ਼ੀਅਨ ਟੱਬਰ ਵੀ ਸ਼ਾਮਲ ਹੋਏ ਹਨ। ਟੋਰੋਂਟੋ ਯੂਨੀਵਰਸਿਟੀ ਦੇ ਵਿਦਿਆਰਥੀ ਇਸ ਪ੍ਰੋਗਰਾਮ ਦੇ ਨਾਲ ਨਾਲ ਹੋਰ ਵੀ ਸੈਮੀਨਾਰ ਅਤੇ ਵਰਕਸ਼ਾਪ ਆਯੋਜਿਤ ਕਰ ਰਹੇ ਹਨ ਜਿਸ ਵਿਚ ਕੁੜੀਆਂ ਨੂੰ ਨਾ ਮਾਰਨ ਅਤੇ ਇਸਦੇ ਗੰਭੀਰ ਸਿੱਟਿਆਂ ਬਾਰੇ ਸਮਝਾਇਆ ਜਾਣਾ ਹੈ।

ਇਸ ਸੈਮੀਨਾਰ ਵਿਚ ਬਤੌਰ ਮੁੱਖ ਮਹਿਮਾਨ ਡਾ. ਹਰਸ਼ਿੰਦਰ ਕੌਰ, ਪਟਿਆਲਾ ਜਿਨ੍ਹਾਂ ਦਾ ਮਾਦਾ ਭਰੂਣ ਹੱਤਿਆ ਉੱਤੇ ਅੰਤਰਰਾਸ਼ਟਰੀ ਪੱਧਰ ਦਾ ਕੰਮ ਕੀਤਾ ਹੋਇਆ ਹੈ, ਸ਼ਾਮਲ ਹੋ ਰਹੇ ਹਨ ਅਤੇ ਉਨ੍ਹਾਂ ਨੂੰ ਅੱਗੋਂ ਵੀ ਇਹ ਪ੍ਰਥਾ ਜਾਰੀ ਰਖਣ ਲਈ ਵਡਮੁੱਲੇ ਵਿਚਾਰ ਪੇਸ਼ ਕਰਨਗੇ।

ਕਨੇਡਾ ਦਾ ਮੀਡੀਆ ਅਤੇ ਬਰੈਂਪਟਨ ਦੇ ਕੁੱਝ ਸਰਕਾਰੀ ਅਫ਼ਸਰ ਵੀ ਇਸ ਪ੍ਰੋਗਰਾਮ ਵਿਚ ੨੭ ਦਸੰਬਰ ਨੂੰ 'ਡਰੀਮ ਕਨਵੈਨਸ਼ਨ ਸੈਂਟਰ' ਵਿਖੇ ਸ਼ਾਮਲ ਹੋ ਰਹੇ ਹਨ।

ਇਸ ਪ੍ਰੋਗਰਾਮ ਦੌਰਾਨ ਦਾਜ ਨਾ ਲੈਣ ਅਤੇ ਦੇਣ ਦਾ ਸਹੁੰ ਚੁੱਕ ਸਮਾਗਮ ਵੀ ਕੀਤਾ ਜਾਣਾ ਹੈ ਤਾਂ ਜੋ ਵਿਦੇਸ਼ਾਂ ਵਿਚ ਵਿਆਹਾਂ ਉੱਤੇ ਹੋ ਰਿਹਾ ਖ਼ਰਚਾ ਵੀ ਘਟਾਇਆ ਜਾ ਸਕੇ ਤੇ ਕੁੜੀਆਂ ਨੂੰ ਮਾਪਿਆਂ ਉੱਤੇ ਭਾਰ ਨਾ ਸਮਝਿਆ ਜਾਵੇ।

ਇੱਥੇ ਇਹ ਵੀ ਦੱਸਣਾ ਉਚਿਤ ਹੋਵੇਗਾ ਕਿ ਅੱਗੇ ਵੀ ੨੫੦੦ ਟੋਰੋਂਟੋ ਯੂਨੀਵਰਸਿਟੀ ਤੇ ਸ਼ੈਰੇਡਨ ਕਾਲਜ ਦੇ ਵਿਦਿਆਰਥੀ ਦਾਜ ਨਾ ਲੈਣ ਅਤੇ ਦੇਣ ਲਈ ਡਾ.ਹਰਸ਼ਿੰਦਰ ਕੌਰ ਨੂੰ ਸਮਰਥਨ ਦੇ ਚੁੱਕੇ ਹੋਏ ਹਨ ਤੇ ਕਈਆਂ ਨੇ ਆਪਣੇ ਵਿਆਹ ਵੇਲੇ ਇਹ ਕਰ ਵੀ ਵਿਖਾਇਆ ਹੈ।

## ਭਾਈ ਸੰਤੋਖ ਸਿੰਘ ਜੀ ਦਾ ਜਨਮ ਦਿਨ ਮਨਾਇਆ ਮਹਾਂਕਵੀ ਨੂੰ ਭਾਰਤ ਸਰਕਾਰ ਰਾਸ਼ਟਰ ਕਵੀ ਐਲਾਨੇ : ਡਾ. ਧਰਮ ਸਿੰਘ

ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਮਹਾਂਕਵੀ ਭਾਈ ਸੰਤੋਖ ਸਿੰਘ ਯਾਦਗਾਰ ਕਮੇਟੀ, ਜਲੰਧਰ ਵਲੋਂ ਮਹਾਂਕਵੀ ਜੀ ਦਾ ਜਨਮ ਦਿਹਾੜਾ ਇਤਿਹਾਸਕ ਗੁਰਦੁਆਰਾ ਪਾਤਸ਼ਾਹੀ ਛੇਵੀਂ ਬਸਤੀ ਸ਼ੇਖ ਜਲੰਧਰ ਵਿਖੇ ਸਜ-ਧੱਜ ਨਾਲ ਮਨਾਇਆ ਗਿਆ। ਸਵੇਰੇ ਗੁਰਦੁਆਰੇ ਦੇ ਕੀਰਤਨੀ ਜਥੇ ਨੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਉਪਰੰਤ ਪੰਜਾਬ ਦੇ ਮਸ਼ਹੂਰ ਗਾਇਕ ਸ. ਰਛਪਾਲ ਸਿੰਘ ਪਾਲ ਨੇ ਮਹਾਂਕਵੀ ਦੀ ਰਚਨਾ 'ਚੋਂ ਕੁਝ ਬੰਦ ਗਾਏ ਤੇ ਉਨ੍ਹਾਂ ਦੇ ਜੀਵਨ ਸੰਬੰਧੀ ਭਾਵ-ਪੂਰਤ ਕਵਿਤਾ ਪੜ੍ਹੀ। ਡਾ. ਧਰਮ ਸਿੰਘ ਜੋ ਕਿ ਇਸ ਪ੍ਰੋਗਰਾਮ ਦੇ ਮੁੱਖ ਵਕਤਾ ਸਨ, ਦੇ ਬਾਰੇ ਕੁਲਦੀਪ ਸਿੰਘ ਬੇਦੀ ਨੇ ਜਾਣਕਾਰੀ ਦਿੱਤੀ, ਜਿਸ ਤੋਂ ਬਾਅਦ ਡਾ. ਸਾਹਿਬ ਨੇ ਮਹਾਂਕਵੀ ਜੀ ਦੇ ਜੀਵਨ ਸੰਬੰਧੀ ਸੰਖੇਪ ਜਾਣਕਾਰੀ ਦਿੰਦਿਆਂ ਹੋਇਆ ਉਨ੍ਹਾਂ ਦੀਆਂ ਸਾਹਿਤਕ ਪ੍ਰਾਪਤੀਆਂ ਦਾ ਜ਼ਿਕਰ ਵੇਰਵੇ ਨਾਲ ਕੀਤਾ। ਭਾਈ ਸਾਹਿਬ ਦੇ ਸ਼ਾਹਕਾਰ ਗ੍ਰੰਥ 'ਗੁਰੂ ਨਾਨਕ ਪ੍ਰਕਾਸ਼' ਅਤੇ 'ਗੁਰ ਪ੍ਰਤਾਪ ਸੂਰਜ' ਤੋਂ ਇਲਾਵਾ ਉਨ੍ਹਾਂ ਨੇ ਅਮਰਕੋਸ਼, 'ਬਾਲਮੀਕ ਰਮਾਇਣ', ਆਤਮ-ਪੁਰਾਣ ਵਰਗੇ ਕਲਾਸਿਕ ਸੰਸਕ੍ਰਿਤ ਗ੍ਰੰਥਾਂ ਦਾ ਅਨੁਵਾਦ ਹਿੰਦੀ ਵਿਚ ਕੀਤਾ। ਭਾਈ ਸਾਹਿਬ ਦੁਆਰਾ ਜਪੁਜੀ ਦਾ ਗਰਬ-ਗੰਜਨੀ ਟੀਕਾ ਪੰਜਾਬੀ ਟੀਕਾਕਾਰੀ ਦਾ ਪ੍ਰਮਾਣਿਕ ਰੂਪ ਮੰਨਿਆ ਜਾਂਦਾ ਹੈ, ਪਰ ਭਾਈ ਸਾਹਿਬ ਦੀ ਪ੍ਰਸਿੱਧੀ 'ਗੁਰ ਪ੍ਰਤਾਪ ਸੂਰਜ', ਜਿਸ ਨੂੰ ਸੰਖੇਪ ਵਿਚ 'ਸੂਰਜ ਪ੍ਰਕਾਸ਼' ਕਿਹਾ ਜਾਂਦਾ ਹੈ, ਕਰਕੇ ਹੋਈ। ਇਹ ਰਚਨਾ ਕਰਨ ਲਈ ਉਨ੍ਹਾਂ ਨੇ ਬਹੁਤ ਮਿਹਨਤ ਕੀਤੀ ਤੇ ਜੋ ਇਤਿਹਾਸਕ ਗ੍ਰੰਥ ਪਹਿਲਾਂ ਲਿਖੇ ਗਏ ਸਨ, ਉਨ੍ਹਾਂ ਨੂੰ ਚੰਗੀ ਤਰ੍ਹਾਂ ਘੋਖਿਆ, ਕਈ ਥਾਵਾਂ 'ਤੇ ਆਪ ਜਾ ਕੇ ਜਾਣਕਾਰੀ ਪ੍ਰਾਪਤ ਕੀਤੀ।



Namdhari Elibrary NamdhariElibrary@gmail.com

ਗੁਰ ਪ੍ਰਤਾਪ ਸੂਰਜ ਅਜਿਹਾ ਮਹਾਂਕਾਵਿ ਹੈ ਜਿਸ ਵਿਚ ਵਿਧਾਨ ਵੀ ਉਨ੍ਹਾਂ ਨੇ ਸ਼ਾਸਤਰੀਯ ਗ੍ਰੰਥਾਂ ਤੋਂ ਨਿਵੇਕਲਾ ਹੀ ਸਿਰਜਿਆ ਹੈ। ਉਨ੍ਹਾਂ ਨੇ ਸੂਰਜ ਦੀਆਂ ਮਸ਼ਾਂ ਅਨੁਸਾਰ ਗ੍ਰੰਥ ਨੂੰ ਉਸਾਰਿਆ ਹੈ, ਇਸ ਵਿਚ ੧੨ ਮਸ਼ਾਂ, ਛੇ ਰੁੱਤਾਂ, ਦੋ ਐਨਾਂ ਅਤੇ ੧੧੫੨ ਅਧਿਆਏ ਹਨ। ਡਾ. ਧਰਮ ਸਿੰਘ ਨੇ ਕਿਹਾ ਕਿ ਕਈ ਵਿਦਵਾਨ, ਜੋ ਸੂਰਜ ਪ੍ਰਕਾਸ਼ ਵਿਚ ਮਿਥਿਹਾਸ ਦਰਜ ਹੈ, ਉਸ ਬਾਰੇ ਕਿੰਤੂ ਪ੍ਰੰਤੂ ਕਰਦੇ ਹਨ, ਪਰ ਉਨ੍ਹਾਂ ਨੇ ਕਿਹਾ ਕਿ ਮਿਥਿਹਾਸ ਦਾ ਵੀ ਆਪਣਾ ਹੀ ਮਹੱਤਵ ਹੈ। ਭਾਈ ਸਾਹਿਬ ਦੀਆਂ ਮਹਾਨ ਰਚਨਾਵਾਂ ਨੂੰ ਵੇਖਦੇ ਹੋਏ ਭਾਰਤ ਸਰਕਾਰ ਨੂੰ ਭਾਈ ਸਾਹਿਬ ਨੂੰ ਰਾਸ਼ਟਰ ਕਵੀ ਦਾ ਰੁਤਬਾ ਦੇਣਾ ਚਾਹੀਦਾ ਹੈ।

ਡਾ. ਧਰਮ ਸਿੰਘ ਜੀ ਦੇ ਵਿਦਵਤਾ ਭਰਪੂਰ ਲੈਕਚਰ ਤੋਂ ਬਾਅਦ ਮਹਾਂਕਵੀ ਭਾਈ ਸੰਤੋਖ ਸਿੰਘ ਅੰਤਰ ਕਾਲਜ ਲੇਖ ਮੁਕਾਬਲੇ 'ਚ ਆਏ ਜੇਤੂ ਵਿਦਿਆਰਥੀਆਂ ਨੂੰ ਇਨਾਮ ਦਿੱਤੇ ਗਏ। ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਨੇ ਦੱਸਿਆ ਕਿ ੧੪ ਕਾਲਜਾਂ ਤੋਂ ੬੧ ਵਿਦਿਆਰਥੀਆਂ ਦੇ ਲੇਖ ਪ੍ਰਾਪਤ ਹੋਏ ਹਨ, ਜਿਸ ਵਿਚ ਪਹਿਲੇ, ਦੂਜੇ ਤੇ ਤੀਜੇ ਸਥਾਨ 'ਤੇ ਆਏ ਵਿਦਿਆਰਥੀਆਂ ਦਾ ਵੇਰਵਾ ਇਸ ਪ੍ਰਕਾਰ ਹੈ— ਪਹਿਲਾ ਸਥਾਨ-ਇੰਦਰਪ੍ਰੀਤ ਕੌਰ-ਐਮ. ਏ. ਭਾਗ-੨, ਪੀ. ਸੀ. ਐਮ. ਐਸ. ਡੀ. ਕਾਲਜ ਫਾਰ ਵਿਮਨ, ਜਲੰਧਰ। ਪਹਿਲਾ ਸਥਾਨ (ਬ੍ਰੈਕਟਿਡ)-ਮਨਪ੍ਰੀਤ ਕੌਰ ਬੀ. ਐਸ. ਸੀ. (੧) ਐਚ. ਐਮ. ਵੀ. ਕਾਲਜ ਜਲੰਧਰ। ਦੂਜਾ ਸਥਾਨ-ਰਾਜਵੀਰ ਕੌਰ ਐਮ. ਏ. ਭਾਗ-੨ ਕਮਲਾ ਨਹਿਰੂ ਕਾਲਜ ਫਾਰ ਵਿਮਨ ਫਗਵਾੜਾ। ਦੂਜਾ ਸਥਾਨ (ਬ੍ਰੈਕਟਿਡ)-ਹਰਪ੍ਰੀਤ ਕੌਰ, ਐਮ. ਏ. ਭਾਗ-੨, ਐਮ. ਜੀ. ਐਸ. ਐਮ. ਜਨਤਾ ਕਾਲਜ, ਕਰਤਾਰਪੁਰ। ਤੀਜਾ ਸਥਾਨ-ਸ਼ਿਲਪਾ ਰਾਣੀ ਐਮ. ਏ. ਪੰਜਾਬੀ ਸਮੈਸਟਰ ਤੀਜਾ, ਲਾਇਲਪੁਰ ਖਾਲਸਾ ਕਾਲਜ ਫਾਰ ਵਿਮਨ, ਜਲੰਧਰ। ਤੀਜਾ ਸਥਾਨ (ਬ੍ਰੈਕਟਿਡ)-ਜਰਮਨਪ੍ਰੀਤ ਕੌਰ, ਬੀ. ਏ. ਭਾਗ ਦੂਜਾ, ਬਾਬਾ ਨਾਮਦੇਵ ਕੰਨਿਆ ਕਾਲਜ ਘੁਮਾਣ। ਪਹਿਲੇ ਸਥਾਨ ਵਾਲੇ ਹਰੇਕ ਵਿਦਿਆਰਥੀ ਨੂੰ ੧੫੦੦ ਰੁਪਏ ਨਕਦ, ਦੂਜੇ ਸਥਾਨ ਵਾਲੇ ਹਰੇਕ ਵਿਦਿਆਰਥੀ ਨੂੰ ੧੦੦੦ ਰੁਪਏ ਅਤੇ ਤੀਜੇ ਸਥਾਨ 'ਤੇ ਹਰੇਕ ਵਿਦਿਆਰਥੀ ਨੂੰ ੭੫੦ ਰੁਪਏ ਦਿੱਤੇ ਗਏ। ਇਸ ਤੋਂ ਇਲਾਵਾ ਕਿਤਾਬਾਂ ਦਾ ਸੈਟ ਤੇ ਪਾਰਟੀਸੀਪੇਸ਼ਨ ਸਰਟੀਫਿਕੇਟ ਵੀ ਦਿੱਤੇ ਗਏ। ਇਹ ਇਨਾਮ ਡਾ. ਧਰਮ ਸਿੰਘ ਜੀ ਹੱਥੋਂ ਦੁਆਏ ਗਏ। ਕਾਲਜ ਤੋਂ ਵਿਦਿਆਰਥੀਆਂ ਨਾਲ ਆਏ ਟੀਚਰਾਂ ਤੇ ਜਿਨ੍ਹਾਂ ਵਿਦਵਾਨਾਂ ਨੇ ਮੁਲਾਂਕਣ ਕੀਤਾ ਸੀ, ਨੂੰ ਵੀ ਸਟੇਜ 'ਤੇ ਸਨਮਾਨਿਤ ਕੀਤਾ ਗਿਆ। ਬੇਅੰਤ ਸਿੰਘ ਸਰਹੱਦੀ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

*—ਸੀ. ਐਲ. ਲੱਕੀ*



## ਮਾਤਾ ਲਖਵੀਰ ਕੌਰ (ਪਤਨੀ ਸੰਤ ਤਰਨ ਸਿੰਘ ਵਹਿਮੀ) ਨਮਿਤ ਮੇਲਾ

ਜਿਸ ਪੂਜਨੀਕ ਮਾਤਾ ਨੇ ਜੱਸ ਜੀਵਨ ੬ ਹਿੱਸੇ ਤੇ ਹੋਰ ਸਾਹਿਤਕ ਪੁਸਤਕਾਂ ਲਿਖਵਾਉਣ ਵਿਚ ਸਰਪਣ ਭਾਵ ਨਾਲ ਆਪ ਤੇ ਆਪਣੇ ਪੰਜਾਂ ਬੱਚਿਆਂ (ਸੁਰਿੰਦਰ ਕੌਰ ਦਾਦੂਪੁਰਾ, ਮਜੀਠਾ ਅੰਮ੍ਰਿਤਸਰ ਹਾਲ ਕੈਨੇਡਾ, ਗੁਰਦੇਵ ਸਿੰਘ ਗੁਰਾਇਆ, ਗੁਰਮੁੱਖ ਸਿੰਘ 'ਵਹਿਮੀ' ਬੁੱਢੀਮਾੜੀ, ਹਰਬੀਰ ਕੌਰ ਤਲਵਾੜਾ, ਸਿਮਰਨਜੀਤ ਕੌਰ ਦਮਦਮਾ) ਨੂੰ ਸ੍ਰੀ ਵਹਿਮੀ ਜੀ ਦੀ ਸੇਵਾ ਵਿਚ ਲਾਈ ਰੱਖਿਆ, ਕਰੀਬ ੩੫ ਸਾਲ ਆਪ ਸੋਧ ਰੱਖ ਸ੍ਰੀ ਵਹਿਮੀ ਜੀ ਦੀ ਸੋਧ ਮਰਯਾਦਾ ਨੂੰ ਕਾਇਮ ਰੱਖਿਆ। ਸਾਧ ਸੰਗਤ ਤੇ ਸਹਿਤਕਾਰਾਂ ਦਾ ਰੌਣਕ ਮੇਲਾ ਅਕਸਰ ਘਰ ਵਿਚ ਬਣਿਆ ਰਹਿੰਦਾ। ਮਾਤਾ ਜੀਵਨ ਕੌਰ ਨੂੰ ਆਪਣਾ ਪ੍ਰੇਰਣਾ ਸਰੋਤ ਮੰਨ ਲੰਗਰ ਪਾਣੀ ਸੇਵਾ ਭਾਵ ਨਾਲ ਛਕਾਉਣਾ, ਸ੍ਰੀ ਸਤਿਗੁਰੂ ਜੀ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਕੋਟਾਨ ਕੋਟ ਧੰਨਵਾਦ ਕਰਨਾ।

ਮਾਤਾ ਜੀ ਨੇ ਆਪਣੇ ਅਖੀਰਲੇ ਸਮੇਂ ਆਪਣੀ ਸੇਵਾ ਵਿਚ ਲੱਗੇ ਬੱਚਿਆਂ ਨੂੰ ਜੋ ਅਸੀਸਾਂ ਦੇ ਭੰਡਾਰੇ ਨਾਲ ਮਾਲੋ ਮਾਲ ਕੀਤਾ, ਜਿਸ ਦਾ ਕੋਈ ਬਦਲ ਨਹੀਂ ਅੰਤ ਨਹੀਂ। ਉਸ ਪੂਜਨੀਕ ਮਾਤਾ ਲਖਵੀਰ ਕੌਰ ਦੀ (ਪਤਨੀ ਸੰਤ ਤਰਨ ਸਿੰਘ ਵਹਿਮੀ) ਜੋ ੨ ਨਵੰਬਰ ੨੦੧੨ ਨੂੰ ਕਰੀਬ ੯੧ ਸਾਲ ੫ ਮਹੀਨੇ ਦੀ ਲੰਮੀ ਉਮਰ ਭੋਗ ਅਕਾਲ ਚਲਾਣਾ ਕਰ ਗਏ ਹਨ। ਉਹਨਾਂ ਨਮਿਤ ਰੱਖੇ ਪਾਠ ਦਾ ਭੋਗ ੧੦ ਨਵੰਬਰ ੨੦੧੨ ਨੂੰ ਪਿੰਡ ਬੁੱਢੀਮਾੜੀ ਤਹਿਸੀਲ ਐਲਨਾਬਾਦ ਜ਼ਿਲ੍ਹਾ ਸਿਰਸਾ ਹਰਿਆਣਾ ਵਿਖੇ ਸ. ਗੁਰਦੇਵ ਸਿੰਘ ਗੁਰਾਇਆ, ਸ. ਗੁਰਮੁੱਖ ਸਿੰਘ ਵਹਿਮੀ ਘਰ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮਾਂ ਅਨੁਸਾਰ ਪਾਇਆ ਗਿਆ। ਸੰਤ ਜਗਤਾਰ ਸਿੰਘ ਪਨਿਹਾਰੀ ਹੁਰਾਂ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿਚ ਅਰਜ਼ ਕੀਤੀ ਕਿ ਸੱਚੇ ਪਾਤਸ਼ਾਹ ਜੀਓ ਗੁਰਦੇਵ ਸਿੰਘ, ਗੁਰਮੁੱਖ ਸਿੰਘ ਪਰਿਵਾਰ ਸਮੇਤ ਅਰਜ ਕਰਦੇ ਹਨ ਕਿ ਆਪ ਭੋਗ ਸਮੇਂ ਦਰਸ਼ਨ ਦੇਣ ਦੀ ਕਿਰਪਾ ਕਰੋ ਤਾਂ ਹੁਕਮ ਹੋਇਆ, "ਮੇਰੀ ਆਗਿਆ ਹੈ।" ਸ੍ਰੀ ਭੈਣੀ ਸਾਹਿਬ ਤੋਂ ਹਜ਼ੂਰੀ ਰਾਗੀ ਸੰਤ ਹਰਬੰਸ ਸਿੰਘ ਘੁਲਾ ਸਾਥੀਆਂ ਸਮੇਤ ਆ ਕੀਰਤਨ ਕੀਤਾ। ਦਿਵਾਨ ਜਥੇਦਾਰ ਸੁਦਰਸ਼ਨ ਸਿੰਘ ਨੇ ਸਜਾਇਆ। ਸ੍ਰੀ ਸਤਿਗੁਰੂ ਜੀ ਦਾ ਆਸਣ ਵਿਛਾਉਣ ਦੀ ਸੇਵਾ ਸੂਬਾ ਬਲਦੇਵ ਸਿੰਘ ਐਲਨਾਬਾਦ ਨੇ ਨਿਭਾਈ। ਸ਼ਰਧਾਂਜਲੀ ਸ. ਸਵਰਨ ਸਿੰਘ ਵਿਰਕ ਨੇ ਦਿੱਤੀ। ਸਲੋਕ ਮਾਸਟਰ ਦਰਸ਼ਨ ਸਿੰਘ ਨੇ ਪੜ੍ਹੇ। ਅਰਦਾਸ ਮਹਿੰਦਰ ਸਿੰਘ ਪੂਰਬਾ ਨੇ ਕੀਤੀ। ਆਈ ਸਾਧ ਸੰਗਤ ਦਾ ਧੰਨਵਾਦ ਗੁਰਮੁਖ ਸਿੰਘ ਵਹਿਮੀ ਨੇ



Namdhari Elibrary NamdhariElibrary@gmail.com

ਕੀਤਾ। ਸ੍ਰੀ ਸਤਿਗੁਰੂ ਜੀ ਦੀਆਂ ਬਖਸ਼ੀਆਂ ਦਾਤਾਂ ਵਿਚੋਂ ਲੰਗਰ ਅਤੁੱਟ ਵਰਤਾਇਆ ਗਿਆ। ਸ੍ਰੀ ਸਤਿਗੁਰੂ ਜੀ ਦੀ ਕਿਰਪਾ ਸਦਕਾ ਮੇਲਾ ਨਿਰਵਿਘਨ ਸਮਾਪਤ ਹੋਇਆ।

*—ਗੁਰਮੁੱਖ ਸਿੰਘ ਵਹਿਮੀ ਬੁੱਧੀਮਾੜੀ*

## ਹਰਿਆਣਾ ਦੇ ਉੱਘੇ ਪੰਜਾਬੀ ਸਾਹਿਤਕਾਰ ਅਤੇ ਅਰਥ ਸ਼ਾਸ਼ਤਰੀ, ਡਾ. ਸੁਰਿੰਦਰ ਸਿੰਘ ਕੋਮਲ ਨਮਿਤ ਅੰਤਿਮ ਅਰਦਾਸ

ਕਰਨਾਲ - ੨੦ ਦਿਸੰਬਰ ੨੦੧੨, ਮਾਡਲ ਟਾਊਨ ਸਥਿਤ ਗੁਰਦੁਆਰਾ, ਸ੍ਰੀ ਗੁਰੂ ਸਿੰਘ ਸਭਾ ਵਿਖੇ ਅੱਜ ਕਰਨਾਲ ਦੇ ਹੀ ਗੁਰੂ ਨਾਨਕ ਖਾਲਸਾ ਕਾਲਿਜ ਵਿਖੇ ਪੜ੍ਹਾਉਣ ਵਾਲੇ, ਉਘੇ ਅਰਥ ਸ਼ਾਸਤਰੀ ਅਤੇ ਪੰਜਾਬੀ ਦੇ ਸਮਰੱਥ ਸ਼ਾਇਰ ਅਤੇ ਵਿਲੱਖਣ ਸਾਹਿਤ ਆਲੋਚਕ, ਡਾ. ਸੁਰਿੰਦਰ ਸਿੰਘ ਕੋਮਲ ਨਮਿਤ ਗੁਰਬਾਣੀ ਕੀਰਤਨ ਬਾਅਦ, ਅੰਤਿਮ ਅਰਦਾਸ ਕੀਤੀ ਗਈ। ੭੩ ਕੁ ਸਾਲਾਂ ਦੇ ਡਾ. ਕੋਮਲ, ਹਰਿਆਣਾ ਦੇ ਉੱਚ ਦੁਮਾਲੜੇ ਪ੍ਰਤੀਬੱਧ, ਬਹੁਵਿਧਾਈ ਲੇਖਕ, ਹਰਭਜਨ ਸਿੰਘ ਕੋਮਲ ਅਤੇ ਬੀਬੀ ਗੁਰਦੀਪ ਕੌਰ ਦੇ ਵੱਡੇ ਪੁੱਤਰ ਸਨ ਜਿਹਨਾਂ ਦਾ ਅਧਿਆਪਨ ਦਾ ਵਿਸ਼ਾ ਬੇਸ਼ਕ ਅਰਥ ਸ਼ਾਸ਼ਤਰ ਸੀ ਪਰ ਉਹਨਾਂ ਨੂੰ ਸਾਹਿਤਕਾਰੀ ਗੁੜ੍ਹਤੀ ਵਿਰਸੇ ਵਿਚ ਹੀ ਮਿਲੀ ਸੀ। ਉਹਨਾਂ ਨੇ ਕਾਵਿ ਖੇਤਰ ਵਿਚ 'ਸੁਕਰਾਤ ਬਣਨ ਤੋਂ ਪਹਿਲਾ', 'ਸੜਕਾਂ ਉਪਰ ਖਿੱਲਰਿਆਂ ਸੱਚ', 'ਮਤਲੇ ਤੋਂ ਮਕਤੇ ਤੱਕ', 'ਫਰੰਟ ਪੇਜ' (ਸਾਰੀਆਂ ਪੰਜਾਬੀ) 'ਰੇਖਾਓ ਸੇ ਬਿੰਦੂ ਤੱਕ', 'ਅਨੁਭਵ' (ਦੋਵੇਂ ਹਿੰਦੀ), ਕਿਤਾਬਾਂ ਦਿੱਤੀਆਂ। ਹਰਿਆਣਾ ਦੇ ਤੀਹ ਕਵੀਆਂ ਬਾਰੇ, ਹਰਿਆਣਾ ਦੀ ਪੰਜਾਬੀ ਕਵਿਤਾ ਬਾਰੇ, ਹਰਿਆਣਾ ਦੇ ਆਧੁਨਿਕ ਪੰਜਾਬੀ ਸਾਹਿਤ ਬਾਰੇ ਅਤੇ ਦਿੱਲੀ ਪੰਜਾਬ ਤੇ ਹਰਿਆਣਾ ਦੇ ਕੁਝ ਚੋਣਵੇਂ ਕਵੀਆਂ ਬਾਰੇ ਲਿਖੀਆਂ, ਆਲੋਚਨਾ ਦੀਆਂ ਪੰਜਾਬੀ ਵਿਚ ਛੇ ਪੁਸਤਕਾਂ, ਪੰਜਾਬੀ ਸਾਹਿਤ ਨੂੰ ਉਸਦੀ ਵਡਮੁੱਲੀ ਦੇਣ ਹਨ। ਉਸਨੇ "ਇਕੋਨੋਮਿਕ ਡਾਇਲਾਗ" ਨਾਂ ਦਾ ਅੰਗਰੇਜ਼ੀ ਵਿਚ ਲੰਮਾ ਸਮਾਂ ਇਕ ਪਰਚਾ ਕੱਢ ਕੇ ਮਨੁੱਖ ਮਾਰੂ ਨਵੇਂ ਆਰਥਿਕ ਝੁਕਾਵਾਂ ਦਾ ਲਗਾਤਾਰ ਵਿਰੋਧ ਕੀਤਾ। ਉਹ ਆਪਣੇ ਵਿਦਿਆਰਥੀਆਂ ਵਿਚ ਬਹੁਤ ਮਕਬੂਲ ਸੀ, ਨਾਂ ਕੇਵਲ ਕਮਜ਼ੋਰ ਵਿਦਿਆਰਥੀਆਂ ਲਈ ਨੋਟ ਲਿਖ ਕੇ ਘਰੋ ਘਰੀ ਪੁਚਾਉਂਦਾ, ਸਗੋਂ ਅਨੇਕਾਂ ਲੋੜਵੰਦ ਬੱਚਿਆਂ ਦੀ ਪੜ੍ਹਾਈ ਜਾਰੀ ਰੱਖਣ ਵਿਚ ਮਾਇਕ ਸਹਾਇਤਾ ਵੀ ਕਰਦਾ। ਕੁਝ ਮਹੀਨਿਆਂ ਤੋਂ ਉਹ ਆਪਣੇ ਬਿਸਤਰ ਤੇ ਹੀ ਸੀ ਅਤੇ ਇੱਥੋਂ ਹੀ ਉਸਨੇ ਪੰਜਾਬੀ ਦੇ ਮਰਹੂਮ ਸ਼ਾਇਰ ਹਰਭਜਨ ਸਿੰਘ ਰੇਣੂ ਦੀ ਆਖਰੀ ਕਾਵਿ ਪੁਸਤਕ "ਮੇਰੇ ਹਿਸੇ ਦੇ ਵਰਕੇ" ਬਾਰੇ ਲੇਖ ਲਿਖ ਤਾਂ ਰੇਣੂ ਜੀ ਦੇ ਹੁੰਦਿਆਂ ਲਿਆ ਸੀ, ਪਰ ਉਹ ਸਿਰਸੇ ਜਦੋਂ ਪੁੱਜਿਆ ਤਾਂ ਰੇਣੂ ਜੀ ਦਾ ਸਫ਼ਰ ਮੁੱਕ ਚੁੱਕਾ ਸੀ। ੧੪ ਦਿਸੰਬਰ ਦੀ ਸ਼ਾਮ ਉਸ ਦੇ ਜੀਵਨ ਦੀ ਅੰਤਿਮ ਸ਼ਾਮ ਹੋ ਨਿੱਬੜੀ। ਪਾਠ ਭੋਗ ਵਾਲੇ ਦਿਨ ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਦੇ ਡਾਇਰੈਕਟਰ ਸ. ਸੁਖਚੈਨ ਸਿੰਘ ਭੰਡਾਰੀ, ਡਾ. ਸੁਦਰਸ਼ਨ ਗਾਸੋ, ਪ੍ਰੋ. ਰਤਨ ਸਿੰਘ ਢਿੱਲੋਂ, ਅਨੂਪ ਇੰਦਰ ਸਿੰਘ ਅਨੂਪ, ਕਾਬਲ ਸਿੰਘ ਵਿਰਕ ਸਮੇਤ ਬਹੁਤ ਸਾਰੇ ਹਿੰਦੀ ਪੰਜਾਬੀ ਦੇ ਸਾਹਿਤਕਾਰ, ਜ਼ਿੰਦਾ ਸ਼ਹੀਦ ਡਾ. ਹਰਨਾਮ ਸਿੰਘ ਸ਼ਾਹਬਾਦ, ਨਰਿੰਦਰ ਸੁਖਨ ਕਾ. ਅਮਰਜੀਤ ਸਿੰਘ 'ਸਾਹਨੀ' ਸੀਨੀਅਰ ਐਡਵੋਕੇਟ ਕਰਨਾਲ ਆਦਿ ਸਮੇਤ ਧਾਰਮਿਕ, ਸਮਾਜਿਕ ਅਤੇ ਸਿਆਸੀ ਜੀਵਨ ਨਾਲ ਸਬੰਧਿਤ ਕਰਨਾਲ ਦੀਆਂ ਉੱਘੀਆਂ ਹਸਤੀਆਂ ਹਾਜ਼ਰ ਸਨ। ਗਿਆਨੀ ਮਲਕੀਅਤ ਸਿੰਘ ਹੋਰਾਂ ਨੇ ਕਥਾ ਕੀਤੀ। ਪਰਿਵਾਰ ਵਲੋਂ ਕਾ. ਸੁਵਰਨ ਸਿੰਘ ਵਿਰਕ ਨੇ ਆਈਆਂ ਸੰਗਤਾਂ ਦਾ ਧੰਨਵਾਦ ਕਰਦਿਆਂ ਦੱਸਿਆ ਕਿ ਸੁਰਿੰਦਰ ਦੇ ਮਾਤਾ ਜੀ ਬੀਬੀ ਗੁਰਦੀਪ ਕੌਰ ਨਾਮਧਾਰੀ ਪਰਿਵਾਰ ਨਾਲ ਸਬੰਧਿਤ ਹਨ ਅਤੇ ਇਹ ਕੇ ਹੀ ਵਿਡੰਬਨਾ ਸੀ ਕਿ ਜਿਸ ਦਿਨ ਬੀਬੀ ਜੀ ਦੇ ਇਸ਼ਟ, ਸਤਿਗੁਰੂ ਜਗਜੀਤ ਸਿੰਘ ਹੋਰਾਂ ਦੇ ਸਸਕਾਰ ਉਪਰੰਤ, ਭੈਣੀ ਸਾਹਿਬ ਤੋਂ ਵਾਪਸ ਕਰੀਵਾਲਾ ਨੂੰ ਪਰਤ ਰਹੇ ਸਾਂ ਤਾਂ ਰਾਹ ਵਿਚ ਡਾ. ਹਰਭਜਨ ਸਿੰਘ ਕੋਮਲ ਹੋਰਾਂ ਦੀ ਗ਼ਮ ਦੇ ਖੂਹ ਵਿਚੋਂ ਆਉਂਦੀ ਆਵਾਜ਼ ਕੰਨ ਪਈ- "ਪੰਛੀ ਉਡਾਰੀ ਮਾਰ ਗਿਆ ਈ।" ਸੁਰਿੰਦਰ ਕੋਮਲ ਆਪਣੇ ਪਿਛੇ ਪਤਨੀ ਮਨਜੀਤ ਕੌਰ, ਪੁੱਤਰ ਸੁਮੀਤ ਸਿੰਘ ਅਤੇ ਧੀ ਸਿਮ੍ਰਤਾ ਛੱਡ ਗਿਆ ਹੈ।

## ਪੋਸਟਮੈਨ ਸੁਖਦੇਵ ਸਿੰਘ ਦਾ ਸਨਮਾਨ

ਸਿਰਸਾ-੧੯ ਸਤੰਬਰ-ਮਿਹਨਤ ਤੇ ਇਮਾਨਦਾਰੀ ਦੀ ਕਮਾਈ ਖਾਣਾ ਹੀ ਇਕ ਇਨਸਾਨ ਦਾ ਕੰਮ ਹੋਣਾ ਚਾਹੀਦਾ। ਜੀਵਨ ਵਿਚ ਮਿਹਨਤ ਅਤੇ ਇਮਾਨਦਾਰੀ ਹੀ ਇਕ ਐਸੀ ਚੀਜ਼ ਹੈ, ਜੋ ਇਨਸਾਨ ਦੇ ਜਿਉਂਦੇ ਅਤੇ ਮਰਨ ਦੇ ਬਾਅਦ ਵੀ ਯਾਦ ਕੀਤੀ ਜਾਂਦੀ ਹੈ, ਇਹ ਗੱਲ ਹਰਿਆਣਾ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਤੀਨਿਧੀ ਹੋਸ਼ਿਆਰੀ ਲਾਲ ਸ਼ਰਮਾ ਨੇ ਮੁੱਖ ਮੰਤਰੀ ਚੌਧਰੀ ਭੁਪਿੰਦਰ ਸਿੰਘ ਹੁੱਡਾ ਦੇ ਜਨਮਦਿਨ ਮੌਕੇ ਪਿਛਲੇ ਦਿਨੀ ਆਯੋਜਿਤ ਪ੍ਰੋਗਰਾਮ ਵਿਚ ਸਾਲਾਂ ਤੋਂ ਡਾਕ ਮਹਿਕਮੇ ਵਿਚ ਮਿਹਨਤ ਤੇ ਇਮਾਨਦਾਰੀ ਨਾਲ ਕੰਮ ਕਰਨ ਵਾਲੇ ਪੋਸਟਮੈਨ ਸੁਖਦੇਵ ਸਿੰਘ ਨਾਮਧਾਰੀ ਨੂੰ ਇਕ ਮੋਮੈਂਟੋ ਦੇ ਕੇ ਸਨਮਾਨਿਤ ਕਰਦੇ ਹੋਏ ਕਹੀ।

ਇਸ ਮੌਕੇ ਉਤੇ ਸ੍ਰੀ ਸ਼ਰਮਾ ਨੇ ਸੁਖਦੇਵ ਸਿੰਘ ਦੀ ਤਾਰੀਫ਼ ਕੀਤੀ ਤੇ ਕਿਹਾ ਕਿ ਸੁਖਦੇਵ ਸਿੰਘ ਨੇ ਪੈਦਲ ਤੁਰ ਕੇ ਘਰ-ਘਰ ਲੋਕਾਂ ਦੀ ਡਾਕ ਵੰਡੀ। ਉਸਦੇ ਕੰਮ ਕਰਨੇ ਦੇ ਜਜ਼ਬੇ ਤੋਂ ਅੱਜ ਦੀ ਨੌਜਵਾਨ ਪੀੜ੍ਹੀ ਨੂੰ ਸਬਕ ਲੈਣਾ ਚਾਹੀਦਾ ਹੈ।



Namdhari Elibrary NamdhariElibrary@gmail.com

# ਪ੍ਰਤੀਕਿਰਿਆ

ਪਿਛਲਾ ਅੰਕ ਜਨਵਰੀ ੨੦੧੩ ਜਿਸ ਤਰ੍ਹਾਂ ਤੁਸੀਂ ਤਸਵੀਰਾਂ ਰਾਹੀਂ ਸਤਿਗੁਰੂ ਜਗਜੀਤ ਸਿੰਘ ਜੀ ਦੇ ਵਿਛੋੜੇ ਨੂੰ ਅਰਪਣ ਕੀਤਾ ਹੈ ਉਹ ਲਾਜਵਾਬ ਤੇ ਲਾਮਿਸਾਲ ਹੈ। ਤਸਵੀਰਾਂ ਬੋਲ ਪੈਂਦੀਆਂ ਹਨ ਜਾਂ ਇੰਜ ਕਹਿ ਲਓ ਕਿ ਏਥੇ ਸ਼ਬਦਾਂ ਦੀ ਲੋੜ ਹੀ ਨਹੀਂ ਰਹੀ। ਇਹ ਕਮਾਲ ਤੁਸੀਂ ਕਰ ਵਿਖਾਇਆ ਹੈ। ਵਾਹਿਗੁਰੂ ਅੱਗੇ ਦੁਆ ਕਰਦਾ ਹਾਂ ਕਿ ਨਵੇਂ ਸਾਲ ਵਿਚ ਤੁਸੀਂ ਤੇ ਵਰਿਆਮ ਪ੍ਰਵਾਰ ਬਸੰਤ ਵਾਂਗ ਖਿੜਿਆ ਰਹੇ। ਇਨ੍ਹਾਂ ਅੱਖਰਾਂ ਨਾਲ।

*ਚਰਨ ਸੋਚੇਵਾਲਵੀ*

*ਗੁਰੂ ਨਾਨਕਪੁਰਾ, ਜਲੰਧਰ*

ਵਰਿਆਮ ਦਾ ਨਵੰਬਰ ੧੨ ਅੰਕ ਸਤਿਗੁਰੂ ਜਗਜੀਤ ਸਿੰਘ ਵਿਸ਼ੇਸ਼ ਅੰਕ ਦੇ ਪ੍ਰਕਾਸ਼ਨ ਅਤੇ ਦਾਸ ਦੀ ਰਚਨਾ 'ਪਿਆਰੇ ਨਾਨਕ ਜੀ' ਨੂੰ ਇਸ ਅੰਕ ਰਾਹੀਂ ਸੁਹਿਰਦ ਪਾਠਕਾਂ ਤੀਕ ਪਹੁੰਚਦਾ ਕਰਨ ਲਈ ਤਹਿ ਦਿਲੋਂ ਅਭਾਰੀ ਹਾਂ। ਇਕ ਵੀਰ ਦਾ ਵਿਦੇਸ਼ ਤੋਂ ਅਤੇ ਇਕ ਹੋਰ ਵੀਰ ਜੀ ਦਾ ਪਟਨਾ ਸਾਹਿਬ ਤੋਂ ਰਚਨਾ ਦੀ ਪਸੰਦਗੀ ਸਮੇਤ ਹੋਰ ਵਧੇਰੇ ਐਸ. ਐਮ. ਐਸ ਤੇ ਫੋਨ ਆਏ ਹਨ। ਇਹ ਸਭ ਕੁਝ ਵਰਿਆਮ ਰਾਹੀਂ ਹੀ ਤਾਂ ਹੋ ਰਿਹਾ ਹੈ। ਧੰਨਵਾਦੀ ਹਾਂ ਵਿਸ਼ੇਸ਼ ਅੰਕ ਰਾਹੀਂ ਮਹਾਂਪੁਰਸ਼ਾਂ ਦੇ ਨਿੱਜੀ ਜੀਵਨ ਬਾਰੇ ਬਹੁਤ ਜਾਣਕਾਰੀ ਪ੍ਰਾਪਤ ਹੋਈ ਹੈ। ਤੁਹਾਨੂੰ ਸ਼੍ਰੋਮਣੀ ਪੰਜਾਬੀ ਪੱਤਰਕਾਰ ਭਾਸ਼ਾ ਵਿਭਾਗ ਪੰਜਾਬ ਵਲੋਂ ਸਨਮਾਨੇ ਜਾਣ ਤੇ ਨਿੱਘੀ ਵਧਾਈ ਭੇਜਦਾ ਹੋਇਆ ਅਥਾਹ ਖੁਸ਼ੀ ਮਹਿਸੂਸ ਕਰ ਰਿਹਾ ਹਾਂ।

*-ਰਣਜੀਤ ਆਜ਼ਾਦ ਕਾਂਝਲਾ*

*ਸ਼ਿਵਪੁਰੀ, ਧੂਰੀ (ਪੰਜਾਬ), ਫੋਨ-੯੮੬੪੬-੯੨੨੮੭*

ਸਤਿਗੁਰੂ ਜਗਜੀਤ ਸਿੰਘ ਜੀ ਦੇ ਦੇਹਾਂਤ ਦੀ ਖ਼ਬਰ ਨਾਮਧਾਰੀ ਸਮਾਜ ਲਈ ਹੀ ਨਹੀਂ ਸਗੋਂ ਮਨੁੱਖਤਾ ਦੇ ਹਾਮੀ ਸੰਸਾਰ ਭਰ ਦੇ ਸਮਾਜਾਂ ਲਈ ਬੜੀ ਹੀ ਦੁਖਦਾਈ ਅਤੇ ਅਫ਼ਸੋਸ ਭਰੀ ਘਟਨਾ ਹੈ। ਸਤਿਗੁਰੂ ਜਗਜੀਤ ਸਿੰਘ ਜੀ ਦੀ ਰਹਿਨੁਮਾਈ ਹੇਠ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦੇ ਖੇਤਰ ਵਿਚ ਬੜੀ ਸਰਗਰਮੀ ਨਾਲ ਕੰਮ ਹੋ ਰਿਹਾ ਸੀ। ਮਹਾਂਪੁਰਸ਼ਾਂ ਨੇ ਹਮੇਸ਼ਾ ਸਾਹਿਤਕ ਸੰਸਥਾਵਾਂ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ, ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਰਜਿ., ਕੇਂਦਰੀ ਪੰਜਾਬੀ ਲੇਖਕ ਸਭਾ ਰਜਿ. ਨੂੰ ਆਪਣਾ ਅਸ਼ੀਰਵਾਦੀ ਥਾਪੜਾ ਦੇਈ ਰੱਖਿਆ। ਗੁਰਮਤਿ ਸ਼ਾਸਤਰੀ ਸੰਗੀਤ ਨੂੰ ਪ੍ਰਸਾਰਨ, ਸੰਭਾਲਣ ਅਤੇ ਵਿਕਸਤ ਕਰਨ ਵਿਚ ਆਪ ਜੀ ਦਾ ਵਿਸ਼ੇਸ਼ ਯੋਗਦਾਨ ਰਿਹਾ। ਨਾਮਧਾਰੀ ਸਮਾਗਮਾਂ ਉਤੇ ਕਵੀ ਦਰਬਾਰ, ਸੰਗੀਤ ਦਰਬਾਰ ਕਰਾਉਣੇ ਉਨਾਂ ਦੀ ਰੂਹ ਦਾ ਇਕ ਵਿਸ਼ੇਸ਼ ਹਿੱਸਾ ਸੀ। ਅਜਿਹੀ ਸਰਵ-ਪ੍ਰਮਾਣਤ ਸਤਿਕਾਰਤ ਸਖਸ਼ੀਅਤ ਦੀ ਯਾਦ ਵਿਚ ਨਤਮਸਤਕ ਹੁੰਦਾ ਹੋਇਆ ਮੈਂ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਸਮੁੱਚੀ ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਦੇ ਲੇਖਕਾਂ ਵਲੋਂ ਸ਼ਰਧਾ ਦੇ ਫੁੱਲ ਭੇਟ ਕਰਦਾ ਹਾਂ।

ਉਨ੍ਹਾਂ ਦੇ ਦੇਹਾਂਤ ਤੋਂ ਬਾਅਦ ਕੁਝ ਖ਼ਬਰਾਂ ਦੁਖਦਾਈ ਅਤੇ ਚਿੰਤਾਜਨਕ ਵੀ ਹਨ। ਵਿਰਾਸਤੀ ਅਗਵਾਈ ਲਈ ਠਾਕੁਰ ਉਦੇ ਸਿੰਘ ਜੀ ਅਤੇ ਠਾਕੁਰ ਦਲੀਪ ਸਿੰਘ ਜੀ ਵਿਚਕਾਰ ਕੁਝ ਮਨ ਮੁਟਾਵ ਪੈਦਾ ਹੋ ਗਿਆ ਹੈ। ਇਹ ਸਥਿਤੀ ਬੜੀ ਹੀ ਚਿੰਤਾਜਨਕ ਹੈ। ਸਤਿਕਾਰਯੋਗ ਮਾਤਾ ਚੰਦ ਕੌਰ ਜੀ ਦੀ ਅਗਵਾਈ ਵਿਚ ਨਾਮਧਾਰੀ ਸਮਾਜ ਮਿਲ ਬੈਠ ਕੇ ਇਸ ਸੰਬੰਧੀ ਸਰਵਪ੍ਰਵਾਨਤ ਨਿਰਣਾ ਲੈ ਸਕਦਾ ਹੈ। ਤੁਸੀਂ ਖੁਦ ਇਸ ਚਿੰਤਾਜਨਕ ਸਥਿਤੀ ਵਿਚ ਆਪਣੀ ਸਮਰੱਥਾ ਅਨੁਸਾਰ ਸਾਰਥਕ ਭੂਮਿਕਾ ਨਿਭਾਅ ਸਕੋ ਤਾਂ ਯਤਨ ਜ਼ਰੂਰ ਕਰਨਾ ਚਾਹੀਦਾ ਹੈ। ਨਾਮਧਾਰੀ ਸਮਾਜ ਤੋਂ ਬਾਹਰ ਬਰਾਬਰੀ ਦਾ ਸਮਾਜ ਸਿਰਜਣ ਲਈ ਯਤਨ ਕਰਦੇ ਸ਼ੁਭਚਿੰਤਕ ਵੀ ਇਸ ਤਰਾਂ ਦੀ ਸਥਿਤੀ ਬਾਰੇ ਚਿੰਤਤ ਹਨ।

*—ਤੇਜਵੰਤ ਮਾਨ (ਡਾ.)*

*ਹਰਗੋਬਿੰਦਪੁਰਾ ਬਸਤੀ, ਕਾਲਜ ਰੋਡ, ਸੰਗਰੂਰ*

*ਫੋਨ-੦੧੬੭੨-੨੩੩੪੦੫*

ਦਸੰਬਰ-੧੨ ਦਾ 'ਵਰਿਆਮ' ਮਿਲ ਗਿਆ ਹੈ। ਧੰਨਵਾਦ! ਵਿਸ਼ੇਸ਼ ਅੰਕ ਤੋਂ ੧੦-੧੨ ਦਿਨ ਬਾਅਦ ਹੀ ਅਗਲਾ ਅੰਕ ਪ੍ਰਕਾਸ਼ਤ ਕਰਨਾ ਕਮਾਲ ਦੀ ਗੱਲ ਹੈ। ਹਿੰਮਤ ਦੀ ਗੱਲ ਹੈ। ਤੁਹਾਡੇ 'ਤੇ ਪਰਮਾਤਮਾ ਦੀ ਅਜਿਹੀ ਰਹਿਮਤ ਬਣੀ ਰਹੇ। ਹਿੰਮਤ-ਹੌਸਲਾ ਬਰਕਰਾਰ ਰਹੇ।

ਆਪ ਜੀ ਵਲੋਂ ਮਿਲ ਰਹੇ ਸਹਿਯੋਗ ਲਈ ਸ਼ੁਕਰੀਆ!

*ਹਰਨੇਕ ਸਿੰਘ ਕੋਮਲ*

*ਮੋ-੯੮੧੨੨-੬੧੪੧੪*

੩੮ ਸਾਲਾਂ ਦੀ 'ਵਰਿਆਮਤਾ' ਤਾਂ ਕੰਮ ਆਉਣੀ ਹੀ ਸੀ। ਭਾਵੇਂ ਫੋਨ ਤੇ ਵਧਾਈ ਸਾਂਝੀ ਹੋ ਗਈ ਸੀ ਬਹੁਤੀ ਖੁਸ਼ੀ ਨੂੰ ਸਾਂਭਣ ਲਈ ਕਲਮ ਅਹੁਲਣੋਂ ਰਹੀ ਨਹੀਂ। ਅਸਲ ਵਿਚ ਗੱਲ ਇਉਂ ਹੈ- ਜਦੋਂ non deserving ਕੋਈ ਪੁਰਸਕਾਰ 'ਜੁਗਾੜੀ ਲੋਕ ਲੈ ਜਾਂਦੇ ਹਨ ਤਾਂ ਇਨਾਮ ਆਪਣੀ ਵੁਕਤ ਗਵਾ ਬਹਿੰਦਾ ਹੈ। ਉਪਰੰਤ ਜਦੋਂ ਫਿਰ ਉਸ ਦੀ ਤਲਾਸ਼ੀ ਠੀਕ ਵਿਅਕਤੀ ਨੂੰ ਦੇ ਕੇ ਕੀਤੀ ਜਾਂਦੀ ਹੈ ਤਾਂ ਇਨਾਮ ਖ਼ੁਦ ਸਨਮਾਨਿਤ ਹੋ ਉਠਦਾ ਹੈ। ਐਤਕਾਂ ਪੁਰਸਕਾਰ ਨੇ 'ਵਰਿਆਮ ਦਾ ਦਰ ਖੜਕਾ ਕੇ' ਇਹ ਵਡਿਆਈ ਪ੍ਰਾਪਤ ਕੀਤੀ ਹੈ। ਇਸ ਲਈ ਵਧੇਰੇ ਗਰਵ ਹੋ ਰਿਹਾ ਹੈ। ਇਕ ਵਾਰ ਫਿਰ ਹਾਰਦਿਕ ਵਧਾਈ।

ਹਰ ਵਾਰੀ ਵਰਿਆਮ ਦਾ ਪਾਠ 'ਪਿਆਸੇ ਦੀ ਡੀਕ' ਵਾਂਗ ਕਰੀਦਾ ਹੈ। ਪਰ ਐਤਕਾਂ ਉਪਰੋਕਤ ਪੈਰੇ ਦੇ ਕਾਰਨ ਦੇ ਨਾਲ ਤਿੰਨ ਕਾਰਨ ਹੋਰ ਸ਼ਾਮਿਲ ਹੋ ਗਏ। ਵੀਰ ਕਾ. ਸੁਵਰਨ ਸਿੰਘ ਵਿਰਕ ਹੋਰਾਂ ਵਲੋਂ ਚੰਨ ਸਿੰਘ ਗੁਜਰਵਾਲ ਬਾਰੇ ਚਾਨਣਾ ਪਾਉਂਦਿਆਂ ਗਰੇਵਾਲਾਂ ਦਾ ਸਿੱਖੀ ਵਿਚ ਪ੍ਰਵੇਸ਼ ਅਤੇ ਬੀਬੀ ਕਰਮ ਕੌਰ ਰਾਹੀਂ 'ਕੁੜੀਮਾਰੀ' ਦੀ ਵੱਡੀ ਬਿਮਾਰੀ ਵਿਰੁੱਧ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮ ਦਾ ਪ੍ਰਚਾਰ ਹੁਣ ਵੀ ਪ੍ਰੇਰਕ ਬਣਨਾ ਚਾਹੀਦਾ ਹੈ। ਸਿੱਖਾਂ ਵਿਚ ਇਹ ਬੀਮਾਰੀ ਬੜੀ ਵਿਆਪਕ ਹੋ ਗਈ ਹੈ।



Namdhari Elibrary NamdhariElibrary@gmail.com

ਸੰਤ ਅਮਰੀਕ ਸਿੰਘ ਸ਼ੇਰ ਖਾਂ ਨੇ ਸਵਾਮੀ ਨੰਦ ਲਾਲ ਸ਼ਾਸਤਰੀ ਵਲੋਂ '੫-ਜੀ' ਘਪਲੇ ਦੀ ਗੱਲ ਪਾਠਕਾਂ ਸਾਹਮਣੇ ਲਿਆ ਕੇ ਉਪਕਾਰ ਖੱਟਿਆ ਹੈ। ਕਿੱਥੇ ਤਾਂ ਗੁਰੂ ਦੇ ਸਿਖ ਬਾਣੀ ਦੇ ਆਸਰੇ ਨਾਲ "ਨਿਹੱਤੇ ਪੰਜ ਜਵਾਨ ਮੈ, ਗੁਰ ਥਾਪੀ ਦਿੱਤੀ ਕੰਡ ਜੀਉ" ਦੇ ਭਾਗੀਦਾਰ ਬਣਦੇ ਸਨ ਤੇ ਕਿੱਥੇ ਹੁਣ ਵਿਸ਼ਵੀਕਰਨ ਦੀ ਛੂਤ ਦੀ ਬੀਮਾਰੀ ਵਿਚ ਗੁੱਸੇ ਹਰ ਪੱਖ ਤੋਂ ਬਦਨਾਮੀ ਖੱਟ ਰਹੇ ਸਨ। ਲਾਇਲਪੁਰ ਮੇਰੇ ਤਾਏ ਦੇ ਪੁੱਤ ਭਰਾ ਦੇ ਸਹੁਰੇ ਘਰ ਬੈਠਿਆ ਇਕ ਸਾਧਾਰਨ ਸਿੱਖ ਬੜੇ ਹੌਸਲੇ ਨਾਲ ਪਰ੍ਹੇ ਵਿਚ ਆਣ ਬੈਠਾ ਤੇ ਇਕ ਡੱਬੀ ਖੋਲ੍ਹ ਕੇ ਦਿਖਾਉਂਦਾ ਬੋਲਿਆ-ਇਹ ਦਾੜ੍ਹੇ ਦਾ ਵਾਲ ਕਚਹਿਰੀਉਂ ਕਢਵਾ ਕੇ ਲਿਆਇਆ ਹਾਂ, ਜਾਮਨ ਰੱਖਿਆ ਹਾਈ, ਉਗਾਹੀ ਵਿਚ। ਮੁਕਦਮਾ ਨਿਬੜ ਗਿਆ ਮੇਰੀ ਉਗਾਹੀ ਵਾਲੇ ਦੇ ਹੱਕ ਵਿਚ ਤੇ ਮੈਂ ਆਖਿਆ ਮੇਰੇ ਜਾਮਨ ਵਾਪਸ ਕਰ ਦਿਉ ਤੇ ਇਹ ਡੱਬੀ ਵਿਚ ਰਖਿਆ ਵਾਲ ਮੁਨਸਫ਼ ਨੇ ਮੈਨੂੰ ਮੁੜਵਾ ਦਿੱਤਾ। ਇਹ ਮੇਰੇ ਕਲਗ਼ੀ ਵਾਲੇ ਦੀ ਦਾਤ ਹੈ।" ਪਰ ਅੱਜ 65% ਤੋਂ ਵਧ ਯੁਵਕ ਤੇ ਅਧਖੜ ਉਮਰ ਦੇ ਮਰਦ ਨਾਈਆਂ ਦੀ ਦੁਕਾਨ ਤੇ ਦਾੜ੍ਹੀਆਂ Set ਕਰਵਾਉਂਦੇ ਵੇਖੇ ਗਏ ਹਨ। ਇਸੇ ਪ੍ਰਸੰਗ ਵਿਚ ਹੀ ਹਾਕੀ ਉਲੰਪੀਅਨ ਨਾਮਧਾਰੀ ਸਰਦਾਰਾ ਸਿੰਘ ਦੀ ਕਪਤਾਨੀ ਦੇ ਗਰਵ ਵਾਲੀ ਗੱਲ ਨੂੰ ਲੈ ਕੇ ਪ੍ਰਸੰਨਤਾ ਹੋਈ ਹੈ।

ਡਾ. ਹਰਸ਼ਿੰਦਰ ਕੌਰ ਹੋਰਾਂ ਦੀ ਲਿਖਤ "ਉਹ ਔਖੀ ਘੜੀ" ਸਚਮੁਚ ਉਸ ਅਖੌਤੀ ਕਵੀ ਦੀ ਉਜੱਡਤਾ ਦਾ ਪ੍ਰਗਟਾਵਾ ਕਰਦੀ ਹੈ ਜੋ ਲਗਾਤਾਰ ਪ੍ਰੇਸ਼ਾਨੀ ਦਾ ਕਾਰਨ ਵੀ ਬਣਿਆ ਤੇ ਮੰਦ ਸ਼ਬਦਾਵਲੀ ਵੀ ਵਰਤੀ। ਉਸ ਦੀਆਂ "ਕਾਵਿ ਸਤਰਾਂ?" ਪੜ੍ਹ ਕੇ ਤਾਂ ਇਉਂ ਲੱਗਿਆ ਹੈ ਜਿਵੇਂ ਕਵਿਤਾ ਉਸ ਦੇ ਸਿਰ ਨੂੰ ਚੜ੍ਹੀ ਹੋਵੇ। ਕੀ ਉਹ ਕਵਿਤਾ ਹੈ? ਅਤੇ ਜਿਨ੍ਹਾਂ ਦੀਆਂ ਰਚਨਾਵਾਂ ਪੱਤ੍ਰਕਾਵਾਂ ਵਿਚ ਮੋਬਾਇਲ-ਨੰਬਰਾਂ ਨਾਲ ਛੱਪਦੀਆਂ ਹਨ ਉਨ੍ਹਾਂ ਨੂੰ ਪ੍ਰੇਸ਼ਾਨ ਕਰਨਾ ਹਰ ਪਾਠਕ ਦਾ ਅਧਿਕਾਰ ਬਣ ਜਾਂਦਾ ਹੈ? ਸਾਨੂੰ ਸਭ ਨੂੰ ਇਸ ਪੱਖ 'ਤੇ ਸੋਚਣਾ ਚਾਹੀਦਾ ਹੈ।

"ਨਵੇਂ ਵਰ੍ਹੇ ਦੀ ਪਹਿਲੀ ਕਿਰਨੋਂ" ਕਵਿਤਾ ਭੇਜ ਰਿਹਾ ਹਾਂ ਜੀ। ਆਪ ਜੀ ਵਲੋਂ ਕੀਤੀ ਜਾਂਦੀ ਘਾਲਣਾ ਤੇ ਪਾਠਕਾਂ ਪ੍ਰਤੀ ਮੋਹ ਭਰੇ ਵਿਹਾਰ ਲਈ ਧੰਨਵਾਦ।

*—ਕਰਤਾਰ ਸਿੰਘ ਕਾਲੜਾ (ਨਾਭਾ)*

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਵਿਛੋੜੇ ਦਾ ਤੂਫਾਨ ਕੁਝ ਚਿਰ ਲਈ ਮਨ ਨੂੰ ਝਕਝੋਰ ਗਿਆ ਤੇ ਮਨ ਦੇਰ ਤੱਕ ਉਸ ਰੁੱਖ ਵਾਂਗ ਕੰਬਦਾ ਡੋਲਦਾ ਰਿਹਾ ਜਿਸ ਵਿਚੋਂ ਹੁਣੇ ਹੁਣੇ ਤੂਫਾਨ ਗੁਜ਼ਰਿਆ ਹੋਵੇ।

ਕਲਮ ਚੁੱਕੀ, ਪਰ ਲਿਖਣ ਤੋਂ ਇਨਕਾਰੀ ਹੋ ਬੈਠੀ। ਸਿਆਹੀ ਦੀ ਥਾਂ ਹੰਝੂ ਕੇਰਦੀ ਰਹੀ। ਮਨ ਵਿਚ ਇਕ ਫਿਲਮ ਬੜੀ ਤੀਬਰਤਾ ਨਾਲ ਫਿਰ ਵੀ ਚਲਦੀ ਰਹੀ। ਜਿਸ ਉਤੇ ਉਸ ਮਹਾਨ ਸਤਿਗੁਰੂ ਦੇ ਉਪਕਾਰਾਂ ਦੇ ਨਕਸ਼ੇ ਉਘੜ-ਉਘੜ ਕੇ ਸਾਹਮਣੇ ਆਉਂਦੇ ਰਹੇ। ਵੱਡੇ ਵੱਡੇ ਵਿਦਵਾਨਾਂ ਨੇ ਬਹੁਤ ਕੁਝ ਲਿਖਿਆ ਤੇ ਲਿਖਣਾ ਹੈ। ਮੇਰੀ ਔਕਾਤ ਉਹਨਾਂ ਦੇ ਸਾਹਮਣੇ ਬਹੁਤ ਛੋਟੀ ਹੈ। ਕਿਥੋਂ ਸ਼ੁਰੂ ਕਰਾਂ ਤੇ ਕੀ ਲਿਖਾਂ? ਪਰ ਫੇਰ ਵੀ ਆਪਣੇ ਰਹਿਬਰ ਨੂੰ ਸ਼ਰਧਾਂਜਲੀ ਅਰਪਿਤ ਕਰਨ ਤੋਂ ਵਾਂਝਾ ਰਹਿ ਜਾਵਾਂ ਤਾਂ ਉਮਰ ਭਰ ਆਪਣੇ ਆਪ ਨੂੰ ਮਾਫ਼ ਨਾ ਕਰ ਸਕਣੇ ਦੇ ਭਾਰ ਤੋਂ ਮੁਕਤ ਹੋਣ ਲਈ ਕੁਝ ਟੁੱਟੇ ਫੁੱਟੇ ਲਫ਼ਜ਼ ਭੇਟ ਕਰ ਰਿਹਾ ਹਾਂ।

ਕਵਿਤਾਵਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਨੂੰ ਸਮਰਪਿਤ ਭੇਜ ਰਿਹਾ ਹਾਂ। ਏਨਾਂ ਹੀ ਕਬੂਲ ਕਰ ਲੈਣਾ। ਜ਼ਿਆਦਾ ਵਰਕੇ ਭਰ ਕੇ ਵਰਿਆਮ ਦੇ ਪੰਨਿਆਂ ਵਿਚ ਕਿਸੇ ਹੋਰ ਨੂੰ ਸ਼ਾਮਲ ਹੋਣ ਤੋਂ ਵਾਂਝਾ ਕਰਦਿਆਂ ਜਾਂ ਆਪ ਵਾਂਝਾ ਰਹਿ ਜਾਵਾਂ। ਇਹ ਵੀ ਦਰੁਸਤ ਨਹੀਂ ਹੋਵੇਗਾ ਕਿਉਂਕਿ ਮੇਰੇ ਵਰਗੇ ਹੋਰ ਵੀ ਸੈਂਕੜੇ ਹਜ਼ਾਰਾਂ ਮਨਾਂ ਦੀਆਂ ਭਾਵਨਾਵਾਂ ਵੀ ਵਰਿਆਮ ਜਾਂ ਸਤਿਜੁਗ ਰਾਹੀਂ ਸੰਵੇਦਨਾ ਦਾ ਬਾਣਾ ਪਹਿਨ ਕੇ ਆਪਣੇ ਵਿਛੜੇ ਪ੍ਰੀਤਮ ਨੂੰ ਸ਼ਰਧਾ ਸੁਮਨ ਭੇਟ ਕਰਨ ਲਈ ਉਤਾਵਲੀਆਂ ਹੋਣਗੀਆਂ। ਆਸ ਕਰਦਾ ਹਾਂ ਕਿ ਮੇਰੀ ਹਾਜ਼ਰੀ ਜ਼ਰੂਰ ਲਵਾਂ ਦਿਓਗੇ।

ਤੇ ਨਵੇਂ ਉਦੇ ਹੋਏ ਚੰਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਚੜ੍ਹਦੀ ਕਲਾ ਲਈ ਅਰਦਾਸ ਪ੍ਰਵਾਨ ਹੋਵੇਗੀ। ਆਸ ਹੈ ਕਿ ਉਹ ਵੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵਾਂਗ ਸਾਡੇ ਤੇ ਹਮੇਸ਼ਾਂ ਮਿਹਰਾਂ ਦੀ ਵਰਖਾ ਕਰਦੇ ਰਹਿਣਗੇ। ਸਾਡੇ ਅਉਗੁਣਾਂ ਨੂੰ ਨਾ ਚਿਤਾਰਦੇ ਹੋਏ। ਰਹਿਮਤਾਂ ਦੇ ਖਜ਼ਾਨੇ ਨਾਲ ਝੋਲੀਆਂ ਭਰਪੂਰ ਕਰਦੇ ਰਹਿਣਗੇ। ਮਨ ਵਿਚ ਤਾਂ ਬਹੁਤ ਭਾਵ ਉਮਡ ਰਹੇ ਹਨ। ਉਹਨਾਂ ਨਾਲ ਉਹਨਾਂ ਦੇ ਸਹਿਪਾਠੀ ਹੋਣ ਦੇ ਨਾਤੇ ਬਚਪਨ ਦੀਆਂ ਯਾਦਾਂ ਮਨ ਦੇ ਪਟ ਉਤੇ ਤਾਜ਼ਾ ਹੋ ਆਈਆਂ ਹਨ। ਜੋ ਕਿਸੇ ਹੋਰ ਅੰਕ ਵਿਚ ਸਹੀ। ਅਜੇ ਏਨ ਹੀ ਕਬੂਲ ਕਰੋ। ਧੰਨਵਾਦ।

*—ਲਖਵਿੰਦਰ ਸਿੰਘ ਬਾਜਵਾ*
*ਜਗਜੀਤ ਨਗਰ (ਹਰੀਪੁਰਾ), ਸਿਰਸਾ*
*ਮੋਬ-੦੯੪੧੬੭-੩੪੦੦੬*

੩੯ਵੇਂ ਸਾਲ ਦਾ ਪਰਚਾ ਦਸੰਬਰ ਦਾ ਵੇਖ ਕੇ ਬਹੁਤ ਖੁਸ਼ੀ ਹੋਈ ਕਿ ਆਪ ਜੀ ਨੂੰ ਸ਼੍ਰੋਮਣੀ ਪੰਜਾਬੀ ਸਾਹਿਤਕ ਪੱਤਰਕਾਰ ਦਾ ਪੁਰਸਕਾਰ ਮਿਲਿਆ, ਜਿਸ ਦੇ ਆਪ ਪੂਰੇ ਹੱਕਦਾਰ ਵੀ ਹੋ। ਆਪ ਜੀ ਤੇ ਸਾਰੇ ਨਾਮਧਾਰੀ ਪੰਥ ਨੂੰ ਵੀ ਮਾਣ ਹੈ। ਵਧਾਈ ਸਵੀਕਾਰ ਕਰਨੀ ਜੀ। ਇਸਦੇ ਨਾਲ ਨਾਲ ਬਲਦੇਵ ਰਾਜ ਮਾਧੋਪੁਰੀ ਨੂੰ ਵੀ ਵਧਾਈ ਹੈ ਜੋ ਕਿ ਆਪ ਜੀ ਦੇ ਸਹਾਇਕ ਹਨ। ਆਸ ਕਰਦੇ ਹਾਂ ਕਿ ਆਪ ਸਦਾ ਚੜ੍ਹਦੀ ਕਲਾ 'ਚ ਰਹੋ ਤੇ ਹੋਰ ਵੀ ਇਸ ਤਰ੍ਹਾਂ ਦੀਆਂ ਮੰਜ਼ਲਾਂ ਅਬੂਰ ਕਰੋ।

*—ਕਰਨੈਲ ਸਿੰਘ ਅਸਪਾਲ*
*ਪਿੰਡ ਤੇ ਡਾਕ ਕਰੀਵਾਲਾ*
*ਜ਼ਿਲ੍ਹਾ ਸਿਰਸਾ (ਹਰਿਆਣਾ) ਮੋ-੦੯੪੧੬੭-੨੭੮੧੦*

ਤੁਹਾਨੂੰ ਭਾਸ਼ਾ ਵਿਭਾਗ ਪੰਜਾਬ ਵੱਲੋਂ ਮਿਲੇ ਸਨਮਾਨ ਦੀ ਵਧਾਈ ਤਾਂ ਫੋਨ ਤੇ ਦੇ ਦਿੱਤੀ ਸੀ। ਹੁਣ 'ਵਰਿਆਮ' ਤੇ ਟਾਈਟਲ ਤੇ ਇਨਾਮ ਲੈਂਦਿਆਂ ਦੀ ਤਸਵੀਰ ਛਪੀ ਵੇਖ ਕੇ ਮਨ ਗਦ-ਗਦ ਹੋ ਗਿਆ ਹੈ। ਨਵਾਂ ਵਰ੍ਹਾ ਆਪ ਲਈ ਸਿਹਤਯਾਬੀ, ਕਾਮਯਾਬੀ ਤੇ ਚੜ੍ਹਦੀ ਕਲਾ ਲੈ ਕੇ ਹਾਜ਼ਰ ਹੋਵੇ ਤੇ ਆਪ ਨਿਰੰਤਰ ਸ਼ਬਦ ਯੱਗ ਵਿਚ ਹਿੱਸਾ ਪਾ ਕੇ ਪਾਠਕਾਂ ਦੀ ਰਹਿਨੁਮਾਈ ਕਰਦੇ ਰਹੋ।

*ਪ੍ਰੋ. ਜਸਵੰਤ ਸਿੰਘ ਕੈਲਵੀ, ਮੋਬ-੦੧੬੩੨-੨੨੦੧੩੨*



Namdhari Elibrary NamdhariElibrary@gmail.com

੧ਓ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਨਵੇਂ ਨਵੇਂ ਵੰਨ-ਸੁਵੰਨੇ ਡਿਜ਼ਾਇਨਾਂ ਵਿਚ ਤਿਆਰ ਕੀਤੇ ਹੋਏ

**ਚਮਕਦਾਰ ਅਤੇ ਪੱਕੇ ਰੰਗਾਂ ਵਾਲੇ**

## ਫ਼ਰਸ਼ੀ ਦਰੀਆਂ ਅਤੇ ਗ਼ਲੀਚੇ

ਨਿਰਮਾਤਾ :

# ਨਾਮਧਾਰੀ ਸੇਲਜ਼

੧੦੨੪੦/੫੪ ਲਾਇਬ੍ਰੇਰੀ ਰੋਡ, ਆਜ਼ਾਦ ਮਾਰਕੀਟ, ਦਿੱਲੀ-੧੧੦੦੦੬

**Furshi Durries & Carpets**

in Bright & Fast Colours

**Manufacturers :**

# Namdhari Sales

**10240/54 Library Road, Azad Market, Delhi-110005**

**Phone Office : 011-23516689, 911-23614784**

**Mobile Phone :** S. Charanjit Singh 98105-56398
S. Satvinder Singh 98116-55210







BBL FOODS PVT. LTD.

## India's Larget Second Hand Food Machines Dealer Cum Rebuilder

**750kgs Potato Chips Line**




**List of the projects, consultation and machines:**

1. Biscuits-Soft Dough, Hard Dough, Crackers
2. Cookies- Wire Cut, Depositer.
3. Bread, Cakes and Bakery Products
4. Wafers - Flat, Round, Enrobed, Moulded
5. Wafers - Round Sticks, Pillows, Flat Sticks.
6. Ice Cream Cones - Moulded or Rolled Sugar Cone.
7. Chocolates- Moulded, Enrobed, Panned, Drops.
8. Potato Chips
9. Extruded- Kurkure, Cheetos.
10. Toast- Bread Toast, Mini Toast.
11. Vermicilli., 12. Water Filling., 13. Paper Cups.
14. Chocolate/Jelly Filling Lines for Small Cups.
15. Namkeens.

*We arrange complete machines, manpower and training receipes with formulation*



## BBL FOODS (P) LTD.

*SANTOSH NAGAR X ROADS, HYDERABAD- 5000059, INDIA*
*Tel : +91 40 24530680, Mobile : 91 98480-50607/ +91 98483 99702*
*e-mail: lakbir.mutchall@gmail.com*
*www.bblfoods.com www.mutchall.com*







BBL FOODS PVT. LTD.

## India's Larget Second Hand Food Machines Dealer Cum Rebuilder

**750kgs Potato Chips Line**

**Biscuit Plant & Equipment**

1. Biscuits-Soft Dough, Hard Dough, Crackers
2. Cookies- Wire Cut, Depositer.
3. Bread, Cakes and Bakery Products
4. Wafers - Flat, Round, Enrobed, Moulded
5. Wafers - Round Sticks, Pillows, Flat Sticks.
6. Ice Cream Cones - Moulded or Rolled Sugar Cone.
7. Chocolates- Moulded, Enrobed, Panned, Drops.
8. Potato Chips
9. Extruded- Kurkure, Cheetos.
10. Toast- Bread Toast, Mini Toast.
11 Vermicilli., 12. Water Filling., 13. Paper Cups.
14. Chocolate/Jelly Filling Lines for Small Cups.
15. Namkeens.

*We arrange complete machines, manpower and training receipes with formulation*

## BBL FOODS (P) LTD.

*SANTOSH NAGAR X ROADS, HYDERABAD- 5000059, INDIA*
*Tel : +91 40 24530680, Mobile : 91 98480-50607/ +91 98483 99702*
*e-mail: lakbir.mutchall@gmail.com*
*www.bblfoods.com www.mutchall.com*



Namdhari Elibrary NamdhariElibrary@gmail.com

Gram : 'Sniper'

Hello : 431367

Reputed Manufacturers of :

Superior Quality

SINGLE BARREL

&

DOUBLE BARREL

B.L.–12 Bore

GUNS

MODERN GUN WORKS

OPP. INDUSTRIAL ESTATE,

JAMMU CANTT.



Namdhari Elibrary NamdhariElibrary@gmail.com



ਜਲੰਧਰ ਵਿਚ ਜਗਤ ਮਾਤਾ ਪੂਜਯ ਚੰਦ ਕੌਰ ਜੀ ਅਤੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਆਪਣੇ
ਪ੍ਰਥਮ ਦੌਰੇ ਸਮੇਂ ਦਰਸ਼ਨ ਦੇ ਰਹੇ ੧੫ ਜਨਵਰੀ ੨੦੧੩



ਸ੍ਰੀ ਬਾਬਾ ਹਰਵਲਭ ਸੰਗੀਤ ਸੰਮੇਲਨ ਜਲੰਧਰ ਵਿਚ ਸ੍ਰੀ ਸਤਿਗੁਰੂ ਜੀ ਵਲੋਂ ਆਸ਼ੀਰਵਾਦ ਸੰਦੇਸ਼ ਦਿੰਦੇ ਹੋਏ ਸ. ਜਗਦੀਸ਼ ਸਿੰਘ ਵਰਿਆਮ।
ਨਾਲ ਖੜੇ ਹਨ ਕਲਾਕਾਰ ਸੁਖਦੇਵ ਸਿੰਘ ਨਾਮਧਾਰੀ, ਜਤਿੰਦਰਪਾਲ ਸਿੰਘ ਚਿੰਕਾ। ਹਰਵਲਭ ਸੰਗੀਤ ਮਹਾਂ ਸਭਾ ਦੇ ਅਹੁਦੇਦਾਰ
ਮੈਡਮ ਪੂਰਨਿਮਾ ਬੇਰੀ ਜਨਰਲ ਸਕੱਤਰ, ਸ੍ਰੀ ਰਾਕੇਸ਼ ਦਾਦਾ ਖਜ਼ਾਨਚੀ, ਸ.ਸ. ਅਜੀਮਲ ਡਾਇਰੈਕਟਰ ਅਤੇ ਸ੍ਰੀ ਅਰੁਣ ਕਪੂਰ
ਮੀਤ ਪ੍ਰਧਾਨ ਨਾਲ ਖੜੇ ਹਨ।

Namdhari Elibrary NamdhariElibrary@gmail.com

P.O. Regd. No. PB/JL-016/2012-2014 **WARIAM** Ladowali Road, Jalandhar -144001
Regd. RNI No. 26453/75
**February 2013**



੨-੩ ਜੂਨ ੧੮੬੩ ਨੂੰ ਸਤਿਗੁਰੂ ਰਾਮ ਸਿੰਘ ਜੀ ਵੱਲੋਂ ਸਾਦਾ, ਸਸਤੇ ਅਤੇ ਸਾਮੂਹਿਕ ਅਨੰਦ ਕਾਰਜ ਆਰੰਭ ਕਰਨ ਦਾ ਦ੍ਰਿਸ਼।



ਮਾਘੀ ਪੁਰਬ ਤੇ ਸ੍ਰੀ ਮੁਕਤਸਰ ਸਾਹਿਬ ਦੇ ਇਤਿਹਾਸਕ ਗੁਰਦੁਆਰਾ ਸਾਹਿਬ ਦੀ ਯਾਤਰਾ ਤੇ ਗਏ ਸਤਿਗੁਰੂ ਉਦੇ ਸਿੰਘ ਜੀ ਨਾਮਧਾਰੀ ਸੰਗਤ ਨਾਲ

ਐਡੀਟਰ, ਪ੍ਰਿੰਟਰ ਪਬਲਿਸ਼ਰ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਪ੍ਰਕਾਸ਼ਿਤ ਕੀਤਾ।
ਫੋਨ : 0181-2222543, ਰਿਹਾਇਸ਼ : 0181-2456289

Namdhari Elibrary NamdhariElibrary@gmail.com